# ਵਰਿਆਮ

ਸਾਲ ਚੌਵੀਵਾਂ
ਜਨਵਰੀ ੧੯੯੯



## ਸ਼ਹੀਦ ਕਾਕਾ ਬਿਸ਼ਨ ਸਿੰਘ

ਸ਼ਹੀਦੀ ੧੭ ਜਨਵਰੀ ੧੮੭੨

Sri Satguru Jagjit Singh Ji eLibrary NamdhariElibrary@gmail.com

https://archive.org/details/namdhari







NS

# NAMDHARI SEEDS

ਤੁਹਾਡੀ ਖੁਸ਼ਹਾਲੀ ਦਾ ਰਾਜ਼

## "ਨਾਮਧਾਰੀ ਸੀਡਜ਼"

ਦੇ ਉੱਤਮ ਹਾਈਬਰੀਡ ਬੀਜ ਹਮੇਸ਼ਾ ਵਰਤੋ

ਟਮਾਟਰ : N.S. 815, ਉਤਸਵ ਅਤੇ ਅਮੋਘ

ਫੁਲ ਗੋਭੀ : N.S. 60, N.S. 84 ਅਤੇ N.S. 90

ਭਿੰਡੀ : ਅਰਕਾ ਅਨਾਮਿਕਾ

ਤਰਬੂਜ਼ : N.S. 295 (ਸਮਰ ਸਵੀਟ) N.S. 246 ਅਤੇ N.S. 2332

ਖਰਬੂਜਾ : N.S. 7455 ਅਤੇ ਅਭਿਜੀਤ

ਲੌਕੀ (ਘੀਆ) : ਕਾਵੇਰੀ

ਤੋਰਈ : ਸੰਜੀਵਨੀ ਅਤੇ ਹੋਰ ਬਹੁਤ ਕੁਝ

**ਵਧੇਰੇ ਜਾਣਕਾਰੀ ਵਾਸਤੇ ਸੰਪਰਕ ਕਰੋ**

*ਰੀਜਨਲ ਆਫਿਸ :-*

**ਨਾਮਧਾਰੀ ਸੀਡਜ਼ ਪ੍ਰਾ : ਲਿ :**

104, ਸਾਵਿਤਰੀ ਕੰਪਲੈਕਸ,
ਢੋਲੇਵਾਲ ਚੌਂਕ, ਲੁਧਿਆਣਾ-141 003.
ਫੋਨ : 0161-531439, 543499 ਘਰ : 0161-833109

*Head Office :*

**NAMDHARI SEEDS PVT. LTD.**

Bidadi-Bangalore (India) 562109
Tel : 080-2210987, 08113-82401
Fax : 080-2276880

https://archive.org/details/namdhari



ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

✆ 61040
Code : 01824

For Fitting Diesel Engines in Foreign
&
INDIAN CAR BODIES




*Specialists in :*

Mercedes Benz Car Repairing

AMARJIT MOTOR GARAGE

G.T. Road, Opp. Jalandhar Octroi Post,
PHAGWARA

Sri Satguru Jagjit Singh Ji eLibrary NamdhariElibrary@gmail.com

Our Motto : Best Quality of the Day

High Class Gun Manufacturers

Single & Double Barrels



12-Bore GUNS

Free India Gun Manufacturers

Prop. S. KARTAR SINGH (Jammu-Wale)

6, Industrial Estate, Ashok Nagar,
JAMMU CANTT-3
Ph. : 433810

Sister Concern :

M/S. KARTAR SINGH
ARMS & AMMUNITION DEALERS

https://archive.org/details/namdhari




PARTNER®

Cardigans Pullovers

*Ante-date Knitters*

A Quality Product of

**UDEY KNITWEARS**

Manufacturers & Exporters

A GOVT. RECOGNISED EXPORT HOUSE

Street No. 3, Jammu Colony, Opp. Atam Park,
LUDHIANA.
Phones : 424438, 423685, 494841
Fax No. : 91-161-494131


Sri Satguru Jagjit Singh Ji eLibrary NamdhariElibrary@gmail.com

https://archive.org/details/namdhari

ਵਰਿਆਮ

ਜਨਵਰੀ ੧੯੯੯ ਜਿਲਦ--੨੪ ਅੰਕ—੩

ਤਤਕਰਾ


| | | |
|---|---|---|
| ਸੰਪਾਦਕੀ | | ੩ |
| ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼ | | ੫ |
| ਸ਼ਹੀਦ ਬਿਸ਼ਨ ਸਿੰਘ | —ਜਗਦੀਸ਼ ਸਿੰਘ | ੭ |
| ਸ਼ਹੀਦਾਂ ਦਾ ਪਿੰਡ ਰੜ | —ਜਗਦੀਸ਼ ਸਿੰਘ | ੧੩ |
| ਪ੍ਰਦੇਸੀ ਪੰਜਾਬ | —ਵਰਿਆਮ ਸਿੰਘ ਸੰਧੂ | ੧੭ |
| ਦੋ ਕਵਿਤਾਵਾਂ | —ਸ਼ਿਵ ਨਾਥ | ੨੩ |
| ਤਿੰਨ ਕਾਵਿ-ਰਚਨਾਵਾਂ | —ਲਖਵਿੰਦਰ ਬਾਜਵਾ | ੨੪ |
| ਦੋ ਗ਼ਜ਼ਲਾਂ | —ਇੰਦਰਜੀਤ ਹਸਨਪੁਰੀ | ੨੫ |
| ਗੰਗਾ ਪੁੱਤਰ (ਕਵਿਤਾ) | —ਨਿਮਾਣਾ ਬੰਧਨ ਮੁਕਤ | ੨੬ |
| ਚਾਰ ਹਿੰਦੀ ਕਵਿਤਾਵਾਂ | —ਰਾਜ ਹੀਰਾਮਨ | ੨੭ |
| ਕੁਝ ਵਿਕੋਲਿਤ੍ਰੀਆਂ | —ਸੰਤੋਖ ਸਿੰਘ ਧੀਰ | ੨੯ |
| ਓਅੰਕਾਰ ਦਾ ਸਿੱਖਿਆ ਸਿਧਾਂਤ | —ਤਾਰਾ ਸਿੰਘ ਅਨਜਾਣ | ੩੫ |
| ਅਫ਼ਰੀਕਾ ਦੀ ਹਿੰਦੂ ਕਾਨਫਰੰਸ | —ਜਗਦੀਸ਼ ਸਿੰਘ | ੩੨ |
| ਅਨਮੋਲ ਕਥਨ | | ੪੯ |
| ਟੁਟਨਖਾਮਨ ਦਾ ਸਰਾਪ | —ਹਰਜਿੰਦਰ ਸਿੰਘ ਕੰਵਲ | ੫੦ |
| ਖ਼ਬਰਨਾਮਾ | | ੫੧ |


### ਮੁੱਖ ਪੰਨੇ ਦਾ ਚਿੱਤਰ

ਸੁਖਵੰਤ ਸਿੰਘ ਦਾ ਬਣਿਆ ਇਹ ਚਿੱਤਰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਚ ਸੁਸ਼ੋਭਤ ਹੈ।

### ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰਬਰ ੩-੧-੭੭ ਐਡੀਟਰਜ਼, ਮਿਤੀ ੨-੩-੭ ਰਾਹੀਂ ਪੰਜਾਬ ਭਰ ਦੇ ਸਕੂਲਾਂ, ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

### ਵਰਿਆਮ ਦੇ ਦਰ


| | |
|---|---|
| ਇਹ ਅੰਕ | ੧੦.੦੦ ਰੁਪੈ |
| ਸਾਲਾਨਾ ਚੰਦਾ | ੧੦੦.੦੦ ,, |
| ਤਿੰਨ ਸਾਲ ਵਾਸਤੇ | ੨੫੦.੦੦ ,, |
| ਪੰਜ ਸਾਲ ਵਾਸਤੇ | ੪੦੦.੦੦ ,, |
| ਜੀਵਨ ਮੈਂਬਰ | ੮੦੦.੦੦ ,, |
| ਵਿਦੇਸ਼ ਹਵਾਈ ਡਾਕ (ਇਕ ਸਾਲ) | ੨੦ ਪੌਂਡ |

ਦਫਤਰ ਦਾ ਪਤਾ :
ਮਾਸਕ ਵਰਿਆਮ
ਲਾਡੋਵਾਲੀ ਰੋਡ
ਸਾਮ੍ਹਣੇ ਸੈਂਟਰਲ ਟਾਊਨ
ਜਲੰਧਰ ੧੪੪੦੦੧

Office Address :
Monthly WARIAM
(Punjabi)
Ladowali Road,
Opp. Central Town,
Jalandhar-144001

ਫੋਨ—ਦਫਤਰ : ੨੨੨੫੪੩ Ph. 222543 (O)
ਘਰ : ੫੬੨੮੯ 56289 (R)



੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

SAGGU

**IRON INDUSTRIES**

ਸੱਗੂ ਆਇਰਨ ਇੰਡਸਟਰੀਜ਼

Sugar Mill Spares, Paper & Boards Mill Spares, Textile Mill Spares, Distillery Spares & Solvent Plant Spares
All Type of Gear & Chain Sprockets & Industrial Chain

Partner : S. Puran Singh Saggu
S. Narinder Singh Saggu

Old Railway Road, JALANDHAR

Phone : 58795, 59056
Mobile Phone 9814028099




Sri Satguru Jagjit Singh Ji eLibrary NamdhariElibrary@gmail.com

ਸੰਪਾਦਕੀ ਨੋਟ

# ਲਾਸਾਨੀ ਕੁਰਬਾਨੀ ਦੇ ਦਿਨ

ਜਨਵਰੀ ਦਾ ਮਹੀਨਾ ਨਾਮਧਾਰੀ ਇਤਿਹਾਸ ਦੀਆਂ ਅਭੁੱਲ ਘਟਨਾਵਾਂ ਨਾਲ ਭਰਪੂਰ ਹੈ। ੧੨ ਜਨਵਰੀ ਮਾਘੀ ਤੋਂ ਲੈ ਕੇ ੧੯ ਜਨਵਰੀ ਤਕ ਤਾਂ ਇਹਨਾਂ ਘਟਨਾਵਾਂ ਦਾ ਸਿਖਰ ਰਿਹਾ। ਮਾਘੀ ਨੂੰ ਸ੍ਰੀ ਭੈਣੀ ਸਾਹਿਬ ਵਿਚ ਇਕੱਠ ਹੋਇਆ, ਜਿਥੇ ਮਾਲੇਰਕੋਟਲੇ ਰਿਆਸਤ ਤੇ ਹਮਲਾ ਕਰਨ ਦਾ ਕੁਝ ਮਸਤਾਨਿਆਂ ਨੇ ਨਿਰਣਾ ਲਿਆ ਅਤੇ ੧੭-੧੮ ਜਨਵਰੀ ਨੂੰ ਮਾਲੇਰਕੋਟਲੇ ਵਿਚ ਨਾਮਧਾਰੀਆਂ ਨੂੰ ਤੋਪਾਂ ਨਾਲ ਉਡਾਇਆ ਗਿਆ। ਇਸਦੇ ਵਿਚਲੇ ਦਿਨ ਬਹੁਤ ਅਹਿਮ ਰਹੇ। ਅਹਿਮ ਵਿਚਾਰਾਂ ਅਤੇ ਫੈਸਲਿਆਂ ਦੇ ਦਿਨ ਇਹ ਇਕ ਲੰਬੀ ਕਹਾਣੀ ਹੈ, ਜੋ ਕਈ ਵਾਰ ਅਸੀਂ ਪੜ੍ਹੀ ਹੈ ਲਿਖੀ ਹੈ ਅਤੇ ਇਸਦੇ ਨਵੇਂ ਤੋਂ ਨਵੇਂ ਦਿਸਹੱਦੇ ਨਜ਼ਰੀਂ ਪਏ ਹਨ। ਇਤਿਹਾਸਕਾਰ ਅਤੇ ਇਤਿਹਾਸ-ਪ੍ਰੇਮੀ ਇਹਨਾਂ ਦਿਨਾਂ ਦੀਆਂ ਘਟਨਾਵਾਂ ਨੂੰ ਮੁੜ ਰਿੜਕਣਗ ਅਤ ਸਿੱਟੇ ਕੱਢਦੇ ਰਹਿਣਗੇ। ਪਰ ਇਸ ਗੱਲ ਤੋਂ ਕੋਈ ਇਨਕਾਰੀ ਨਹੀਂ ਹੋ ਸਕੇਗਾ ਕਿ ਇਹ ਲਾਸਾਨੀ ਕੁਰਬਾਨੀ ਵਾਲੇ ਦਿਨ ਸਨ ਅਤੇ ਇਹਨਾਂ ਦਿਨਾਂ ਦਾ ਭਾਰਤ ਦੀ ਆਜ਼ਾਦੀ ਦੀ ਲੜਾਈ ਵਿਚ ਅਹਿਮ ਸਥਾਨ ਹੈ।

੧੭ ਅਤੇ ੧੮ ਜਨਵਰੀ ਸੰਨ ੧੮੭੨ ਦੀ ਦਰਮਿਆਨੀ ਰਾਤ ਨੂੰ ਜਦੋਂ ਮਾਲੇਰਕੋਟਲਾ ਵਿਚ ਅਜੇ ਸ਼ਹਾਦਤਾਂ ਦੀ ਲੜੀ ਸੰਪੂਰਨ ਵੀ ਨਹੀਂ ਸੀ ਹੋਈ ਤਾਂ ਨਾਮਧਾਰੀ ਲਹਿਰ ਦੇ ਜਨਮ-ਦਾਤੇ ਅਤੇ ਸੂਤਰਧਾਰ ਸਤਿਗੁਰੂ ਰਾਮ ਸਿੰਘ ਜੀ ਨੂੰ ਫ਼ੌਰੀ ਤੌਰ ਤੇ ਬਗੈਰ ਮੁਕੱਦਮਾ ਚਲਾਇਆਂ, ਬਗੈਰ ਦੋਸ਼ ਸਾਬਤ ਕਰਦਿਆਂ ਪੰਜਾਬ ਤੋਂ ਬਾਹਰ ਭੇਜ ਦਿਤਾ—ਅਤੇ ਮੁੜ ਅੱਗੋਂ ਬਰ੍ਹਮਾ ਦੇਸ਼ ਵਿਚ ਨਿਵਾਸਤ ਕਰ ਦਿਤਾ। ਮਾਲੇਰਕੋਟਲੇ ਵਿਚ ਨਾਮਧਾਰੀਆਂ ਨੂੰ ਬਾਗੀਆਂ ਵਾਲੀ ਸਜ਼ਾ ਦਿਤੀ ਗਈ ਅਤੇ ਇਵੇਂ ਬਗ਼ਾਵਤ ਦਾ ਸਮਾਂ ਜਾਣ ਕੇ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨ ਕੀਤਾ ਗਿਆ। ਇਸ ਇਤਿਹਾਸ ਨੂੰ ਜਦੋਂ ਵੀ ਪੜ੍ਹੀਦਾ ਹੈ ਤਾਂ ਲੂੰ-ਕੰਡੇ ਖੜ੍ਹੇ ਹੋ ਜਾਂਦੇ ਹਨ। ਐਸੇ ਐਸੇ ਲੋਕ ਇਸੇ ਧਰਤੀ ਤੇ ਹੀ ਹੋਏ ਹਨ ਜੋ ਮੌਤ ਸਾਹਮਣੇ ਵੇਖ ਕੇ ਮਖੌਲ ਕਰਦੇ ਰਹੇ। ਨਾਮਧਾਰੀਆਂ ਦੇ ਨਿਆਣੇ ਵੀ ਮੌਤ ਤੋਂ ਨਹੀਂ ਡਰੇ ਅਤੇ ਨਾ ਹੀ ਔਰਤਾਂ। ਐਸਾ ਹੀ ਇਕ ਬਾਲਕ ਸੀ—ਬਿਸ਼ਨ ਸਿੰਘ, ਜਿਸ ਨੇ ਅੰਗਰੇਜ਼ ਡਿਪਟੀ ਕਮਿਸ਼ਨਰ ਕਾਵਨ ਦੀ ਦਾੜ੍ਹੀ ਫੜੀ ਸੀ। ਇਹ ਓਹ ਹੀ ਕਾਵਨ ਸੀ, ਜਿਸ ਦੇ ਹੁਕਮ ਨਾਲ ਹੀ ਸਿੰਘਾਂ ਨੂੰ ਤੋਪਾਂ ਨਾਲ ਉਡਾਇਆ ਗਿਆ ਸੀ। ਬਿਸ਼ਨ ਸਿੰਘ ਪ੍ਰਤੀਕ ਹੈ ਉਸ ਜੋਸ਼ ਦਾ ਉਸ ਵਿਦਰੋਹ ਦਾ, ਜੋ ਸਤਿਗੁਰੂ ਰਾਮ ਸਿੰਘ ਜੀ ਨੇ ਬੱਚਿਆਂ ਬਿਰਧਾਂ ਅਤੇ ਬੀਬੀਆਂ ਵਿਚ ਭਰ ਦਿਤਾ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਗੱਦੀ ਦੇ ਵਰਤਮਾਨ ਮਾਲਕ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਪੂਰਵਜ ਸਤਿਗੁਰੂ ਸਾਹਿਬਾਨ ਦੀ ਸਿਮ੍ਰਤੀ ਨੂੰ ਕਾਇਮ ਰੱਖਣ ਵਾਸਤੇ ਅਨੇਕਾਂ ਉਪਰਾਲੇ ਕੀਤੇ ਹਨ, ਚੇਅਰਾਂ ਸਥਾਪਤ ਕਰਵਾਈਆਂ, ਯਾਦਗਾਰਾਂ ਬਣਵਾਈਆਂ ਹਨ, ਸ਼ਹੀਦੀ ਸਮਾਰਕ ਉਸਾਰੇ ਹਨ ਅਤੇ ਮਾਲੇਰਕੋਟਲੇ ਦੀ ਕਤਲਗਾਹ ਦੇ ਅਸਥਾਨ ਤੇ ਸ਼ਾਨਦਾਰ ਸਮਾਰਕ ਸੰਪੂਰਨਤਾ ਦੇ ਲਾਗੇ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਜਲਾਵਤਨੀ ਦੇ ਸਮੇਂ ਬਰਮਾ ਦੇਸ਼ ਵਿਚ ਬਿਤਾਏ ਦਿਨਾਂ ਦੀਆਂ ਘਟਨਾਵਾਂ ਦੀ ਖੋਜ ਦੇ ਉਪਰਾਲੇ ਕੀਤੇ ਹਨ। ਸਤਿਗੁਰੂ ਰਾਮ ਸਿੰਘ ਜੀ ਦੇ ਜਨਮ-ਅਸਥਾਨ ਨੂੰ ਪ੍ਰਾਪਤ ਕਰਕੇ ਅਤੇ ਸਤਿਗੁਰੂ ਰਾਮ ਸਿੰਘ ਜੀ ਦੀ ਕਰਮ-ਭੂਮੀ ਸ੍ਰੀ ਭੈਣੀ ਸਾਹਿਬ ਨਾਲ ਸੰਬੰਧਤ ਸਭ ਇਤਿਹਾਸਕ ਥਾਵਾਂ ਦੀ ਸਾਂਭ-ਸੰਭਾਲ ਅਤੇ ਉਸਾਰੀ ਕੀਤੀ ਹੈ। ਉਹਨਾਂ ਦੇ ਦਰਸ਼ਨਾਂ ਨਮਿਤ ਵਰਨੀਆਂ ਅਤੇ ਪਾਠਾਂ ਦੀਆਂ ਲੜੀਆਂ ਆਯੋਜਤ ਰੱਖੀਆਂ ਹਨ। ਸਤਿਗੁਰੂ ਜਗਜੀਤ ਸਿੰਘ ਜੀ ਦੇ ਇਸ ਮਹਾਨ ਉਪਰਾਲੇ ਵਿਚ 'ਵਰਿਆਮ' ਆਪਣਾ ਨਿਗੂਣਾ ਯੋਗਦਾਨ ਹੀ ਪਾ ਰਿਹਾ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਹੀਦ ਬਿਸ਼ਨ ਸਿੰਘ ਦੀ ਯਾਦ ਵਿਚ ਭਾਰਤ ਦੀ ਰਾਜਧਾਨੀ ਦਿੱਲੀ ਵਿਚ ਇਕ ਸ਼ਾਨਦਾਰ ਸਕੂਲ ਸਥਾਪਤ ਕਰਕੇ ਸ਼ਹੀਦਾਂ ਦੇ ਨਾਮ ਨੂੰ ਸਦਾ ਲਈ ਉਜਾਗਰ ਕਰਨ ਅਤੇ ਖਾਸ ਕਰਕੇ ਓਸੇ ਉਮਰ ਦੇ ਬੱਚਿਆਂ ਵਿਚ ਉਸ ਦੀ ਘਾਲਣਾ ਦੀ ਭਾਵਨਾ ਨੂੰ ਵਿਕਸਤ ਕਰਨ ਦਾ ਮਹਾਨ ਉਪਰਾਲਾ ਕੀਤਾ ਹੈ।

'ਵਰਿਆਮ' ਨੇ ਵੀ ਪਹਿਲੀ ਵਾਰ ਆਪਣੇ ਮੁਖ ਪੰਨੇ 'ਤੇ ਸ਼ਹੀਦ ਬਿਸ਼ਨ ਸਿੰਘ ਦੀ ਰੰਗਦਾਰ ਤਸਵੀਰ ਲਾ ਕੇ ਅੰਦਰ ਲੇਖ ਦੇ ਕੇ ਮੁੜ ਇਸ ਸ਼ਹੀਦ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਹੈ।



Sri Satguru Jagjit Singh Ji eLibrary NamdhariElibrary@gmail.com

# ਦਿਲਾਂ ਦੇ ਪਾਤਸ਼ਾਹ

੨੨ ਜਨਵਰੀ ੧੯੯੯ ਬਸੰਤ ਪੰਚਮੀ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਦਿਵਸ ਹੈ। ਸ਼੍ਰੋਮਣੀ ਕਮੇਟੀ ਨੇ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਉਤਸਵ ਪੱਕੇ ਤੌਰ ਤੇ ੫ ਜਨਵਰੀ ਨੂੰ ਮਨਾਉਣ ਦਾ ਫੈਸਲਾ ਕਰ ਦਿਤਾ ਹੈ। ਸਤਿਗੁਰ ਰਾਮ ਸਿੰਘ ਜੀ ਦੇ ਸਾਹਮਣੇ ਸਦਾ ਹੀ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਚਰਿਤਰ ਆਦਰਸ਼ ਵਾਂਗ ਰਿਹਾ। ਨਾਮਧਾਰੀ ਤਾਂ ਮੰਨਦੇ ਹੀ ਸਤਿਗੁਰੂ ਰਾਮ ਸਿੰਘ ਨੂੰ ਸਤਿਗੁਰੂ ਗੋਬਿੰਦ ਸਿੰਘ ਜੀ ਦਾ ਅੰਸ਼ ਅਵਤਾਰ ਹਨ। ਸੋ ਇਹਨਾਂ ਸਤਿਗੁਰੂ ਸਾਹਿਬਾਨ ਦੇ ਪ੍ਰੋਗਰਾਮ ਵਿਚ ਸਮਾਨਤਾ ਦੀ ਝਲਕ ਪੈਣੀ ਆਵਸ਼ਕ ਹੈ।

ਮੁਸੀਬਤ ਵਿਚ ਵੀ ਚੜ੍ਹਦੀਆਂ ਕਲਾ ਵਿਚ ਰਹਿਣ ਦਾ ਪ੍ਰੇਰਣਾਦਾਇਕ ਸੁਭਾ ਰਿਹਾ ਹੈ ਇਹਨਾਂ ਸਤਿਗੁਰ ਸਾਹਿਬਾਨ ਦਾ।

ਸਤਿਗੁਰੂ ਰਾਮ ਸਿੰਘ ਜੀ ਨੂੰ ਜਲਾਵਤਨੀ ਸਮੇਂ ਰੰਗੂਨ ਦੇ ਜਿਸ ਡਾਕ ਬੰਗਲੇ ਵਿਚ ਰਖਿਆ ਗਿਆ ਉਸ ਤੋਂ ਪਹਿਲਾਂ ਇਥੇ ਆਖਰੀ ਮੁਗਲ ਬਾਦਸ਼ਾਹ ਸ਼ਾਇਰ ਮੁਹੰਮਦ ਸ਼ਾਹ ਜ਼ਫਰ ਨੂੰ ਰਖਿਆ ਗਿਆ ਸੀ। ਮੁਹੰਮਦ ਸ਼ਾਹ ਦੁਨੀਆਵੀ ਸਲਤਨਤ ਦਾ ਬਾਦਸ਼ਾਹ ਸੀ। ਉਹ ਜੇਹਲ ਵਿਚ ਮਾਯੂਸ ਰਿਹਾ। ਉਹ ਸਮਝਦਾ ਰਿਹਾ ਕਿ ਮੈਂ ਹੁਣ ਕਿਸੇ ਦੀ ਅੱਖ ਦਾ ਨੂਰ ਨਹੀਂ। ਮੈਂ ਕੁਝ ਵੀ ਨਹੀਂ। ਉਸ ਦਾ ਨਾ ਕਿਸੇ ਪਿਛਾ ਕੀਤਾ ਨਾ ਪੁੱਛ ਪਰਤੀਤ ਰਹੀ।... ਸਤਿਗੁਰੂ ਰਾਮ ਸਿੰਘ ਜੀ ਲੋਕਾਂ ਦੇ ਦਿਲਾਂ ਦੇ ਸੱਚੇ ਪਾਤਸ਼ਾਹ ਸਨ। ਉਹਨਾਂ ਨੂੰ ਮਿਲਣ ਵਾਸਤੇ ਉਹਨਾਂ ਦੇ ਸਿੱਖ ਭਾਰੀਆਂ ਮੁਸੀਬਤਾਂ ਝਾਗ ਕੇ ਗਏ। ਅੰਗਰੇਜ਼ ਸਰਕਾਰ ਦਾ ਉਸ ਵੇਲੇ ਇਕੋ ਹੀ ਮਕਸਦ ਸੀ ਕਿ ਸਤਿਗੁਰੂ ਰਾਮ ਸਿੰਘ ਦਾ ਪੰਜਾਬ ਨਾਲ ਸੰਪਰਕ ਉਕਾ ਬੰਦ ਕਰ ਦਿਤਾ ਜਾਵੇ। ਪਰ ਇਸ ਵਿਚ ਸਰਕਾਰ ਬੁਰੀ ਤਰ੍ਹਾਂ ਅਸਫਲ ਰਹੀ।

ਸਤਿਗੁਰੂ ਰਾਮ ਸਿੰਘ ਜੀ ਦੇ ਹੱਥਾਂ ਦੀਆਂ ਲਿਖੀਆਂ ਚਿੱਠੀਆਂ, ਜੋ ਉਹਨਾਂ ਦੇ ਹੱਥ ਆਏ ਕਿਸੇ ਵੀ ਕਾਗਜ਼ ਤੇ ਲਿਖੀਆਂ ਸਿੱਖਾਂ ਨੇ ਪੰਜਾਬ ਲਿਆਂਦੀਆਂ। ਇਹਨਾਂ ਨੂੰ ਹੁਕਮਨਾਮਿਆਂ ਦਾ ਦਰਜਾ ਪ੍ਰਾਪਤ ਹੋਇਆ। ਕਈ ਹੁਕਮਨਾਮੇ ਰਾਹ ਵਿਚ ਸਰਕਾਰ ਵਲੋਂ ਜ਼ਬਤ ਕੀਤੇ ਗਏ ਕਈ ਟਿਕਾਣੇ ਪੁਜ ਗਏ। ਸਤਿਗੁਰੂ ਰਾਮ ਸਿੰਘ ਦੇ ਬਾਪੇ ਜਾਨਸ਼ੀਨ ਉਹਨਾਂ ਦੇ ਛੋਟੇ ਭਰਾਤਾ ਸਤਿਗੁਰੂ ਹਰੀ ਸਿੰਘ (ਪਹਿਲਾ ਨਾਮ ਬੁਧ ਸਿੰਘ) ਵਲ ਅਤੇ ਹੋਰ ਸਿੱਖਾਂ ਵਲ ਅਪਣੇ ਸੰਦੇਸ਼ਾਂ ਵਿਚ ਸਤਿਗੁਰੂ ਰਾਮ ਸਿੰਘ ਜੀ ਸਦਾ ਚੜ੍ਹਦੀ ਕਲਾ ਵਿਚ ਹਨ। ਉਹ ਹਦਾਇਤਾਂ ਕਰਦੇ ਹਨ ਨਾਮ ਸਿਮਰਨ ਦੀਆਂ ਇਸ ਦੇ ਫਾਇਦੇ ਦਲੀਲਾਂ ਨਾਲ ਦਿੰਦੇ ਹਨ। ਉਹ ਲੜਕੀਆਂ ਪੜ੍ਹਾਉਣ, ਇਹਨਾਂ ਦੇ ਅਨੰਦ ਕਰਨ ਬਾਰੇ ਲਿਖਦੇ ਰਹੇ। ਜੰਮਦੀਆਂ ਕੁੜੀਆਂ ਮਾਰਨ, ਉਹਨਾਂ ਦੇ ਵੱਟੇ ਦੇ ਸਾਕ ਕਰਨ ਦੀ ਪ੍ਰਪਾਟੀ ਰੋਕਣ ਲਈ ਵਿਦੇਸ਼ਾਂ 'ਚੋਂ ਵੀ ਹਦਾਇਤਾਂ ਦਿੰਦੇ ਰਹੇ। ਪਿਛੇ ਸਿੱਖਾਂ ਦੇ ਘਰੇਲੂ ਅਤੇ ਸਮਾਜਿਕ ਮਸਲਿਆਂ ਵਲ ਵੀ ਧਿਆਨ ਦਿੰਦੇ ਰਹੇ। ਦੇਸ ਦੀ ਆਰਥਿਕ ਅਤੇ ਸਿਆਸੀ ਹਾਲਤ ਬਾਰੇ ਵੀ ਜਾਣਕਾਰੀ ਮੰਗਦੇ ਰਹੇ। ਰੂਸ ਦੇ ਆਉਣ ਦਾ ਉਹਨਾਂ ਨੂੰ ਇੰਤਜ਼ਾਰ ਸੀ। ਕੂਕਾ ਅੰਦੋਲਨ ਵਿਚ ਨੇਪਾਲ ਕਸ਼ਮੀਰ, ਅਫਗਾਨਿਸਤਾਨ ਅਤੇ ਰੂਸ ਨਾਲ ਸੰਪਰਕ ਸਥਾਪਤ ਕੀਤੇ ਗਏ ਸਨ ਅਤੇ ਰਾਜਪਲਟੇ ਲਈ ਕੂਕਾ ਸ਼ਕਤੀ ਦਾ ਸਭ ਨੂੰ ਅਹਿਸਾਸ ਸੀ। ਰੂਸ, ਭੈਣੀ ਸਾਹਿਬ ਅਤੇ ਬਰਮਾ ਦਾ ਸੰਪਰਕ ਉਹਨਾਂ ਦੇ ਦੇਸ਼ ਨਿਕਾਲੇ ਬਾਦ ਬਹੁਤ ਮਜ਼ਬੂਤ ਰਿਹਾ। ਇਹ ਵਖਰੀ ਕਹਾਣੀ ਹੈ। ਅਪਣੀਆਂ ਚਿਠੀਆਂ ਵਿਚ ਉਹ ਰੂਸ ਸੰਬੰਧੀ ਗੱਲ ਸਰੂਪ ਸਿੰਘ ਕੰਡ ਨਾਲ ਕਰਦੇ ਹਨ। ਅਤੇ ਸਭ ਤੋਂ ਉਪਰ ਉਹ ਨਾਮ ਸਿਮਰਨ ਨੂੰ ਮੰਨਦੇ ਹਨ। ਉਚਾ ਸੁਚਾ ਜੀਵਨ, ਪਰਾਏ ਹੱਕ ਦਾ ਤਿਆਗ ਅਤੇ ਸੁਚੀ ਕਿਰਤ, ਦਾਨ ਪੁੰਨ ਉਹਨਾਂ ਦਾ ਉਪਦੇਸ਼ ਹੈ। ਇਸ ਉਪਦੇਸ਼ ਨੂੰ, ਹੁਕਮਨਾਮਿਆਂ ਨੂੰ ਨਾਮਧਾਰੀ ਸਿੱਖ ਗੁਰਬਾਣੀ ਵਰਗਾ ਆਦਰ ਦਿੰਦੇ ਹਨ। 'ਵਰਿਆਮ' ਦੇ ਇਸ ਅੰਕ ਵਿਚ ਉਹਨਾਂ ਦੇ ਇਹਨਾਂ ਹੁਕਮਨਾਮਿਆਂ ਵਿਚੋਂ ਨਾਮ ਮਾਤਰ ਨਮੂਨੇ ਵਜੋਂ ਕੁਝ ਟੂਕਾਂ ਅਸੀਂ ਪੇਸ਼ ਕਰ ਰਹੇ ਹਾਂ। ਇਹ ਉਸੇ ਭਾਵਨਾ ਨਾਲ ਹੈ ਜਿਸ ਨਾਲ ਨਾਮਧਾਰੀ ਕਵੀ ਸੰਤ ਧਿਆਨ ਸਿੰਘ ਕਾਦਰਾਬਾਦੀ ਨੇ ਲਿਖਿਆ ਹੈ :

ਗੁਰ ਕਾ ਜਸ ਹੈ ਸੈਲ ਨਬਾੜੇ।
ਮੈਂ ਚੀਟੀ ਕਿਆ ਚੁਕ ਹੋਂ ਤਾੜੇ।
ਪ੍ਰਭ ਕੋ ਜਸ ਹੈ ਸਿੰਧ ਮਹਾਨੇ।
ਮੀਨ ਦੀਨ ਮਤ ਕਿਆ ਗਤਿ ਜਾਨੇ।

ਗੁਰੂ ਦਾ ਜਸ ਮਿਸ਼ਰੀ ਦਾ ਪਹਾੜ ਹੈ। ਮੈਂ ਕੀੜੀ ਉਸ 'ਚੋਂ ਕੀ ਚੁੱਕ ਸਕਦੀ ਹਾਂ। ਪ੍ਰਭੂ ਦਾ ਜੱਸ ਸਮੁੰਦਰ ਵਾਂਗ ਹੈ। ਵਿਚਾਰੀ ਮਛਲੀ ਉਸ ਦੀ ਕੀ ਲਖਤਾ ਕਰ ਸਕਦੀ ਹੈ।

—ਜਗਦੀਸ਼ ਸਿੰਘ



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਰਾਮ ਸਿੰਘ ਜੀ ਦੇ ਉਪਦੇਸ਼

### (ਹਸਤ-ਲਿਖਤ ਹੁਕਮਨਾਮਿਆਂ ਵਿਚੋਂ)

ਏਸ ਜਗਾ ਮੈ ਦਿਲੀ ਬਾਲਾ ਬਾਦਸਾਹੁ ਰਹਿੰਦਾ ਸੀ, ਅਰ ਵਡਾ ਗੋਰਾ ਪੁਛ ਜਾਦਾ ਹੈ ਸਭ ਚੀਜ ਬਰਾਬਰ ਹੈ ਕੁਛ ਕਮਤੀ ਤ ਨਹੀ। ਜੋ ਲੋੜ ਹੁੰਦੀ ਹੈ ਸੋ ਆਖ ਦਿੰਦੇ ਹਾ ਸੋ ਆਇ ਜਾਦੀ ਹੈ ਪਰ ਕੁਛ ਘਾਟਾ ਅਗੇ ਬੀ ਨਹੀਂ ਹੁੰਦਾ। ਬਾਣੀਆ ਸਭ ਚੀਜ ਭੇਜਦਾ ਹੈ ਸਾਹੂਕਾਰ ਪਰ ਸੰਗਤ ਦੇ ਬਿਛੋੜੇ ਦਾ ਬਡਾ ਦੁਖ ਹੋਇਆ ਹੈ।

——

...ਹੋਰ ਲਟਕੀ ਨਾ ਕਿਸੇ ਮਾਰਨੀ, ਨਾ ਕਿਸੇ ਵਟਾ ਕਰਨਾ, ਨਾ ਲਟਕੀ ਦੇ ਦਮ ਲੈਣੇ। ਜੇਹੜਾ ਲਟਕੀ ਮਾਰੇ, ਬੇਚੇ ਵਟਾ ਕਰੇ ਉਸਦੇ ਹਥ ਦਾ ਘਰ ਦਾ ਅੰਨ ਪਾਣੀ ਨਹੀ ਬਰਤਨਾ। ਉਸਨੂੰ ਸੰਗਤ ਵਿਚ ਨਹੀਂ ਬੜਨ ਦੇਣਾ। ਹੁਣ ਤੇ ਪਿਛੇ ਭਾਵੇਂ ਕੁਛ ਕੀਤਾ ਹੋਵੇ ਅਗੇ ਸਮਝ ਕੇ ਵਰਤਨਾ।

——

ਕਿਸੇ ਦਾ ਧਨ ਪਦਾਰਥ ਨਹੀਂ ਲੈਣਾ। ਕਿਸੇ ਦਾ ਧਕਾ ਕਰਕੇ ਨਾ ਚੋਰੀ ਨਾ ਠੱਗੀ ਕਰਕੇ, ਕਖ ਆਦਿਕ ਬੀ ਨਹੀ ਲੈਣਾ। ਗੁਰੂ ਜੀ ਦਾ ਹੁਕਮ ਹੈ ਹਕ ਪਰਾਇਆ ਨਾਨਕਾ ਉਸ ਸੂਅਰ ਉਸੁ ਗਾਇ। ਗਾਇ ਖਾਇਕੇ ਹਿੰਦੂ ਕਹਾ ਰਹਿਆ ? ਸੋ ਜੀ ਐਸ ਬਖਤ ਬਹੁਤ ਅਪਰਾਧ ਕਰਕੇ ਬਗਾਨੇ ਹਕ ਨੂੰ ਲੈਂਦੇ ਹੈ। ਸੋ ਏਸ ਕਰਕੇ ਵਡਾ ਦੁਖ ਹੋ ਰਹਾ ਹੈ ਜਗਤ ਮੈ। ਕੋਈ ਬਚਿਆ ਹੋਵੇਗਾ ਏਸ ਸਮੇ ਮੈ ਜਿਸਨੂੰ ਗੁਰੂ ਨੇ ਰਖਿਆ ਹੈ। ਹੋਰ ਭਾਈ ਕੋਈ ਮੰਦਾ ਫਿਕਾ ਬੀ ਬੋਲੇ ਤਾ ਬੀ ਸਿੰਘ ਨੂੰ ਧੀਰਜ ਕਰਨੀ ਚਾਹੀਦੀ ਹੈ। ਛੇਤੀ ਹੀ ਗਲ ਨਹੀਂ ਪੈ ਜਾਣਾ ਚਾਹੀਦਾ। ਹੋਰ ਭਾਈ ਏਹੁ ਬੀ ਸਿੰਘ ਨੂ ਚਾਹੀਦਾ ਹੈ ਜਰੂਰ ਜਥਾ ਸਕਤ ਭੁਖੇ ਨੂ ਅੰਨ ਬੀ ਦੇਣਾ ਨੰਗੇ ਨੂੰ ਕਪੜਾ ਜੋੜਾ ਬੀ ਦੇਣਾ ਜਿਨਾ ਸਰੇ। ਪੁੰਨ ਦਾਨ ਤੇ ਧਨ ਨਹੀ ਘਟਦਾ। ਧਨ ਤੇ ਕੁਚਾਲ ਚਲਣ ਤੇ ਘਟ ਜਾਂਦਾ ਹੈ।...

——

...ਪਹਿਲੇ ਤੇ ਇਸਨਾਨ ਕਰਨਾ ਝਲਾਗੇ ਉਠ ਕੇ ਦੋਹਾ ਨੇ ਅਰ ਬਾਣੀ ਕੰਠ ਕਰਨੀ ਜਪੁ ਜਾਪੁ ਸੁਖਮਨੀ ਆਸਾ ਦੀ ਵਾਰ। ਚੋਅਖਰਾ ਭਜਨ ਬੀ ਕਰਨਾ ਹਰਿ ਬਖਤ ਅਰ ਜਥਾ ਸਕਤ ਪੁੰਨ ਬੀ ਜਰੂਰ ਕਰਨਾ। ਭੁਖੇ ਕੇ ਮੁਹਿ ਅੰਨ ਪੌਣਾ, ਨੰਗੇ ਨੂੰ ਜੋੜਾ ਕਪੜਾ ਦੇਣਾ ਜਰੂਰ। ਅਰ ਥੁੜ ਕੇ ਬੀ ਜੇ ਏਹੁ ਕਰੋਗੇ ਤਾ ਥੁਆਨੂ ਅਛਾ ਸੁਖ ਹੋਊਗਾ, ਭਾਮੇ ਪ੍ਰਤਾ ਲੈਣਾ। ਰਿਜਕ ਦਾ ਬੀ ਬਾਧਾ ਹੋਊ ਨਾਲੇ ਮਨ ਤਨ ਕਰਕੇ ਬੀ ਸੁਖ ਹੋਊਗਾ ਸਤਿ ਕਰਕੇ ਮੰਨਣਾ। ਜਿਥੋਂ ਤਾਈ ਬਣਿ ਆਵੇ ਭਜਨ ਬਾਣੀ ਨੂ ਲਗੇ ਰਹਿਣਾ ਰਾਤ ਦਿਨ ਤਬ ਥੋੜਾ ਬੀ ਦੁਖ ਨਾ ਰਹੂਗਾ। ਪਰ ਜਥਾ ਸਕਤ ਪੁੰਨ ਜਰੂਰ ਕਰਨਾ। ਸਤਿ ਕਰਕੇ ਜਾਨਣਾ ਮੇਰਾ ਕਹਿਣਾ।...

——

...ਗੁਰੂ ਜੀ ਦਾ ਬੀ ਏਹੋ ਹੁਕਮੁ ਹੈ ਜੋ ਅਠਾਰਾ ਬਰਸ ਦੀ ਲੜਕੀ, ਬੀਸ ਬਰਸ ਦਾ ਲੜਕਾ ਹੋਵੇ ਤਾਂ ਬਿਆਹੁ ਕਰਨਾ, ਉਰੇ ਨਹੀਂ ਕਰਨਾ। ਓਹ ਹੁਕਮ ਗੁਰੂ ਜੀ ਨੇ ਏਸੇ ਸੰਤ ਖਾਲਸੇ ਦੇ ਵਾਸਤੇ ਲਿਖਾ ਹੈ। ਸੋ ਜੇ ਅਸੀਂ ਨਹੀਂ ਮੰਨਾਗੇ ਤਾ ਹੋਰ ਕੌਣ ਮੰਨੂਗਾ ਗੁਰੂ ਦਾ ਹੁਕਮ...

——

.. ਸਹਿਜੇ ਸਹਿਜੇ ਮੰਗ ਮੰਗਣੀ ਦੁਸਟਾ ਦਾ ਨਾਸ ਸਰੀਰ ਦੇ ਵਿਚ ਦਿਆ ਦਾ ਨਾਲੇ ਬਾਹਰ ਦਿਆ ਦਾ। ਸੰਤ ਦੋਖੀਆ ਦਾ ਨਾਸ ਮੰਗਣਾ, ਖੁੰਝਣਾ ਨਹੀਂ ਪਾਠ ਤੇ...

——

...ਸਰੂਪ ਸਿੰਘ ਪੰਜਾਬ ਮੈ ਆਵੇ ਤਦ ਲਿਖਣਾ। ਗੁਰੂ ਜੀ ਕਾ ਬਚਨ ਹੈ ਜਦ ਮਾਝੇ ਵਿਚ ਸਰੂਪ ਸਿੰਘ ਆਵੇ ਫੇਰ ਡੇਰ ਨਹੀ ਲਿਖੀ ਹੈ, ਅਗੇ ਜੋ ਗੁਰੂ ਜੀ ਦੀ ਰਜਾਇ॥

——

...ਦੇਖਣਾ ਭਜਨੁ ਬਾਣੀ ਤੇ ਹਟ ਨਾ ਜਾਣਾ। ਅਰ ਜੋ ਕੁਛ ਪੁਜ ਔਣ ਸੋ ਭੋਗ ਸਾਡੇ ਨਮਿਤ ਭੀ ਪਾਵੋ ਜੋ ਸਾਨੂੰ ਸੰਗਤ ਦਾ ਦਰਸਨ ਗੁਰੂ ਕਰਾਵੇ। ਅਰੁ ਆਪਸ ਮੈ ਸਭ ਨੇ ਮਿਲ ਕੇ ਰਹਿਣਾ।...

——

...ਐਸੇ ਸਰੀਰ ਦੀ ਸੇਵਾ ਕਰੀ ਦਾ ਬਹੁਤ ਮਹਾਤਮ ਹੁੰਦਾ ਹੈ ਸਤਿ ਕਰਕੇ ਮੰਨਣਾ। ਕਿਉਕਿ ਮੰਗਣ ਬਾਲਾ ਤਾਂ ਮੰਗ ਲੈਂਦਾ ਹੈ ਇਕ ਥਾਉ ਤੇ ਨਾ ਮਿਲਾ ਦੂਜੇ ਥਾ ਤੇ ਮੰਗ ਲੈਂਦਾ ਹੈ। ਜਿਸਨੇ ਨਾ ਮੰਗਣਾ ਨਾ ਪਲੇ ਕੁਛ ਹੋਵੇ ਓਸਦੀ ਸੇਵਾ ਦਾ ਬਹੁਤ ਲਾਭ ਹੁੰਦਾ ਹੈ...

——

...ਜੇ ਕੋਈ ਗੁਰਦੁਆਰਿਆ ਦਾ ਮਾਨੁ ਕਰੇ ਤਾ ਸਭ ਤੇ ਬਡਾ ਗੁਰਿਦੁਆਰਾ ਗਰੰਥ ਸਾਹਬ ਜੀ ਹੈਨ ਜੋ ਹਮਾਰੇ



Sri Satguru Jagjit Singh Ji eLibrary NamdhariElibrary@gmail.com

ਪਾਸ ਬੀ ਹੈਨ। ਤੁਸੀ ਰਖੋ ਗੁਰਦੁਆਰਿਆ ਨੋ...

——

...ਜਿਤਨਾ ਚਿਰ ਤੁਰ ਨਹੀਂ ਜਾਂਦੇ ਸਿੰਘ ਸੁਖ ਸ਼ਾਂਤ ਨਾਲ ਓਤਨਾ ਚਿਰ ਸਾਨੂੰ ਬੜੀ ਚਿੰਤਾ ਰੈਦੀ ਹੈ। ਏਹੁ ਬਿਲੇ ਮਹਾ ਮਲੇਛ ਹੈ। ਏਨਾ ਦਾ ਕੁਛ ਨਹੀ ਬਿਗੜਚਾ ਹੈ। ਮਲੇਛੀ ਸੁਭਾਉ ਬਰਤਦੇ ਹੈ। ਜੇ ਅੰਦਰ ਔਣ ਦੇਣ ਤਾ ਸੇਵਾ ਟਹਿਲ ਕਰੀਏ, ਪ੍ਰਸਾਦਿ ਚੰਗੇ ਛਕਾਈਏ ਸੰਗਤ ਕੋ। ਪਦਾਰਥ ਬਹੁਤ ਹੈ। ਖੰਡ ਘੇਓ ਸਭੋ ਕੁਛ ਬਥੇਰਾ ਹੈ ਪਰ ਸੰਗਤ ਕਾ ਦਰਸ਼ਨ ਕਰਕੇ ਤ੍ਰਿਪਤ ਨਹੀਂ ਹੁੰਦੀ ਚਿਤ ਕੋ। ਦਰਸਨ ਹੁੰਦਾ ਹੈ ਤਾ ਚਮਤਕਾਰੇ ਮਾਤ੍ਰ ਹੁੰਦਾ ਹੈ।

——

...ਹੋਰ ਭਾਈ ਏਥੇ ਸਾਡੇ ਪਾਸ ਕਿਸੇ ਨੂੰ ਨਾ ਬੋਲਣ ਦਿੰਦੇ ਹੈ, ਨਾ ਖੜਾ ਹੋਣ ਦਿੰਦੇ ਹੈ। ਇਨਾ ਨੂੰ ਏਨਾ ਦੇ ਕਰਮ ਨੇ ਬਹੁਤ ਭੈ ਦੇ ਰਖਾ ਹੈ। ਆਖੇ ਹੈ ਜੇ ਏਧੀ ਬਾਤ ਪੰਜਾਬ ਮੇ ਜਾ ਰਹੀ ਤਾ ਕੂਕੇ ਸੁੜ ਕਰ ਦੇਣਗੇ ਵਿਲਿਆ ਦਾ। ਕਾਲ ਜੈਸਾ ਭੈ ਹੈ ਇਨਾ ਕੋ ਨਾਮਧਾਰੀਆ ਦਾ। ਰਜਾਇ ਪ੍ਰਮੇਸ਼ਰ ਦੀ ਐਸੀ ਈ ਹੈ ਕੁਛ।...

——

...ਏਨਾ ਨੂੰ ਮੇਰੇ ਸਰੀਰ ਦਾ ਕਾਲ ਜੈਸਾ ਭੈ ਹੈ। ਆਖੇ ਹੈ ਏਸ ਨੇ ਮੁਲਖ ਬਿਗਾੜ ਦਿਤਾ ਹੈ। ਏਸਦੇ ਪਾਸ ਨਾ ਕਿਸੇ ਨੂੰ ਜਾਣ ਦੇਓ ਫੇਰ ਕਿਸੇ ਨੁ ਬਿਗਾੜੂਗਾ।

ਹੋਰੁ ਅਗੇ ਦੇਸ ਦਾ ਹਵਾਲੁ ਸਾਨੁ ਲਿਖਕੇ ਦੇਓ, ਦੇਸ ਦਾ ਕੈਸਾ ਹਾਲ ਹੈ? ਕੀ ਭਾਉ ਅਨਾਜੁ ਅਰੁ ਪਛੋਰ ਬਲ ਕੀ ਹਾਲੁ ਹੈ? ਰੂਸ ਆਇ ਪਹੁਚਾ ਹੈ ਕਾਬਲ ਦੇਸ ਮੈ ਕਿ ਅਜੇ ਕਿਤੇ ਦੂਰ ਈ ਹੈ। ਜੈਸਾ ਹੈ ਤੈਸਾ ਹਵਾਲੁ ਲਿਖੋ। ਹੋਰ ਬੀ ਹਰਿ ਤਰਾ ਦੀ ਖਬਰ ਲਿਖ ਕੇ ਦੇਓ......

——

ਹੋਰ ਭਾਈ ਸਿਆਮ ਸਿੰਘ ਜੀ ਸਾਰੀ ਸੰਗਤ ਨੂੰ ਏਹੁ ਹੁਕਮ ਦੇਣਾ ਭੋਗ ਗਰੰਥ ਸਾਹਿਬਾ ਦੇ ਪਾਉਣ ਤੇ ਬਾਣੀ ਕੰਠ ਕਰਨੀ ਸਰਬ ਬੁਢੇ ਬਾਲੇ ਮਾਈ ਬੀਬੀ। ਪਿਛਾ ਰਾਤ ਇਸਨਾਨ ਤੇ ਲਟਕੇ ਲਟਕੀਆਂ ਨੁ ਅਖਰ ਪੜ੍ਹਾ ਦੇਣੇ ਅਰ ਜਥਾ ਸਕਤ ਸੇਵਾ ਬੀ ਕਰਨੀ ਅਰ ਬਸਤ੍ਰ ਦੀ ਲੌੜਮਾਨ ਦੀ, ਚਾਹੇ ਕਿਸੇ ਭੇਖ ਦਾ ਹੋਵੇ ਚਾਹੇ ਨਿੰਦਕ ਬੀ ਹੋਵੇ।

——

ਹੋਰ ਜੀ ਅਗੇ ਇਹੁ ਬਾਤ ਹੈ ਜੇ ਤਾ ਗੁਰੂ ਸਾਹਿਬ ਨੇ ਗਊਆ ਉਤੇ ਰਛਾ ਕੀਤੀ ਤਾ ਕੀਤੀ ਨਹੀ ਤਾ ਸਾਰੀ ਪਿਰਥੀ ਬੜਾ ਦੁਖ ਪਾਵੇਗੀ। ਕਿਸ਼ ਕਰਕੈ, ਗਾਈ ਤਾ ਬਿਲੇ ਖਾਇ ਲੈਣਗੇ, ਗਾਈ ਕੋ ਖਾਣੇ ਕਰਕੈ ਨਾ ਵੇਲ ਮਿਲੇਗਾ ਗਰੀਬ ਨੂੰ ਨਾ ਬਰਖਾ ਹੋਊਗੀ।

——

...ਹੋਰ ਭਾਈ ਸਭ ਨੇ ਭਜਨ ਬਾਣੀ ਕਰਨਾ ਤਕੜੇ ਹੋ ਕੇ ਨਹੀ ਤਾਂ ਭਾਈ ਏਹ ਪੂਜਾ ਦਬਾਇ ਲੈਂਦੀ ਹੈ। ਬਿਨਾ ਭਜਨੁ ਮਤ ਮਾਰ ਲੈਂਦੀ ਹੈ। ਦੇਖ ਲੇਓ ਤੁਮਾਰੇ ਸਾਮ੍ਹਣੇ ਪੁਜਾਰੀਆਂ ਦੀ ਏਸੇ ਕਰਕੇ ਮਤ ਮਾਰੀ ਗਈ ਹੈ ਜੋ ਪੂਜਾ ਖਾ ਕੇ ਭਜਨ ਨਹੀ ਕੀਤਾ ਤਾ ਹੀ ਤਾਂ ਗੁਰਮੁਖੀ ਚਾਲੇ ਕੋ ਕਲਾਮ ਬਕ ਉਠੇ ਵਡੇ ਛੋਟੇ। ਗਿਆਨੀ ਧਿਆਨੀ ਸਾਧ ਬੇਦੀ ਸੋਢੀ ਏ ਸਿਰਫ ਬਿਨਾ ਭਜਨ ਪੂਜਾ ਨੇ ਹੀ ਮਾਰ ਲਏ।...

——

ਮਨਮੁਖੀ ਵੇਸਿਦਕੀ ਏਸ ਦਾ ਨਾਉ ਹੈ ਜੋ ਗੁਰੂ ਜੀ ਨੇ ਕਰਨਾ ਕਹਾ ਹੈ ਸੋ ਨਾ ਕਰਿਨਾ, ਜੋ ਨਹੀ ਕਰਨਾ ਕਹਾ ਸੋ ਕਰਿ ਲੈਣਾ। ਫੇਰ ਸਾਰੇ ਦੁਖ ਵੇਮੁਖਾ ਵੇਸਿਦਕਾ ਕੋ ਈ ਹੈ।

——

ਹੋਰੁ ਜਦਿ ਹਰਿਦਾਸ ਲਿਖੋ ਤਾ ਬਹੁਤਾ ਸਿਰੀ ਸਿਰੀ ਅਰ ਮਹਾਰਾਜ ਮਹਾਰਾਜ ਸਬਦ ਨਾ ਲਿਖਿਆ ਕਰੋ। ਖਬਰ ਸਾਰ ਲਿਖਿਆ ਕਰੋ ਬਹੁਤ ਤਰਾ ਕੀ। ਚੰਡੀ ਦੀ ਵਾਰ, ਉਗ੍ਰਦੰਤੀ ਸਭ ਪਾਠ ਕੀਤਾ ਕਰੋ ਹਮੇਸਾ। ਜੋ ਅਖਰੁ ਨਹੀ ਪੜਾ ਉਹ ਕੰਠ ਕਰੁ ਲੇਵੇ ਪੜੇ ਹੋਇਆ ਤੇ। ਪੜੇ ਹੋਏ ਬੀ ਕੰਠ ਕਰੁ ਲੈਣ ਜਿਤਨੇ ਡੇਰੇ ਰਹਿੰਦੇ ਹੈ। ਭਜਨ ਬਾਣੀ ਤੇ ਬਿਨਾ ਭਾਵੇ ਕੋਈ ਕਿਤਨਾ ਕੰਮ ਕਰੇ ਰਿਜਕ ਦਾ ਬਾਧਾ ਨਹੀ ਹੁੰਦਾ। ਜੇ ਰਿਜਕ ਬੀ ਹੈ ਕਿਸੇ ਪਾਸ ਬਹੁਤਾ, ਉਧੀ ਨੀਤ ਨਹੀ ਭਰਦੀ, ਤਰਿਸਨਾਂ ਦੀ ਅਗਿ ਸਦਾ ਈ ਲਗੀ ਰਹਿੰਦੀ ਹੈ। ਪੁਨ ਦਾਨੁ ਵੀ ਨਹੀ ਹੋ ਸਕਦਾ। ਧਨੁ ਪਿਆ ਈ ਛਡਕੇ ਮਰੁ ਜਾਂਦਾ ਹੈ। ਦੁਰਿਗਤੀ ਕੋ ਪਰਾਪਤਿ ਹੋਇ ਜਾਦਾ ਹੈ।

—●—



Sri Satguru Jagjit Singh Ji eLibrary NamdhariElibrary@gmail.com

# ਸ਼ਹੀਦ ਬਿਸ਼ਨ ਸਿੰਘ

—ਜਗਦੀਸ਼ ਸਿੰਘ

"ਮਨੁੱਖ ਜੇ ਚੰਗੇ ਕੰਮ ਕਰਕੇ ਇਕ ਦਿਨ ਵੀ ਜੀਉਂਦਾ ਰਹੇ ਤਾਂ ਉਸ ਦਾ ਜੀਵਨ ਸਫ਼ਲ ਹੋ ਜਾਂਦਾ ਹੈ। ਜੇ ਕਿਤੇ ਇਸ ਲੋਕ ਤੇ ਪ੍ਰਲੋਕ ਦੇ ਵਿਰੁਧ ਭੈੜੇ ਕੰਮ ਕਰਕੇ ਸੈਂਕੜੇ ਸਾਲ ਵੀ ਜ਼ਿੰਦਾ ਰਹੇ ਤਾਂ ਉਸ ਦਾ ਜੀਵਨ ਬੇਕਾਰ ਹੈ।"

—ਚਾਣਕਯ

ਸ਼ਹੀਦ ਬਿਸ਼ਨ ਸਿੰਘ ਬਾਰਾਂ ਸਾਲ ਦੀ ਉਮਰ ਵਿਚ ਹੀ ਉਹ ਕਾਰਜ ਕਰ ਗਿਆ ਜੋ ਸੈਂਕੜੇ ਵਰ੍ਹੇ ਦੀ ਉਮਰ ਜੀਊਣ ਵਾਲਿਆਂ ਨੂੰ ਨਸੀਬ ਨਹੀਂ ਹੁੰਦਾ। ਉਸ ਦਾ ਇਕ ਕੰਮ ਹੀ ਇਤਿਹਾਸ ਦੇ ਪੰਨਿਆਂ 'ਤੇ ਸਦਾ ਲਈ ਸਥਾਪਤ ਹੋ ਗਿਆ ਹੈ। ਜਦੋਂ ੧੭ ਜਨਵਰੀ ੧੮੭੨ ਨੂੰ ਮਲੇਰਕੋਟਲੇ ਦੇ ਪਰੇਡ ਮੈਦਾਨ ਵਿਚ ਨਾਮਧਾਰੀ ਸੂਰਮਿਆਂ ਨੂੰ ਤੋਪਾਂ ਨਾਲ ਉਡਾਇਆ ਜਾ ਰਿਹਾ ਸੀ ਤਾਂ ਬਿਸ਼ਨ ਸਿੰਘ ਬਾਲਕ ਨੇ ਉਸ ਕਤਲੇਆਮ ਦੇ ਮੁਖ ਖਲਨਾਇਕ, ਕਤਲਗਾਹ ਦੇ ਪ੍ਰਧਾਨ ਹਾਕਮ, ਲੁਧਿਆਣੇ ਦੇ ਅੰਗਰੇਜ਼ ਡਿਪਟੀ ਕਮਿਸ਼ਨਰ ਮਿਸਟਰ ਕਾਵਨ ਦੀ ਦਾੜ੍ਹੀ ਨੂੰ ਫੜ ਕੇ ਏਨੇ ਜ਼ੋਰ ਦੀ ਝਟਕੇ ਦਿਤੇ ਕਿ ਕਾਵਨ ਦੇ ਸਾਰੇ ਸਰੀਰ ਦੇ ਨਾਲ ਨਾਲ ਹੀ ਸਾਰਾ ਅੰਗਰੇਜ਼ ਸਾਮਰਾਜ ਹਿੱਲ ਗਿਆ। ਬਿਸ਼ਨ ਸਿੰਘ ਨੇ ਕਾਵਨ ਦੀ ਦਾੜ੍ਹੀ ਹੀ ਨਹੀਂ ਪੁਟੀ, ਇਹ ਅੰਗਰੇਜ਼ ਸਾਮਰਾਜ ਦੀ ਦਾੜ੍ਹੀ ਪੁਟਕੇ ਰੱਖ ਦਿਤੀ। ਦਾੜ੍ਹੀ ਪੁੱਟਣ ਦੀ ਗੱਲ ਕਿਸੇ ਸ਼ਾਇਰ ਦਾ ਤਖੱਯਲ ਨਹੀਂ ਸਗੋਂ ਇਸ ਗੱਲ ਨੂੰ ਮਿਸਟਰ ਕਾਵਨ ਨੇ ਆਪ ਮੰਨਿਆ ਹੈ। ੧੭ ਜਨਵਰੀ ੧੮੭੨ ਨੂੰ ਕਤਲਾਮ ਵਾਲੇ ਦਿਨ ਹੀ ੫੦ ਸਿੰਘਾਂ ਦੀ ਸ਼ਹਾਦਤ ਦੇ ਤੁਰੰਤ ਬਾਅਦ ਹੀ ਇਕ ਚਿੱਠੀ ਉਸ ਨੇ ਅੰਬਾਲਾ ਡਿਵੀਜ਼ਨ ਦੇ ਕਮਿਸ਼ਨਰ ਨੂੰ ਲਿਖੀ ਇਸ ਚਿੱਠੀ ਵਿਚ ਇਸ ਦਿਨ ਦੀਆਂ ਘਟਨਾਵਾਂ ਦਾ ਵੇਰਵਾ ਹੈ। ਚਿੱਠੀ ਵਿਚ ਉਹ ਲਿਖਦਾ ਹੈ :

...One man escaped from the guards and made a furious attack on me, seizing me by the beard and endeavouring to strangle me, and as he was a very powerful man, I had considerable difficulty in releasing myself. He then made a most savage attack on some officers of native States who were standing near me. These officers drew their swords and cut him down.*

"...ਪਹਿਰੇ ਵਾਲਿਆਂ ਤੋਂ ਬਚਕੇ ਇਕ ਆਦਮੀ ਨੇ ਮੇਰੇ ਤੇ ਸਖਤ ਗੁੱਸੇ ਨਾਲ ਹਮਲਾ ਕੀਤਾ। ਮੈਨੂੰ ਦਾੜ੍ਹੀ ਤੋਂ ਫੜਕੇ ਮੈਨੂੰ ਫਾਹ ਕੇ ਮਾਰਨ ਦਾ ਜਤਨ ਕੀਤਾ। ਕਿਉਂਕਿ ਉਹ ਬਹੁਤ ਤਾਕਤਵਰ ਆਦਮੀ ਸੀ, ਮੈਨੂੰ ਉਸ ਤੋਂ ਪਿੱਛਾ ਛੁਡਾਉਣ ਵਿਚ ਬਹੁਤ ਮੁਸ਼ਕਲ ਆਈ। ਓਹਨੇ ਤਦ ਨਾਲ ਖੜ੍ਹੇ ਦੇਸੀ ਰਿਆਸਤਾਂ ਦੇ ਕੁਝ ਅਫ਼ਸਰਾਂ ਤੇ ਵਹਿਸ਼ੀਆਨਾ ਹਮਲਾ ਕਰ ਦਿਤਾ। ਇਹਨਾਂ ਅਫ਼ਸਰਾਂ ਨੇ ਤਲਵਾਰਾਂ ਧੂਹ ਲਈਆਂ ਅਤੇ ਉਹਨੂੰ ਕਤਲ ਕਰ ਦਿਤਾ।"

(ਖੁਲ੍ਹਾ ਅਨੁਵਾਦ ਸੰਪਾਦਕ ਵਰਿਆਮ ਵਲੋਂ)

ਇਸ ਚਿੱਠੀ ਦੇ ਅੰਤ ਉਤੇ ਲਿਖਿਆ ਹੈ ਕਿ "ਉਹ ਅੱਜ ਬਹੁਤ ਪਰੇਸ਼ਾਨ ਰਿਹਾ ਹੈ।" (I have been extremely harassed to-day.)

ਅਗਲੇ ਦਿਨ ੧੮ ਜਨਵਰੀ ੧੮੭੨ ਨੂੰ ਸਵੇਰੇ ੭ ਵਜ ਕੇ ੧੬ ਮਿੰਟ ਤੇ ਕਮਿਸ਼ਨਰ ਨੇ ਲੁਧਿਆਣੇ ਤੋਂ ਦਿੱਲੀ ਵਿਚ ਪੰਜਾਬ ਸਰਕਾਰ ਦੇ ਸਕੱਤਰ ਨੂੰ ਤਾਰ ਦਿਤੀ—

"Forty nine kookas blown from guns at Kotla. One cut to pieces, when savagely attacking Deputy Commissioner."

(ਕੋਟਲੇ ਵਿਖੇ ੪੯ ਕੂਕੇ ਤੋਪਾਂ ਨਾਲ ਉੜਾ ਦਿਤੇ ਗਏ। ਇਕ ਨੂੰ ਟੁਕੜੇ ਟੁਕੜੇ ਕੱਟਿਆ ਗਿਆ ਜਦੋਂ ਉਸ ਨੇ ਡਿਪਟੀ ਕਮਿਸ਼ਨਰ ਤੇ ਵਹਿਸ਼ੀਆਨਾ ਕਾਤਲਾਨਾ ਹਮਲਾ ਕੀਤਾ)।

ਬਹੁਤ ਹੈਰਾਨੀ ਵਾਲੀ ਗੱਲ ਹੈ ਕਿ ੧੭ ਜਨਵਰੀ ਨੂੰ ਸ਼ਹੀਦ ਹੋਣ ਵਾਲੇ ਨਾਮਧਾਰੀ ਸਿੰਘਾਂ ਦੇ ਨਾਂ-ਥਾਂ ਸਿਵਾਏ ਦੋ ਦੇ ਕਿਸੇ ਸਰਕਾਰੀ ਰਿਕਾਰਡ ਵਿਚ ਨਹੀਂ ਹਨ। ਇਹਨਾਂ ਦੀ ਗਿਣਤੀ ਤਾਂ ੫੦ ਲਿਖੀ ਹੈ, ਇਹ ਵੀ ਲਿਖਿਆ ਹੈ ਕਿ

---

* "Rebels against the British Rule" by Nahar Singh Kirpal Singh, Page 199-200.



Sri Satguru Jagjit Singh Ji eLibrary NamdhariElibrary@gmail.com

ਇਕ ਨੂੰ ਤਲਵਾਰ ਨਾਲ ਕੱਟਿਆ ਗਿਆ ਅਤੇ ੪੯ ਨੂੰ ਤੋਪਾਂ ਨਾਲ ਉਡਾਇਆ ਗਿਆ, ਪਰ ਉਹਨਾਂ ਦੇ ਨਾਮ ਕਿਤੇ ਦਰਜ ਨਹੀਂ ਕੀਤੇ ਗਏ । ਇਕੱਲੀ ਇਕੱਲੀ ਗੱਲਬਾਤ ਦਾ ਰਿਕਾਰਡ ਰੱਖਣ ਵਾਲੀ ਬ੍ਰਿਟਿਸ਼ ਸਰਕਾਰ ਜਾਂ ਸਰਕਾਰੀ ਬੰਦਿਆਂ ਨੇ ਅਜਿਹਾ ਕਿਉਂ ਕੀਤਾ ? ਇਹ ਉਸ ਦੀ ਇਮਾਨਦਾਰੀ ਅਤੇ ਇਨਸਾਫ ਤੇ ਜ਼ਬਰਦਸਤ ਧੱਬਾ ਹੈ । ਬਾਰ ਬਾਰ ਜ਼ਿਕਰ ਆਇਆ ਹੈ ਕਿ ੬੮ ਵਿਅਕਤੀ ਰੜ ਪਿੰਡ 'ਚੋਂ ਫੜੇ ਗਏ । ਦੋ ਔਰਤਾਂ ਖੇਮ ਕੌਰ ਅਤੇ ਵਿੰਦ ਕੌਰ ਨੂੰ ਪਟਿਆਲੇ ਦੇ ਅਹਿਲਕਾਰਾਂ ਨੂੰ ਸੌਂਪ ਦਿਤਾ ਗਿਆ ਅਤੇ ਬਾਦ ਵਿਚ ਛੱਡ ਦਿਤਾ ਗਿਆ । ਜਥੇ ਦੇ ਲੀਡਰ ਹੀਰਾ ਸਿੰਘ ਅਤੇ ਲਹਿਣਾ ਸਿੰਘ ਵੀ ਸ਼ਹੀਦ ਹੋ ਗਏ ਹਨ । ਇਸ ਤੋਂ ਬਿਨਾਂ ਕੋਈ ਲਿਸਟ ਨਹੀਂ ਜਾਂ ਸਾਨੂੰ ਲੱਭੀ ਨਹੀਂ । ਇਹ ਕਿਸ ਗੱਲ ਨੂੰ ਲੁਕਾਉਣ ਲਈ ਸੀ । ਇਹ ਭੇਤ ਅਜੇ ਬੰਦ ਹੈ । ਠੀਕ ਵੀ ਹੈ ਜੇਕਰ ਤਾਂ ਬਾਕਾਇਦਾ ਮੁਕੱਦਮਾ ਚਲਾਇਆ ਜਾਂਦਾ ਤਾਂ ਨਾਂ-ਥਾਂ ਲਿਖੇ ਵੀ ਜਾਂਦੇ ਇਹ ਤਾਂ ਬਾਗ਼ੀਆਂ ਨੂੰ ਥੋਕ ਸਜ਼ਾਵਾਂ ਸਨ ਇਹਦੇ ਵਿਚ ਕੀ ਲੋੜ ਸੀ ਸੂਚੀਆਂ ਬਣਾਉਣ ਦੀ । ਦੂਸਰੇ ਦਿਨ ਸਰਸਰੀ ਕਾਨੂੰਨੀ ਕਾਰਵਾਈ ਨਾਲ ੧੬ ਹੋਰ ਸਿੰਘ ਤੋਪਾਂ ਨਾਲ ਹੀ ਉਡਾਏ ਗਏ । ਇਹਨਾਂ ਦੀ ਸੂਚੀ ਸਰਕਾਰ ਨੇ ਬਣਾਈ ਸੀ, ਪਰ ਬੜਾ ਚਿਰ ਕੇਂਦਰ ਸਰਕਾਰ, ਅਖਬਾਰਾਂ ਅਤੇ ਹੋਰ ਦੁਨੀਆ ਨੂੰ ਪਤਾ ਹੀ ਨਾ ਲੱਗਾ ਕਿ ਇਹ ਵੀ ਤੋਪਾਂ ਨਾਲ ਉਡਾਏ ਗਏ ਹਨ । ਉਹ ਸਮਝਦੇ ਰਹੇ ਕਿ ਫ਼ਾਂਸੀ ਦਿਤੇ ਗਏ ਹਨ । ਇਹਨਾਂ ਦੀ ਸ਼ਹਾਦਤ ਦੱਸਣ ਵਾਸਤੇ ਪਹਿਲਾਂ ਵਾਂਗ ਤੋਪਾਂ ਦਾ ਜ਼ਿਕਰ ਨਾ ਕੀਤਾ ਗਿਆ, ਕੇਵਲ ਇਕ ਅੰਗਰੇਜ਼ੀ ਦਾ ਸ਼ਬਦ 'ਐਗਜ਼ੀਕਿਊਟਿਡ' 'executed' ਹੀ ਲਿਖਿਆ ਗਿਆ, ਜਿਸ ਦਾ ਭਾਵ ਫ਼ਾਂਸੀ ਤੋਂ ਲਿਆ ਗਿਆ ।

ਇਸ ਸਾਰੀ ਗੱਲ ਦਾ ਭਾਵ ਇਹ ਹੀ ਹੈ ਕਿ ਜੋ ਰਿਕਾਰਡ ਵਿਚ ਗੱਲ ਲਿਖੀ ਗਈ ਉਹ ਸਰਕਾਰ ਜਾਂ ਸਰਕਾਰੀ ਅਫ਼ਸਰਾਂ ਨੇ ਆਪਣੇ ਦ੍ਰਿਸ਼ਟੀਕੋਣ ਤੋਂ ਲਿਖੀ । ਨਾਂ-ਥਾਂ ਹੀ ਨਹੀਂ ਦਬਾਏ ਗਏ ਹੋਰ ਗੱਲਾਂ ਵੀ ਲੁਕਾਈਆਂ ਗਈਆਂ, ਜਿਵੇਂ ਬਿਸ਼ਨ ਸਿੰਘ ਦੀ ਉਮਰ ਜੇ ੧੨ ਸਾਲ ਲਿਖੀ ਜਾਂਦੀ ਤਾਂ ਸਰਕਾਰ ਦੀ ਹੋਰ ਵੀ ਬਹੁਤੀ ਤੋਏ ਤੋਏ ਹੋਣੀ ਸੀ ।

ਪਰ ਇਹ ਸ਼ਹੀਦੀ ਜਥਾ ਘਰੋਂ ਸ਼ਹੀਦੀ ਪਾਉਣ ਲਈ ਹੀ ਆਇਆ ਸੀ । ਇਸ ਜਥੇ ਦੀ ਸ਼ਾਨ ਇਤਿਹਾਸ ਦੇ ਮਾਨਯੋਗ ਸ਼ਹੀਦਾਂ ਦੀ ਸੰਗਲੀ ਨਾਲ ਜੁੜਦੀ ਸੀ ।

ਇਸ ਪ੍ਰਸੰਗ ਵਿਚ ਸ. ਨਾਹਰ ਸਿੰਘ ਨੇ ਇਸ ਸਮੇਂ ਨੂੰ ਪੁਰਾਣੀ ਰਵਾਇਤ ਨਾਲ ਜੋੜਦਿਆਂ ਬਹੁਤ ਮਾਰਮਿਕ ਸ਼ਬਦਾਂ ਵਿਚ ਬਿਆਨ ਕੀਤਾ ਹੈ —

"ਸਿੱਖ ਇਤਿਹਾਸ ਨੇ ਆਪਣੇ ਆਪ ਨੂੰ ਦੋਹਰਾਇਆ । ੧੫੬ ਸਾਲ ਪਹਿਲਾਂ ਬਾਬਾ ਬੰਦਾ ਅਤੇ ਉਸ ਦੇ ਸਾਥੀ ਭੀ ਮੁਗ਼ਲ ਸਾਮਰਾਜ ਦੇ ਵਿਰੁਧ ਬਗ਼ਾਵਤ ਦੇ ਇਲਜ਼ਾਮ ਵਿਚ ਫੜੇ ਹੋਏ ਇਸ ਤਰਹ ਕਤਲ ਕਰਨ ਲਈ ਗੁਰਦਾਸ ਨੰਗਲ ਦੀ ਗੜ੍ਹੀ ਤੋਂ ਦਿੱਲੀ ਲਿਆਂਦੇ ਗਏ ਸਨ । ਸੰਨ ੧੭੧੬ ਤੋਂ ੧੭੪੭ ਤਕ ਇਸੇ ਤਰ੍ਹਾਂ ਸਿੰਘਾਂ ਦੇ ਜਥਿਆਂ ਦੇ ਜਥੇ ਪੰਜਾਬ ਵਿਚੋਂ ਬਦੇਸ਼ੀ ਰਾਜ ਦੇ ਵੈਰੀ ਹੋਣ ਦੇ ਜੁਰਮ ਵਿਚ ਬਾਹਰ ਪਿੰਡਾਂ ਵਿਚੋਂ ਫੜ ਕੇ ਲਾਹੌਰ ਨਖਾਸ ਵਿਚ ਲਿਆਂਦੇ ਜਾਂਦੇ, ਅਤੇ ਸ਼ਾਹੀ ਹੁਕਮ ਅਨੁਸਾਰ ਸ਼ਹੀਦ ਗੰਜ ਲਾਹੌਰ ਵਾਲੀ ਥਾਂ ਤੇ ਕਤਲ ਕੀਤੇ ਜਾਂਦੇ । ਸੰਨ ੧੮੪੯-੫੦ ਵਿਚ ਭੀ ਲਾਹੌਰ ਦੀ ਸਿੱਖ ਬਾਦਸ਼ਾਹਤ ਖਤਮ ਹੋਣ ਪਿਛੋਂ ਅੰਗਰੇਜ਼ੀ ਹਕੂਮਤ ਦੇ ਵਿਰੋਧੀਆਂ ਨੂੰ ਫੜ ਕੇ ਸਜ਼ਾਵਾਂ ਦੇਵਣ ਲਈ ਲਿਆਂਦਾ ਜਾਂਦਾ ਸੀ ।

ਸੰਨ ੧੮੫੭ ਦੇ ਗ਼ਦਰ ਪਿਛੋਂ ਭੀ ਅੰਗਰੇਜ਼ ਨੇ ਵਦੇਸ਼ੀ ਹਕੂਮਤ ਦੇ ਬਰਖਲਾਫ ਜੰਗ ਵਿਚ ਹਿੱਸਾ ਲੈਣ ਵਾਲਿਆਂ ਨੂੰ ਬਾਹਰੋਂ ਪਿੰਡਾਂ ਥਾਵਾਂ ਤੋਂ ਪਕੜ ਪਕੜਕੇ ਫ਼ਾਸੀਆਂ ਤੇ ਚਾੜ੍ਹਿਆ ਅਤੇ ਤੋਪਾਂ ਨਾਲ ਉਡਾਇਆ । ਗ਼ਦਰ ਤੋਂ ੧੫ ਸਾਲ ਪਿਛੋਂ, ਪਹਿਲੀ ਵਾਰ ਨਾਮਧਾਰੀ ਸਿੰਘਾਂ ਦਾ ਸ਼ਹੀਦੀ ਜਥਾ ਮੁਲਕ ਦੀ ਵਿਦੇਸ਼ੀ ਸਰਕਾਰ ਦੇ ਖਲਾਫ ਜੰਗ ਕਰਨ ਦੇ ਜੁਰਮ ਵਿਚ ਮੌਤ ਘਾਟ ਵਲ ਨੂੰ ਲਜਾਇਆ ਜਾ ਰਿਹਾ ਸੀ । ਪਰ ਇਸ ਜਥੇ ਦੀ ਵਲੱਖਣਤਾ ਇਹ ਸੀ ਕਿ ਜਥੇ ਦੇ ਸਾਰੇ ਬੰਦੇ ਸਰਦਾਰ ਸ਼ਾਮ ਸਿੰਘ ਜੀ ਅਟਾਰੀ ਵਾਲੇ ਦੀ ਤਰ੍ਹਾਂ ਘਰੋਂ ਹੀ ਸਿਰਾਂ ਤੇ ਖੱਫਣ ਬੰਨ੍ਹਕੇ ਅਤੇ ਮੌਤ ਕਬੂਲਕੇ ਤੁਰੇ ਸਨ । ਗਰਿਫਤਾਰ ਹੋਣ ਪਿਛੋਂ ਨਾਮਧਾਰੀ ਸਿੰਘ ਆਪਣੇ ਨਸ਼ਾਨੇ ਯਾ ਮਰਨ ਲਈ ਬਹੁਤ ਕਾਹਲੇ ਪਏ ਹੋਏ ਸਨ । ਮਿਸਟਰ ਕਾਵਨ ਭੀ, ਸਰਕਾਰੀ ਕਾਨੂੰਨ, ਉਪਰਲੇ ਅਫਸਰਾਂ ਦੇ ਹੁਕਮ, ਮੁਕੱਦਮਿਆਂ ਸਬੰਧੀ ਜ਼ਰੂਰ ਕਾਰਵਾਈਆਂ, ਮਿਸਲਾਂ ਦੇ ਪੇਟ ਭਰਨ, ਆਦਿ ਨੂੰ ਪਰੇ ਸੁਟ ਕੇ ਨਾਮਧਾਰੀਆਂ ਲਈ ਪੂਰਾਂ ਯਮਦੂਤ ਬਣਿਆ ਖੜ੍ਹਾ ਸੀ । ਸਰਕਾਰ ਅੰਗਰੇਜ਼ੀ ਦੀ ਸਲਾਮਤੀ, ਰੁਹਬ, ਦਬਦਬਾ ਅਤੇ ਇੱਜ਼ਤ ਉਹ ਇਸੇ ਗੱਲ ਵਿਚ ਸਮਝਦਾ ਸੀ ਕਿ ਕੋਟਲੇ ਪਹੁੰਚਦਿਆਂ ਸਾਰ ਹੀ ਕੂਕਿਆਂ ਨੂੰ ਇਕ ਦਮ ਮਾਰ ਮੁਕਾ ਦਿਤਾ ਜਾਵੇ । ਉਸ ਦੇ ਦਿਲ ਨੂੰ ਇਹ ਵਹਿਮ



Sri Satguru Jagjit Singh Ji eLibrary NamdhariElibrary@gmail.com

ਖਾਈ ਜਾ ਰਿਹਾ ਸੀ, ਕਿ ਜੇ ਇਤਨੀ ਕਰੜੀ ਸਜ਼ਾ ਨਾ ਦਿਤੀ ਗਈ, ਤਦ ਥੋੜੇ ਦਿਨਾਂ ਅੰਦਰ ਹੀ ਮੁਲਕ ਵਿਚ ਚੌਧੇ ਦੇ ਗ਼ਦਰ ਦੇ ਹਾਲਾਤ ਮੁੜ ਫੇਰ ਪੈਦਾ ਹੋ ਜਾਵਣਗੇ।"

['ਨਾਮਧਾਰੀ ਇਤਿਹਾਸ, ਪਹਿਲਾ ਹਿੱਸਾ'
ਪੰਨਾ ੪੨੮-੨੯]

ਇਹਨਾਂ ਸ਼ਹੀਦਾਂ ਦੇ ਨਾਮ, ਨਾਮਧਾਰੀ ਇਤਿਹਾਸਕਾਰਾਂ, ਲੇਖਕਾਂ ਅਤੇ ਖੋਜੀਆਂ ਨੇ ਉਜਾਗਰ ਕੀਤੇ ਹਨ। ਇਹ ਉਹਨਾਂ ਹੀ ਦਸਿਆ ਕਿ ਕਾਵਨ ਦੀ ਦਾੜ੍ਹੀ ਫੜਨ ਵਾਲਾ 'ਤਾਕਤਵਰ ਆਦਮੀ' ਅਸਲ ਵਿਚ ਇਰ ੧੨ ਸਾਲ ਦਾ ਹੀ ਬੱਚਾ ਸੀ।

ਪਰਸਿੱਧ ਨਾਮਧਾਰੀ ਲੇਖਕ ਸੰਤ ਨਿਧਾਨ ਸਿੰਘ ਆਲਮ ਆਪਣੀ ਮਸ਼ਹੂਰ ਪੁਸਤਕ "ਜੁਗ ਪਲਟਾਊ ਸਤਿਗੁਰੂ" ਵਿਚ ਲਿਖਦੇ ਹਨ :

"ਅੱਜ ੧੭ ਜਨਵਰੀ ਨੂੰ ਹੀ ਏਨ੍ਹਾਂ ਕੂਕੇ ਬੀਰਾਂ ਦੀ ਕਿਸਮਤ ਦਾ ਫੈਸਲਾ ਕਰਨ ਵਾਸਤੇ ਇਨ੍ਹਾਂ ਨੂੰ ਮਲੇਰਕੋਟਲੇ ਦੇ ਬਾਹਰ ਜਮਾਲਪੁਰ ਪਿੰਡ ਕੋਲ ਉਸ ਰੱਕੜ ਵਿਚ ਲਿਜਾਇਆ ਗਿਆ ਜੋ ਓਦੋਂ ਤੋਂ ਲੈ ਕੇ ਅਜ ਤਕ "ਕੂਕਿਆਂ ਦਾ ਰੱਕੜ" ਕਹਿਕੇ ਪੁਕਾਰਿਆ ਜਾਂਦਾ ਹੈ, ਇਕ ਬੰਨੇ ਕੂਕੇ ਕਤਾਰ ਵਿਚ ਖੜੇ ਸਨ ਤਾਂ ਦੂਜੇ ਬੰਨੇ ਨਾਲ ਹੀ ਰਸਾਲਿਆਂ ਤੇ ਫ਼ੋਜਾਂ ਦੇ ਸਰਦਾਰ ਅਫਸਰ ਤੇ ਸਿਪਾਈ ਵਰਦੀਆਂ ਤੇ ਹਥਿਆਰਾਂ ਨਾਲ ਤਿਆਰ-ਬਰ-ਤਯਾਰ ਫਾਲਨ ਹੋਏ ਸਨ।[1] ਇਕ ਬੰਨੇ ਕਾਵਨ ਦੇ ਹੁਕਮ ਨਾਲ ੭ ਤੋਪਾਂ ਵੱਖੋ ਵੱਖ ਬੀੜੀਆਂ ਗਈਆਂ। ਕਾਵਨ ਨੇ ਕਿਸੇ ਤ੍ਰਾਂ ਦਾ ਮੁਕੱਦਮਾ ਚਲਾਣ ਅਤੇ ਸਿੰਘਾਂ ਨੂੰ ਸਫ਼ਾਈ ਦੇਣ ਦਾ ਮੌਕਾ ਦੇਣ ਤੋਂ ਬਿਨਾਂ, ਉਨ੍ਹਾਂ ਨੂੰ ਤੋਪਾਂ ਨਾਲ ਉਡਾ ਦੇਣ ਦਾ ਫ਼ੈਸਲਾ ਕੀਤਾ। ਭਾਵੇਂ ਅਜੇਹਾ ਕਰਨਾ ਉਸ ਦੇ ਅਧਿਕਾਰਾਂ ਦੇ ਉੱਕਾ ਹੀ ਉਲਟ ਸੀ, ਅਤੇ ਉਸਦੇ ਅਫਸਰ ਕਮਿਸ਼ਨਰ ਅੰਬਾਲਾ ਨੇ ਵੀ ਉਸ ਨੂੰ ਅਪਣੀ ਇਕ ਚਿੱਠੀ ਰਾਹੀਂ ਕੂਕਿਆਂ ਨੂੰ ਮੌਤ ਦੀ ਸਜ਼ਾ ਦੇਣ ਤੋਂ ਰੋਕਦਿਆਂ ਹੋਇਆਂ ਲਿਖਿਆ ਸੀ ਕਿ ਉਹ ਮੌਕੇ ਤੇ ਪੁਜ ਰਿਹਾ ਹੈ, ਇਸ ਲਈ ਉਸ ਦੇ ਔਣ ਤੋਂ ਪਹਿਲਾਂ ਕਿਸੇ ਨੂੰ ਮੌਤ ਦੀ ਸਜ਼ਾ ਨਾ ਦੇਣੀ। ਪਰ ਕਾਵਨ ਨੇ ਇਸ ਗੱਲ ਦੀ ਰਤਾ ਪ੍ਰਵਾਹ ਨਾ ਕੀਤੀ ਤੇ ਸਿੰਘਾਂ ਨੂੰ ਤੋਪਾਂ ਅੱਗੇ ਉਡਾਣ ਲਈ ਤਿਆਰ ਹੋ ਗਿਆ। ਏਧਰ ਆਸ਼ਕ ਵੀ ਤੋਪਾਂ ਨੂੰ ਵੇਖ ਵੇਖ ਮੁਸਕਰਾ ਰਹੇ ਸਨ, ਦਰਸ਼ਕ ਹਜ਼ਾਰਾਂ ਦੀ ਗਿਣਤੀ ਵਿਚ ਇਹ ਨਜ਼ਾਰਾ ਤੱਕਣ ਲਈ ਖੜੇ ਸਨ ਕਿ ਕੂਕੇ ਕਿਸਤ੍ਰਾਂ ਮੌਤ ਨੂੰ ਟਿਚਕਰਾਂ ਕਰਨ ਦੇ ਆਦੀ ਹਨ। ਕਾਵਨ ਤੇ ਉਸਦੀ ਮੇਮ ਕੁਰਸੀਆਂ ਡਾਹੀ ਬੈਠੇ ਸਨ। ਸਰਕਾਰੀ ਕਾਗਤਾਂ ਵਿਚ ਲਿਖਿਆ ਹੈ ਕਿ ਕੂਕਿਆਂ ਨੂੰ ਤੋਪਾਂ ਦੇ ਮੂੰਹਾਂ ਨਾਲ ਬੰਨ੍ਹਕੇ ਉਡਾਇਆ ਜਾਂਦਾ ਸੀ, ਪਰ ਇਹ ਉੱਕਾ ਹੀ ਝੂਠ ਹੈ। ਕਿਉਂਕਿ ਮਾਈ ਇੰਦ ਕੌਰ ਅਤੇ ਮਾਈ ਖੇਮ ਕੌਰ ਜੋ ਹਮਲੇ ਅਤੇ ਗ੍ਰਿਫਤਾਰੀ ਦੇ ਸਮੇਂ ਵੀ ਨਾਲ ਸਨ, ਅਤੇ ਉਨ੍ਹਾਂ ਨੂੰ ਕਾਵਨ ਨੇ ਬਦੋਬਦੀ ਛਡ ਦਿਤਾ ਸੀ। ਪਰ ਉਨ੍ਹਾਂ ਨੇ ਸਿੰਘਾਂ ਦੀਆਂ ਸ਼ਹੀਦੀਆਂ ਅਪਣੇ ਨੇਤ੍ਰਾਂ ਸਉਂਹੇ ਤੱਕੀਆਂ ਸਨ। ਉਨ੍ਹਾਂ ਦਾ ਬਿਆਨ ਹੈ ਕਿ ਸਿੰਘਾਂ ਨੇ ਬੱਝਣ ਤੋਂ ਨਾਂਹ ਕਰ ਦਿਤੀ ਸੀ, ਅਤੇ ਉਹ ਛਾਲਾਂ ਮਾਰ ਮਾਰ ਕੇ ਇਕ ਦੂਜੇ ਤੋਂ ਮੂਹਰੇ ਸ਼ਹੀਦ ਹੋਣ ਲਈ ਤੋਪਾਂ ਅੱਗੇ ਜਾ ਖਲੋਂਦੇ ਸਨ। ਹੁਕਮ ਸੀ ਕਿ ਤੋਪ ਵੱਲ ਪਿੱਠ ਕਰਕੇ ਖਲੋਤਾ ਜਾਏ, ਪ੍ਰੰਤੂ ਓਹਨਾਂ ਨੇ ਇਹ ਕਹਿਕੇ ਇਸ ਹੁਕਮ ਨੂੰ ਮੰਨਣ ਤੋਂ ਨਾਂਹ ਕਰ ਦਿਤੀ ਸੀ ਕਿ ਸੂਰਬੀਰ ਸਿਖ ਪਿੱਠ ਵਿਚ ਨਹੀਂ, ਛਾਤੀ ਵਿਚ ਗੋਲਾ ਖਾਕੇ ਖੁਸ਼ ਹੁੰਦੇ ਹਨ। ਮੌਤ ਵਲ ਕੰਡ ਕਰਨਾ ਕਾਇਰਾਂ ਦਾ ਕੰਮ ਹੈ।

ਉਸ ਵੇਲੇ ਦੇ ਦ੍ਰਿਸ਼ਯ ਤੋਂ ਐਉਂ ਜਾਪਦਾ ਸੀ ਕਿ ਮਾਤ-ਭੂਮੀ ਦੇ ਸਿਤਾਰੇ ਕੂਕੇ ਬੀਰ, ਗਊ ਗ੍ਰੀਬ ਦੇ ਗਲ ਤੋਂ ਛੁਰੀ ਲਹੁਣ ਅਤੇ ਮਾਤ-ਭੂਮੀ ਦਿਆਂ ਚਰਨਾਂ ਵਿਚੋਂ ਅੰਗਰੇਜ਼ ਅਧੀਨਤਾ ਦੀਆਂ ਬੇੜੀਆਂ ਕੱਟਣ ਦੇ ਮਨੋਰਥ ਨਾਲ ਸ਼ਹੀਦਾਂ ਦੇ ਲਬਾਲਬ ਜਾਮ ਪਾਨ ਕਰਨ ਲਈ ਉਤਾਵਲੇ ਹੋ ਰਹੇ ਸਨ।

## ਫ਼ਾਇਰ ਦਾ ਹੁਕਮ

ਕਾਵਨ ਨੇ ੭ ਮਸਤਾਨਿਆਂ ਨੂੰ ਤੋਪ ਅਗੇ ਖੜੇ ਹੋਣ ਦਾ ਹੁਕਮ ਦਿਤਾ। ਇਸ ਪਹਿਲੇ ਗਰੁਪ ਵਿਚ ਸ੍ਰ. ਹੀਰਾ ਸਿੰਘ ਜੀ ਅਤੇ ਸ੍ਰ. ਲਹਿਣਾ ਸਿੰਘ ਜੀ ਵੀ ਸਨ। ਤੋਪਚੀ ਨੇ ਤਿੰਨ ਵਾਰ ਪਲੀਤਾ ਦਾਗਿਆ, ਪਰ ਮਿਸ ਹੋ ਜਾਂਦਾ ਰਿਹਾ। ਸ੍ਰ. ਹੀਰਾ ਸਿੰਘ ਜੀ ਨੇ ਮੁਸਕ੍ਰਾਂਦਿਆਂ ਹੋਇਆਂ ਕਿਹਾ— ਕਾਵਨ! ਤੁਹਾਡਾ ਕਾਨੂੰਨ ਵੇਖਣਾਂ ਸੀ। ਹੁਣ ਮੇਰੇ ਸਤਿਗੁਰੂ ਜੀ ਦਾ ਹੁਕਮ ਹੋ ਗਿਆ ਹੈ। ਚਲਾਓ ਤੋਪ। ਤੋਪਚੀ ਨੇ ਫੈਰ ਕੀਤਾ। ਬਸ ਫੇਰ ਕੀ ਸੀ, ਮਸਤਾਨੇ ਸਿੰਘਾਂ ਦੇ ਪੰਜ

1. ਸਰਕਾਰ ਦੇ ਕੇਂਦਰੀ ਫ਼ਾਈਲ ਵਿਖੇ ਅੰਕਿਤ ਇਕ ਰਪੋਟ ਵਿਚ ਲਿਖਿਆ ਹੈ ਕਿ ਮਹਾਰਾਜਾ ਪਟਿਆਲਾ, ਨਾਭਾ ਤੇ ਜੀਂਦ ਵਲੋਂ ਕੂਕੇ ਸਿਖਾਂ ਨੂੰ ਉਡਾਣ ਲਈ ੯ ਤੋਪਾਂ ਭੇਜੀਆਂ ਗਈਆਂ ਸਨ। ('ਕੂਕਾ ਫਾਈਲ ਕੇਂਦਰੀ') ਪੁਸਤਕ ਦਾ ਫੁਟਨੋਟ)



Sri Satguru Jagjit Singh Ji eLibrary NamdhariElibrary@gmail.com

ਭੂਤਕ ਸਰੀਰ ਛਿਨ ਮਾਤ੍ਰ ਵਿਚ ਫਿੱਤੀ ਫਿੱਤੀ ਹੋਕੇ, ਅਕਾਸ਼ ਵਿਚ ਉਡ ਰਹੇ ਪ੍ਰਮਾਣੂਆਂ ਵਿਚ ਲੀਨ ਹੋ ਗਏ। ਮਾਈਆਂ ਦੇ ਲਾਲ ਵਾਰੀ ਵਾਰੀ ਤੋਪਾਂ ਅਗੇ ਜਾਂਦੇ ਹੋਏ ਗੱਜ ਕੇ ਜੈਕਾਰਾ ਗਜਾਂਦੇ ਤੇ ਇਹ ਗੀਤ ਗਾਉਂਦੇ ਸਨ—

"ਬਿੱਲਿਆ ਡੇਰ ਨਾ ਲਾ ਓਏ ਮੇਰਾ ਸਾਥ ਜਾਂਦਾ ਹੈ।"

੪੯ ਸਿੰਘ ਸ਼ਹੀਦ ਹੋ ਚੁਕੇ ਸਨ। ਮਾਈ ਖੇਮ ਕੌਰ (ਰੜ) ਦੇ ਇਕਲੌਤੇ ਲਾਲ ਬਿਸ਼ਨ ਸਿੰਘ ਦੀ ਵਾਰੀ ਆਈ। ਇਸਦੀ ਉਮਰ ਕੇਵਲ ੧੨ ਸਾਲ ਸੀ।

## ਅਦੁਤੀ ਸ਼ਹੀਦੀ

ਇਸ ਦੀ ਭੋਲੀ ਭਾਲੀ ਸੂਰਤ ਤੇ ਬਚਪਨ ਦੀ ਉਮਰ ਵੇਖ ਕੇ ਕਾਵਨ ਦੀ ਮੇਮ ਨੇ ਕਿਹਾ, ਕਿ 'ਮਾਈ ਡੀਅਰ! ਇਸੇ ਮਾਫ ਕੀਆ ਜਾਵੇ' ਕਾਵਨ ਨੇ ਕਿਹਾ ਕਿ ਐਸਾ ਹੋ ਸਕਦਾ ਹੈ, ਪਰ ਜੇ ਉਹ ਕਹਿ ਦੇਵੇ ਕਿ 'ਮੈਂ ਸਤਿਗੁਰੂ ਰਾਮ ਸਿੰਘ ਦਾ ਸਿੱਖ ਨਹੀਂ' ਇਹ ਗੱਲ ਕਾਵਨ ਦੇ ਮੂੰਹੋਂ ਨਿਕਲਨ ਦੀ ਦੇਰ ਸੀ, ਕਿ ਉਹ ਬੱਚਾ ਜੋਸ਼ ਵਿਚ ਆਇਆ ਤੇ ਇਕ ਛਾਲ ਮਾਰਕੇ ਕਾਵਨ ਤੇ ਝਪਟਿਆ। ਉਸਨੂੰ ਦਾੜ੍ਹੀ ਤੋਂ ਫੜ ਲਿਆ[2] ਤੇ ਧਰਤੀ ਤੇ ਸਿਟਦਿਆਂ ਹੋਇਆਂ ਕਿਹਾ:— ਬਿੱਲਿਆ! ਫੇਰ ਕਹੇਂਗਾ ਕਿ ਬਿਸ਼ਨ ਸਿੰਘ ਸਤਿਗੁਰੂ ਰਾਮ ਸਿੰਘ ਜੀ ਦਾ ਸਿੱਖ ਨਹੀਂ? ਬੀਰ ਬਿਸ਼ਨ ਸਿੰਘ ਨੇ ਤਦ ਤਕ ਕਾਵਨ ਦੀ ਦਾੜ੍ਹੀ ਨਾਂ ਛੱਡੀ ਜਦ ਤਕ ਕੋਲ ਖੜੇ ਅਹਿਲਕਾਰਾਂ ਨੇ ਤਲਵਾਰਾਂ ਨਾਲ ਟੋਟੇ ਕਰਕੇ ਉਸਨੂੰ ਸ਼ਹੀਦ ਨਾ ਕਰ ਦਿਤਾ। ਮਾਈ ਖੇਮ ਕੌਰ ਤੇ ਇੰਦ ਕੌਰ ਨੇ ਭਾਵੇਂ ਬੜੇ ਤਰਲੇ ਕੀਤੇ, ਕਿ ਉਨ੍ਹਾਂ ਨੂੰ ਵੀ ਤੋਪਾਂ ਅਗੇ ਉਡਾਕੇ ਸ਼ਹੀਦ ਬੀਰਾਂ ਦੀ ਫਹਿਰਸਤ ਵਿਚ ਸ਼ਾਮਿਲ ਕੀਤਾ ਜਾਵੇ, ਪਰ ਕਾਵਨ ਨੇ ਉਨ੍ਹਾਂ ਨੂੰ ਪਟਿਆਲਾ ਫੌਜਾਂ ਦੇ ਕਮਾਨ ਅਫਸਰ ਦੇ ਸਪੁਰਦ ਕਰ ਦਿਤਾ, ਜਿਨ੍ਹਾਂ ਨੂੰ ਪਟਿਆਲਾ ਰਿਆਸਤ ਦੀ ਹੱਦ ਵਿਚ ਲੈ ਜਾਕੇ ਛਡ ਦਿਤਾ ਗਿਆ।"

(ਪੰਨਾ ੧੭੮ ਤੋਂ ੧੮੨)

ਨਿਰੰਜਨ ਸਿੰਘ ਮ੍ਰਿਗੇਸ਼ ਕਵੀ ਨੇ ਇਤਿਹਾਸਕ ਪ੍ਰਸੰਗ ਵਿਚ ਰੱਖ ਕੇ ਨਾਮਧਾਰੀ ਸ਼ਹੀਦਾਂ ਦੀ ਸ਼ਹਾਦਤ ਨੂੰ ਬਿਆਨ ਕੀਤਾ ਹੈ:

ਸ਼ਾਹ ਮਨਸੂਰ ਚੜ੍ਹਿਆ ਇਕ ਸੂਲੀ
ਓਹਨੂੰ ਸ਼ਾਬਸ ਕਹਿਆ ਲੁਕਾਈ
ਸ਼ੱਮਸ ਖੱਲ ਲਹਾਵਣ ਜਾਂਦੇ
ਕਈ ਡਿੱਠੇ ਚਾਈਂ ਚਾਈਂ
ਰਾਮ ਮ੍ਰਿਗੇਸ਼ ਗੁਰਾਂ ਦੇ ਸੇਵਕ
ਜਿਨ੍ਹਾਂ ਸਿਰ ਸਿਰ ਬਾਜ਼ੀ ਲਾਈ
ਕਰਨ ਮਜ਼ਾਖ਼ਾਂ ਤੋਪਾਂ ਨੂੰ
ਗਲ ਹੱਸ ਹੱਸ ਫ਼ਾਂਸੀ ਪਾਈ।

ਮਲੇਰਕੋਟਲੇ ਵਿਚ ਸ਼ਹੀਦ ਹੋਣ ਵਾਲੇ ਸਿੰਘਾਂ ਦਾ ਪਰਸੰਗ ਲੂੰ ਕੰਡੇ ਖੜੇ ਕਰ ਦੇਣ ਵਾਲਾ ਹੈ। ਐਸੀ ਥੋਕ ਸ਼ਹਾਦਤ ਉਸ ਤੋਂ ਬਾਦ ਨਹੀਂ ਹੋਈ। ਪਰ ਇਸ ਵਿਚੋਂ ਬਿਸ਼ਨ ਸਿੰਘ ਦੀ ਸ਼ਹਾਦਤ ਅਤੇ ਵਰਿਆਮ ਸਿੰਘ ਦੀ ਸ਼ਹਾਦਤ ਹੋਰ ਵੀ ਸਿਰਕਢਵੀਆਂ ਹਨ। ਵਰਿਆਮ ਸਿੰਘ ਨੂੰ ਛੋਟਾ ਕੱਦ ਹੋਣ ਦੇ ਬਹਾਨੇ ਛਡਿਆ ਜਾਣ ਲਗਾ ਤਾਂ ਉਹ ਢੇਮਾਂ ਤੇ ਖਲੋ ਕੇ ਤੋਪ ਦਾ ਹਾਣੀ ਹੋ ਗਿਆ। ਦੂਸਰੇ ਦਿਨ ੧੮ ਜਨਵਰੀ ਨੂੰ ਜਿਨ੍ਹਾਂ ੧੬ ਸਿੰਘਾਂ ਨੂੰ ਤੋਪਾਂ ਨਾਲ ਸ਼ਹੀਦ ਕੀਤਾ ਗਿਆ ਉਹਨਾਂ ਵਿਚ ਦੋ ਵਰਿਆਮ ਸਿੰਘ ਸਨ। ਸਰਕਾਰੀ ਕਾਗਜ਼ਾਂ ਵਿਚ ਇਕ ਵਰਿਆਮ ਸਿੰਘ ਚੂਨਾ ਬਹਾਦਰ ਸਿੰਘ ਜ਼ਿਲ੍ਹਾ ਲੁਧਿਆਣਾ ਦਾ ਸੀ ਅਤੇ ਦੂਸਰਾ ਵਰਿਆਮ ਸਿੰਘ ਮੁਰਾਜ ਪਿੰਡ ਦਾ ਸੀ। ਇਹ ਮੁਰਾਜ ਪਿੰਡ ਵਾਲਾ ਵਰਿਆਮ ਸਿੰਘ ਢੇਮਾਂ ਉਪਰ ਖਲੋ ਕੇ ਸ਼ਹੀਦ ਹੋਇਆ ਸੀ।

ਸ਼ਹੀਦ ਬਿਸ਼ਨ ਸਿੰਘ ਬਾਰੇ ਇਤਿਹਾਸਕਾਰ ਨਾਹਰ ਸਿੰਘ ਲਿਖਦੇ ਹਨ "ਨਾਮਧਾਰੀਆਂ ਵਿਚੋਂ ਬਿਸ਼ਨ ਸਿੰਘ ਨੇ ਫ਼ੌਜੀ ਗਾਰਦ ਦੇ ਘੇਰੇ ਵਿਚੋਂ ਨਿਕਲ ਕੇ ਮਿਸਟਰ ਕਾਵਨ ਨੂੰ ਸੰਘੀਓਂ ਜਾ ਫੜਿਆ। ਸਾਹਿਬ ਦੀ ਟੋਪੀ ਲਹਿ ਗਈ ਅਤੇ ਘੋਰੜੂ ਵੱਜਣ ਲੱਗਾ। ਗਾਰਦ ਦੇ ਸਿਪਾਹੀਆਂ ਨੇ ਤਲਵਾਰਾਂ ਨਾਲ ਸ਼ਹੀਦ ਕਰ ਦਿਤਾ। ਸਤਿਗੁਰੂ ਬਿਲਾਸ ਦਾ ਕਰਤਾ ਪੰਨਾ ੪੧੮ ਤੇ ਲਿਖਦਾ ਹੈ, ਕਿ ਨਾਭੇ ਵਾਲੇ ਕਾ ਸਿਪਾਹੀ ਬ੍ਰਹਿਮਣ ਥਾ ਤਿਸ ਨੇ ਸ੍ਰੀ ਸਾਹਿਬ ਮਾਰ ਕੇ ਸਿੰਘ ਕਾ ਸਿਰ ਜੁਦਾ ਕਰ ਦੀਆ।"...(ਪੰਨਾ ੪੩੮)

—

ਨਾਮਧਾਰੀ ਦ੍ਰਿਸ਼ਟੀਕੋਣ ਤੋਂ ਲਿਖੀ ਸਵਰਗੀ ਸੰਤ ਇੰਦਰ ਸਿੰਘ ਚਕ੍ਰਵਰਤੀ ਦੀ ਮਸ਼ਹੂਰ ਕਵਿਤਾ ਦੀਵਾਨਾਂ ਵਿਚ ਅਕਸਰ ਪੜ੍ਹੀ ਜਾਂਦੀ ਰਹੀ ਹੈ। ਇਸ ਸ਼ਹੀਦ ਬਾਲਕ

2. ਕਾਵਨ ਪਾਦਰੀ ਸੀ, ਜਿਸ ਕਰਕੇ ਉਹ ਦਾੜ੍ਹੀ ਰਖਦਾ ਸੀ। (ਪੁਸਤਕ ਦਾ ਫੁਟਨੋਟ)



Sri Satguru Jagjit Singh Ji eLibrary NamdhariElibrary@gmail.com

ਦੀ ਸਿਮ੍ਰਤੀ ਵਿਚ ਲਿਖੀ ਇਸ ਕਾਵਿ-ਰਚਨਾ ਨੂੰ ਇਥੇ ਦਰਜ ਕਰਨਾ ਜ਼ਰੂਰੀ ਹੈ :—

ਮੇਮ ਆਖਿਆ ਸਾਹਿਬ ਨਾ ਮਾਰ ਇਸ ਨੂੰ,
ਤਰਸ ਕਰ ਕੁਝ ਏਸ ਨਾਦਾਨ ਉਤੇ ।
ਫਸਿਆਂ ਇਹ ਅਨਜਾਣ ਅਨਭੋਲ ਐਵੇਂ,
ਡਿੱਠਾ ਕੁਝ ਨਹੀਂ ਏਸ ਜਹਾਨ ਉਤੇ ।
ਸ਼ਕਲ ਵੇਖ ਇਸ ਦੀ ਅਕਲ ਗੁੰਮ ਹੋਵੇ,
ਕਿਵੇਂ ਬੱਧਾ ਸੂ ਲੱਕ ਮਰ ਜਾਣ ਉਤੇ ।
ਕਰੇ ਜੀ ਜਾਣੀਂ ਯੂਰਪ ਵਾਰ ਘੱਤਾਂ,
ਏਸ ਸੋਹਣਿਆਂ ਦੇ ਮਿਹਰਬਾਨ ਉਤੇ ।

* * * *

ਇਹ ਕਹੇ ਮੈਂ ਸਿੱਖ ਨਹੀਂ ਗੁਰੂ ਰਾਮ ਸਿੰਘ ਦਾ,
ਇਸਨੂੰ ਮਰਨ ਤੋਂ ਮੈਂ ਬਚਾ ਦਿਆਂਗਾ ।
ਸਿੱਖੀ ਛੱਡ ਬਣੇ ਵਫ਼ਾਦਾਰ ਪਰਜਾ,
ਜਿਥੇ ਕਹੇ ਮੈਂ ਘਰ ਪਹੁੰਚਾ ਦਿਆਂਗਾ ।
ਰੱਖੇ ਐਂਠ ਕੂਕਿਆਂ ਵਾਲੀ ਜੇ ਇਹ ਵੀ,
ਅੱਗੇ ਤੋਪ ਦੇ ਧਰ ਉਡਾ ਦਿਆਂਗਾ ।
ਲੱਕ ਜਾਨਣਗੇ ਕੀ ਅੰਗਰੇਜ਼ ਤਾਈਂ,
ਮੈਂ ਵੀ ਆਪਣਾ ਜ਼ੋਰ ਵਿਖਾ ਦਿਆਂਗਾ ।

* * * *

ਲੰਮੀ ਦਾੜ੍ਹੀ ਨੂੰ ਪਾਇਕੇ ਹੱਥ ਦੋਵੇਂ,
ਝਟਕਾ ਮਾਰ ਕੇ ਖੂਬ ਹਲਾ ਦਿਤੀ ।
ਫੇਰ ਕਹੇਂਗਾ ਮੈਨੂੰ ਮੈਂ ਸਿੱਖ ਨਾਹੀਂ,
ਗਰਜ ਸ਼ੇਰ ਨੇ ਜਾਨ ਸੁਕਾ ਦਿਤੀ ।
ਨਾਭੇ ਵਾਲੇ ਦਾ ਖੜ੍ਹਾ ਸਿਪਾਹੀ ਜਿਸ ਨੇ,
ਹਾਲ ਵੇਖ ਤਲਵਾਰ ਚਲਾ ਦਿਤੀ ।
ਛੱਡੇ ਹੱਥ ਪਿੱਛੋਂ ਪਹਿਲਾਂ ਬਿਸ਼ਨ ਸਿੰਘ ਨੇ,
ਸੋਹਣੀ ਜਿੰਦੜੀ ਘੋਲ ਘੁਮਾ ਦਿਤੀ ।

ਮੌਤ ਦੇ ਮੂੰਹ ਦੇ ਕੋਲ ਖਲੋਤੇ ਜੱਥੇ ਦੇ ਜਥੇਦਾਰ ਦਾ ਵਾਰਤਾਲਾਪ ਹੋਇਆ । ਅਣਛਪੀ ਪੁਸਤਕ 'ਸਤਿਗੁਰ ਬਿਲਾਸ' ਪੰਨਾ ੪੧੮ ਤੇ ਇਵੇਂ ਦਰਜ ਹੈ :

"ਬਿੱਲੇ ਨੇ ਹੀਰਾ ਸਿੰਘ ਸੇ ਪੁੱਛਿਆ, ਤੁਮ ਨੇ ਕਿਉਂ ਗਦਰ ਮਚਾਇਆ ਹੈ, ਹੀਰਾ ਸਿੰਘ ਨੇ ਕਿਹਾ ਅਸੀਂ ਫਰੰਗੀਆਂ ਕਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ । ਜਦ ਤਕ ਥੋੜਾ ਰਾਜ ਨਹੀਂ ਮੁਕਦਾ ਤਦ ਤਕ ਗਦਰ ਮਚਾਵਾਂਗੇ, ਸਿਰ ਲਵਾਂਗੇ ਤੇ ਦੇਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ, ਮੁੜ ਮੁੜ ਜਮਾਂਗੇ ਤੇ ਤੁਹਾਨੂੰ ਮਾਰਾਂਗੇ ।..."

(ਟੂਕ ਨਾਮਧਾਰੀ ਇਤਿਹਾਸ,
ਸ. ਨਾਹਰ ਸਿੰਘ, ਪੰਨਾ ੪੩੪)

ਬਾਦ ਵਿਚ ਸਮਕਾਲੀ ਅਖਬਾਰਾਂ ਨੇ ਵੀ ਇਸ ਕਤਲੇ-ਆਮ ਦੇ ਵੇਰਵੇ ਦਿਤੇ ਸਨ । ਇਹਨਾਂ ਅਖਬਾਰਾਂ ਵਿਚ ਸਰਕਾਰ-ਪੱਖੀ ਵੀ ਸਨ । ਪਰ ਦਿਤੇ ਵੇਰਵੇ ਸ਼ਹਾਦਤ ਦੇ ਅਮਲ ਨੂੰ ਲਿਸ਼ਕਾਉਂਦੇ ਹੀ ਹਨ । 'ਦੀ ਇੰਗਲਿਸ਼ਮੈਨ' ੩੧ ਜਨਵਰੀ ੧੮੭੨ ਨੇ 'ਕੂਕਾ ਆਊਟ ਬਰੇਕ' ਦੇ ਸਬ-ਹੈਡਿੰਗ ਵਿਚ ਲਿਖਦਿਆਂ ਕਿਹਾ—

At the execution of the Kukas of Maleikotla an immence concourse of natives turned out to behold the terrible spectacle and we learn from native source that it had a most impressive effect on the whole population. 9 Guns were placed in position of which 7 were reserved for the work of death, while two covered the prade. Six companies of infantry and four hundred cavalry guarded the ground. The spectators included the whole male population of Malerkotla and the adjacent towns and villages besides many thousands of women. The sight they witness was one they will never think of but with awe.

(ਕੂਕਿਆਂ ਦੀ ਮਾਲੇਰਕੋਟਲਾ ਵਿਖੇ ਸ਼ਹਾਦਤ ਸਮੇਂ ਸਥਾਨਕ ਲੋਕ ਭਾਰੀ ਗਿਣਤੀ ਵਿਚ ਇਸ ਭਿਆਨਕ ਦ੍ਰਿਸ਼ ਨੂੰ ਵੇਖਣ ਵਾਸਤੇ ਆਏ ਅਤੇ ਸਥਾਨਕ ਸੂਤਰਾਂ ਤੋਂ ਸਾਨੂੰ ਪਤਾ ਲਗਾ ਹੈ ਕਿ ਸਾਰੀ ਵਸੋਂ ਉਤੇ ਇਸ ਦਾ ਡੂੰਘਾ ਪਰਭਾਵ ਪਿਆ । ੯ ਤੋਪਾਂ ਪੁਜ਼ੀਸ਼ਨਾਂ ਤੇ ਰਖੀਆਂ ਗਈਆਂ ਸਨ ਉਹਨਾਂ ਵਿਚੋਂ ੭ ਮੌਤ ਦੇ ਕਾਰਜ ਵਾਸਤੇ ਸਨ ਅਤੇ ੨ ਰਾਖੀ ਵਾਸਤੇ ਸਨ । ਪੈਦਲ ਫੌਜ ਦੀਆਂ ਤਿੰਨ ਕੰਪਨੀਆਂ



Sri Satguru Jagjit Singh Ji eLibrary NamdhariElibrary@gmail.com

ਅਤੇ ਚਾਰ ਸੌ ਘੋੜ ਸਵਾਰ ਮੈਦਾਨ ਦੀ ਰਾਖੀ ਕਰ ਰਹੇ ਸਨ । ਦਰਸ਼ਕਾਂ ਵਿਚ ਮਲੇਰਕੋਟਲਾ ਅਤੇ ਲਾਗਲੇ ਪਿੰਡਾਂ ਕਸਬਿਆਂ ਦੀ ਕੁਲ ਮਰਦ ਆਬਾਦੀ ਕਈ ਹਜ਼ਾਰ ਔਰਤਾਂ ਤੋਂ ਇਲਾਵਾ ਸੀ । ਉਹਨਾਂ ਨੇ ਜੋ ਨਜ਼ਾਰਾ ਦੇਖਿਆ ਉਹ ਐਸਾ ਸੀ ਕਿ ਜਦੋਂ ਵੀ ਉਹ ਯਾਦ ਆਵੇਗਾ ਭੈਅ ਆਵੇਗਾ ।)

ਇਹ ਸਾਰਾ ਸ਼ਹੀਦੀ ਜੱਥਾ ਹੀ ਬਹੁਤ ਜੋਸ਼ ਵਿਚ ਸੀ। ਸਾਹਮਣੇ ਮੌਤ ਵੇਖ ਕੇ ਵੀ ਉਹਨਾਂ ਦੇ ਕਦਮਾਂ ਵਿਚ ਜ਼ਰਾ ਵੀ ਲਰਜ਼ਿਸ਼ ਨਹੀਂ ਆਈ। ਜ਼ਰਾ ਖਮ ਨਹੀਂ ਖਾਧਾ। ਕਾਵਨ ਨੇ ੨੭ ਜਨਵਰੀ ੧੮੭੨ ਦੀ ਚਿੱਠੀ ਵਿਚ ਹੀ ਲਿਖਿਆ ਸੀ :

The conduct of these prisoners was most defiant and unruly, they poured forth the most abusive language towards the Government and the chiefs of native states. All of them admited that they were present at the attacks on Malodh and Kotla, and gloried in the act.

(ਇਹਨਾਂ ਕੈਦੀਆਂ ਦਾ ਰਵੱਈਆ ਬਹੁਤ ਅਨ ਦਰ ਭਰਿਆ ਅਤੇ ਬੇਕਾਬੂ ਸੀ। ਉਹ ਸਰਕਾਰ ਅਤੇ ਦੇਸੀ ਰਿਆਸਤਾਂ ਦੇ ਰਜਵਾੜਿਆਂ ਵਿਰੁਧ ਸਭ ਤੋਂ ਵੱਧ ਗੰਦੀ ਬੋਲੀ ਵਰਤ ਰਹੇ ਸਨ। ਉਹਨਾਂ ਸਾਰਿਆਂ ਨੇ ਹੀ ਇਹ ਮੰਨਿਆ ਕਿ ਉਹ ਮਲੌਦ ਅਤੇ ਕੋਟਲੇ ਉਤੇ ਧਾਵੇ ਸਮੇਂ ਉਥੇ ਹਾਜ਼ਰ ਸਨ ਅਤੇ ਇਸ ਕੰਮ ਉਤੇ ਫਖਰ ਮਹਿਸੂਸ ਕਰ ਰਹ ਸਨ ।)

ਪੰਡਿਤ ਰਾਮ ਪ੍ਰਸਾਦ ਬਿਸਮਿਲ ਦਾ ਇਕ ਗੀਤ ਬਾਦ ਦੇ ਹਰ ਇਨਕਲਾਬੀ ਦੀ ਜ਼ਬਾਨ ਤੇ ਸੀ। ਉਸ ਦੇ ਪਹਿਲੇ ਦੋ ਸ਼ੇਅਰਾਂ ਨੂੰ ਅੱਗੜ-ਪਿੱਛੜ ਕਰਕੇ ਪੜ੍ਹਿਆ ਜਾਵੇ, ਗੱਲ ਕੁਝ ਇਵੇਂ ਦੀ ਬਣਦੀ ਹੈ —

ਯੂੰ ਖੜਾ ਮਕਤਲ ਮੇ ਕਾਤਲ ਕਹਿ ਰਹਾ ਹੈ ਬਾਰ ਬਾਰ
ਕਯਾ ਤਮੰਨਾ-ਏ-ਸ਼ਹਾਦਤ ਕੀ ਕਿਸੀ ਕੇ ਦਿਲ ਮੇਂ ਹੈ ?

(ਕਤਲਗਾਹ ਵਿਚ ਖੜ੍ਹਾ ਕਾਤਲ ਬਾਰ ਬਾਰ ਇਹ ਗੱਲ ਕਹਿ ਰਿਹਾ ਹੈ ਕਿ ਕਿਸੇ ਦੇ ਦਿਲ ਵਿਚ ਸ਼ਹਾਦਤ ਦੀ ਰੀਝ ਹੈ ?)

ਸਰ ਫਰੋਸ਼ੀ ਕੀ ਤਮੰਨਾ ਅਬ ਹਮਾਰੇ ਦਿਲ ਮੇਂ ਹੈ ।
ਦੇਖਨਾ ਹੈ ਜ਼ੋਰ ਕਿਤਨਾ ਬਾਜ਼ੂਏ ਕਾਤਿਲ ਮੇਂ ਹੈ ।

(ਸਾਡੇ ਦਿਲ ਵਿਚ ਹੁਣ ਸਿਰ ਵੇਚਣ ਦੀ ਰੀਝ ਹੈ। ਦੇਖਣਾ ਹੈ ਕਿ ਕਾਤਲ ਦੀਆਂ ਬਾਹਵਾਂ ਵਿਚ ਕਿੰਨਾ ਕੁ ਜ਼ੋਰ ਹੈ ।)

ਸ਼ਹੀਦ ਬਿਸ਼ਨ ਸਿੰਘ ਨੇ ਬਚਪਨ ਵਿਚ ਹੀ ਜ਼ਿੰਦਗੀ ਦੇਸ਼ ਧਰਮ ਦੇ ਲੇਖੇ ਲਾ ਦਿਤੀ। ਤਾਰਾ ਸਿੰਘ ਕਾਮਲ ਦਾ ਸ਼ੇਅਰ ਹੈ :

ਨਿੱਕੀਆਂ ਉਮਰਾਂ ਦਾ ਜੀਉਣ ਸੁਖਾਲਾ
ਹੁਣ ਮਹਿਕੇ ਹੁਣ ਮੋਏ ।
ਨਾ ਕੋਈ ਸੱਲ, ਨਾ ਸਾਂਗ ਕਲੇਜੇ
ਨਾ ਤੜਛੇ ਨਾ ਰੋਏ ।

ਅੰਤ ਉਤੇ ਅਸੀਂ ਸ਼ਰਧਾਂਜਲੀ ਅਰਪਿਤ ਕਰਦੇ ਹੋਏ "ਬਿਸਮਿਲ" ਦੇ ਗੀਤ 'ਚੋਂ ਹੀ ਇਕ ਸ਼ੇਅਰ ਦੇ ਕੇ ਸਮਾਪਤ ਕਰਦੇ ਹਾਂ :

ਐ ਸ਼ਹੀਦ ਏ ਮੁਲਕੋ ਮਿਲਤ
ਤੇਰੇ ਜਜ਼ਬੇ ਪਰ ਨਿਸਾਰ
ਤੇਰੀ ਕੁਰਬਾਨੀ ਕੀ ਚਰਚਾ
ਗ਼ੈਰ ਕੀ ਮਹਿਫਿਲ ਮੇਂ ਹੈ ।

---

"...ਮੈਂ ਜਦੋਂ ਕੋਟਲੇ ਪਹੁੰਚਿਆ, ਹਾਲਤ ਬਹੁਤ ਹੀ ਗੰਭੀਰ ਸੀ। ਮੁਲਕ ਦੇ ਇਸ ਪਾਸੇ ਵਲ ਹਰ ਥਾਂ ਹੀ ਵਧ ਤੋਂ ਵਧ ਸਹਿਮ ਅਤੇ ਡਰ ਫੈਲਿਆ ਹੋਇਆ ਸੀ। ਲੁਧਿਆਣਾ ਅਤੇ ਕੋਟਲਾ ਦੇ ਵਿਚ ਸਭ ਪਿੰਡਾਂ ਦੇ ਵਿਚ ਖੇਤ ਉਜਾੜ ਪਏ ਸਨ ਅਤੇ ਆਮ ਕੰਮ-ਕਾਜ ਲੋਕਾਂ ਨੇ ਛੱਡੇ ਹੋਏ ਸਨ। ਪਿੰਡਾਂ ਦੇ ਰਾਹਾਂ 'ਤੇ ਬੰਦਿਆਂ ਦੇ ਹਜੂਮ 'ਕੱਠੇ ਹੋਏ ਹੋਏ ਸਨ ਅਤੇ ਕੋਠਿਆਂ ਦੀਆਂ ਛੱਤਾਂ ਤੇ ਔਰਤਾਂ ਖੜ੍ਹੀਆਂ ਸਨ। ਉਹ ਖ਼ਬਰਾਂ ਉਡੀਕ ਰਹੇ ਸਨ, ਜਿਹੜੀਆਂ ਉਹਨਾਂ ਨੂੰ ਵਧਾ-ਚੜ੍ਹਾਅ ਕੇ ਪੁਜ ਰਹੀਆਂ ਸਨ।"

(ਡੀ. ਸੀ. ਕਾਵਨ ਦੀ ਕਮਿਸ਼ਨਰ ਫੋਰਸਿਥ ਵੱਲ ਚਿੱਠੀ, ੨੧ ਜਨਵਰੀ ੧੮੭੨)

"...when I reached Kotla the situation was very grave. The greatest alarm and consternation prevailed throughout this part of the country. Fields were deserted and all ordinary occupations abandoned by the people of the villages between Ludhiana and Kotla. The men were collected in crowds in the gateways of the villages, and the womens on the houstops, eager for information which reached them in exaggerated form."



Sri Satguru Jagjit Singh Ji eLibrary NamdhariElibrary@gmail.com

# ਸ਼ਹੀਦਾਂ ਦਾ ਪਿੰਡ ਰੜ

ਇਕ ਵਾਰਤਾਲਾਪ ਸ਼ਹੀਦ ਬਿਸ਼ਨ ਸਿੰਘ ਦੇ ਵੰਸ਼ਜ ਸੰਤ ਲਾਲ ਸਿੰਘ ਨਾਲ

ਰੜ ਪਿੰਡ ਦੀ ਨਾਮਧਾਰੀ ਇਤਿਹਾਸ ਵਿਚ ਅਹਿਮ ਭੂਮਿਕਾ ਹੈ। ਸ਼ਹੀਦ ਕਾਕਾ ਬਿਸ਼ਨ ਸਿੰਘ ਇਸੇ ਪਿੰਡ ਦਾ ਸੀ। ਇਸੇ ਪਿੰਡ ਵਿਚ ਮਾਲੇਰਕੋਟਲੇ ਵਾਲਾ ਸ਼ਹੀਦੀ ਜਥਾ ਗਿਆ ਸੀ ਅਤੇ ਉਸ ਨੇ ਗ੍ਰਿਫਤਾਰੀ ਦਿਤੀ ਸੀ। ਇਤਿਹਾਸ ਵਿਚ ਲਿਖਿਆ ਹੈ ਕਿ ਇਸ ਪਿੰਡ ਦੇ ੮ ਸ਼ਹੀਦ ਹੋਏ ਹਨ। ਇਕੋ ਪਿੰਡ ਦੇ ੮ ਸ਼ਹੀਦ ਹੋਣੇ ਇਸ ਪਿੰਡ ਨੂੰ ਆਜ਼ਾਦੀ ਸੰਗਰਾਮ ਦੇ ਇਤਿਹਾਸ ਵਿਚ ਅਦੁਤੀ ਸਥਾਨ ਦਿੰਦੇ ਹਨ। 'ਸ਼ਹੀਦ ਬਿਸ਼ਨ ਸਿੰਘ ਪਰਿਵਾਰ' ਦੀ ਅੰਸ-ਬੰਸ ਵਿਚੋਂ ਸੰਤ ਲਾਲ ਸਿੰਘ ਜੀ ਹਨ। ਉਹ ਅੱਜ ਕਲ੍ਹ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ੍ਰੀ ਭੈਣੀ ਸਾਹਿਬ ਦੇ ਵਿਚ ਸੇਵਾ ਨਿਭਾ ਰਹੇ ਹਨ। ਅਸੀਂ ਉਹਨਾਂ ਨਾਲ ਜੋ ਵਿਸ਼ੇਸ਼ ਗੱਲਬਾਤ ਕੀਤੀ, ਉਹ ਇਥੇ ਛਾਪ ਰਹੇ ਹਾਂ।

? ਤੁਹਾਡੇ ਰਿਸ਼ਤੇ ਦੀ ਤੰਦ ਰੜ ਪਿੰਡ ਦੇ ਸ਼ਹੀਦਾਂ ਖਾਸ ਕਰਕੇ ਸ਼ਹੀਦ ਬਿਸ਼ਨ ਸਿੰਘ ਨਾਲ ਕਿਵੇਂ ਜੁੜਦੀ ਹੈ?

—ਸਾਡੇ ਪੂਰਵਜਾਂ ਵਿਚੋਂ ਸੰਤ ਚੜ੍ਹਤ ਸਿੰਘ ਅਤੇ ਉਸ ਦੇ ਤਿੰਨ ਸਪੁੱਤਰ, ਸੱਦਾ ਸਿੰਘ, ਹਰਨਾਮ ਸਿੰਘ ਅਤੇ ਬਿਸ਼ਨ ਸਿੰਘ ਸ਼ਹੀਦ ਹੋਏ ਹਨ। ਸੰਤ ਚੜ੍ਹਤ ਸਿੰਘ ਦੇ ਘਰੋਂ ਮਾਈ ਖੇਮ ਕੌਰ ਵੀ ਸ਼ਹੀਦੀ ਜੱਥੇ ਨਾਲ ਗ੍ਰਿਫਤਾਰ ਹੋਈ ਸੀ। ਇਹ ਓਹ ਮਾਈ ਖੇਮ ਕੌਰ ਹੈ, ਜਿਸ ਨੇ ਮਾਈ ਇੰਦ ਕੌਰ ਨਾਲ ਚਿੱਟਾ ਝੰਡਾ ਝੁਲਾਇਆ ਸੀ ਅਤੇ ਜਥੇ ਨਾਲ ਗ੍ਰਿਫਤਾਰ ਹੋਈਆਂ ਸਨ। ਬਿਸ਼ਨ ਸਿੰਘ ਦੀ ਉਮਰ ੧੨ ਸਾਲ ਸੀ, ਹਰਨਾਮ ਸਿੰਘ ਦੀ ੧੪ ਸਾਲ (ਇਹ ਮਾਮੇ ਦੀ ਪਿੱਠ ਤੇ ਚੜ੍ਹਕੇ ਤੋਪ ਨਾਲ ਸ਼ਹੀਦ ਹੋਇਆ ਸੀ) ਅਤੇ ਸੱਦਾ ਸਿੰਘ ਦੀ ਉਮਰ ੨੫ ਸਾਲ ਸੀ। ਸੱਦਾ ਸਿੰਘ ਵਿਆਹਿਆ ਹੋਇਆ ਸੀ। ਉਸ ਦਾ ਡੇਢ ਸਾਲ ਦਾ ਪੁੱਤਰ ਸੀ ਨਰਿੰਜਣ ਸਿੰਘ। ਜਥੇ ਦੀ ਗ੍ਰਿਫਤਾਰੀ ਦੇ ਨਾਲ ਹੀ ਡੇਢ ਸਾਲ ਦੇ ਨਰਿੰਜਣ ਸਿੰਘ ਨੂੰ ਉਸ ਦੀ ਮਾਤਾ ਆਪਣੇ ਪੇਕੇ ਘਰ ਲੈ ਗਈ ਸੀ। ਸ. ਸੱਦਾ ਸਿੰਘ ਨੇ ਕਿਹਾ ਕਿ ਤੂੰ ਬੱਚੇ ਨੂੰ ਲੈ ਕੇ ਪਿੰਡ ਚਲੀ ਜਾਹ। ਜ਼ਬਰਦਸਤੀ ਪੇਕੇ ਭੇਜਿਆ। ਨਰਿੰਜਣ ਸਿੰਘ ਨਾਨਕੇ ਹੀ ਪਲਿਆ ਅਤੇ ੧੮-੨੦ ਸਾਲ ਦੀ ਉਮਰ ਵਿਚ ਉਸ ਨੇ ਰੜ ਆ ਕੇ ਘਰ ਸੰਭਾਲਿਆ। ਉਸ ਦਾ ਵਿਆਹ ਬਰਨਾਲੇ ਬੀਬੀ ਸੰਤ ਕੌਰ ਨਾਲ ਹੋਇਆ। ਇਸ ਤਰ੍ਹਾਂ ਬਾਬਾ ਨਰਿੰਜਣ ਸਿੰਘ ਅਤੇ ਬੇਬੇ ਸੰਤ ਕੌਰ ਮੇਰੇ ਦਾਦਾ-ਦਾਦੀ ਸਨ। ਅੱਗੋਂ ਉਹਨਾਂ ਦੇ ਘਰ ਦੋ ਪੁੱਤ ਹੋਏ—ਇਕ ਮੇਰੇ ਪਿਤਾ ਜੀ ਸ. ਸਰਵਨ ਸਿੰਘ ਅਤੇ ਦੂਜੇ ਚਾਚਾ ਅਰਜਨ ਸਿੰਘ। ਪਿਤਾ ਸ. ਸਰਵਨ ਸਿੰਘ ਤੋਂ ਅਸੀਂ ਹਾਂ—ਮੈਂ ਲਾਲ ਸਿੰਘ, ਬਲਵਿੰਦਰ ਸਿੰਘ ਅਤੇ ਸੁਰਜੀਤ ਸਿੰਘ। ਅਸੀਂ ਬਾਬਾ ਸੱਦਾ ਸਿੰਘ ਦੀ ਔਲਾਦ ਹਾਂ।

? ਤੁਹਾਡੇ ਪਰਿਵਾਰ ਦਾ ਗੋਤ ਕੀ ਹੈ?

—ਸਾਡੀ ਗੋਤ ਚਾਨਾ ਹੈ। ਰਾਮਗੜ੍ਹੀਆਂ ਵਿਚ ਪ੍ਰਸਿਧ ਗੋਤ ਹੈ। ਸਾਡਾ ਪਰਿਵਾਰ ਪਹਿਲਾਂ ਮਾਲੇਰਕੋਟਲੇ ਰਹਿੰਦਾ ਸੀ। ਮਾਲੇਰਕੋਟਲੇ ਵਿਚ ਇਕ ਚਾਨਿਆਂ ਦਾ ਮੁਹੱਲਾ ਸੀ। ਰੜ ਪਿੰਡ ਦੇ ਲੋਕ ਥੋੜ੍ਹਾ ਚਿਰ ਪਹਿਲਾਂ ਹੀ ਉਹਨਾਂ ਨੂੰ ਉਥੇ ਲੈ ਗਏ ਸਨ।

? ਪਿੰਡ ਹੁਣ ਕੌਣ ਹੁੰਦਾ ਹੈ?

—ਮੈਂ ਮਿਲਟਰੀ ਦੀ ਸਰਵਿਸ ਤੋਂ ਬਾਦ ਇਥੇ ਭੈਣੀ ਸਾਹਿਬ ਆ ਗਿਆ। ਸੁਰਜੀਤ ਸਿੰਘ ਵੀ ਇਥੇ ਹੀ ਹੈ। ਇਕ ਭਰਾ ਧੂਰੀ ਰਹਿੰਦਾ ਹੈ ਬਲਵਿੰਦਰ ਸਿੰਘ। ਪਿੰਡ ਸਾਡਾ ਮਕਾਨ ਹੈ। ੧੫-੧੬ ਜਨਵਰੀ ਹੁਣ ਉਥੇ ਸ਼ਹੀਦਾਂ ਨਮਿਤ ਮੇਲਾ ਹੁੰਦਾ ਹੈ। ਅਸੀਂ ਤਿੰਨ ਚਾਰ ਦਿਨ ਪਹਿਲਾਂ ਜਾ ਕੇ ਉਸ ਦਾ ਪ੍ਰਬੰਧ ਕਰਦੇ ਹਾਂ। ਪਿੰਡ ਵਿਚ ਹੁਣ ਸਾਡੇ ਵਿਚੋਂ ਰਹਿੰਦਾ ਕੋਈ ਨਹੀਂ।

? ਰੜ ਦੇ ਸ਼ਹੀਦਾਂ ਨਮਿਤ ਤੁਸੀਂ ਹੁਣ ਹਰ ਸਾਲ ਮੇਲਾ ਕਰਦੇ ਹੋ। ਕੀ ਪਿੰਡ ਵਾਲਿਆਂ ਦਾ ਸਹਿਯੋਗ ਹੁੰਦਾ ਹੈ?

—ਪਿੰਡ ਵਾਲੇ ਵੀ ਸਾਥ ਦਿੰਦੇ ਹਨ। ਚੰਗਾ ਵੀ ਮੰਨਦੇ ਹਨ। ਅਜੇ ਦੀਵਾਨਾਂ ਵਿਚ ਜਾਂ ਭੈਣੀ ਸਾਹਿਬ ਬਹੁਤ ਨਹੀਂ ਜਾਂਦੇ ਆਉਂਦੇ। ਉਂ ਕੁਝ ਬੰਦਿਆਂ ਨੇ ਭਜਨ ਵੀ ਪੁਛਿਆ ਹੈ। ਮਦਦ ਵੀ ਕਰਦੇ ਹਨ। ਸ਼ਹੀਦਾਂ ਦੀ ਬਹੁਤ ਕਦਰ ਕਰਦੇ ਹਨ। ਹੁਣ ਜੋੜ ਮੇਲਾ ਹਊ। ਜਿੰਨੀ ਜਿੰਨੀ ਸੇਵਾ ਅਤੇ ਪਰਬੰਧ ਕਰਨਾ ਹੋਇਆ ਉਹ ਕਰਨਗੇ। ਲੰਗਰ ਵਿਚ ਮਾਇਆ ਦੁੱਧ ਵੀ ਪਾਉਂਦੇ



Sri Satguru Jagjit Singh Ji eLibrary NamdhariElibrary@gmail.com

ਹਨ। ਅਸੀਂ ਅਰਦਾਸ ਕਰਦੇ ਹਾਂ ਤਾਂ ਇਹ ਹੀ ਕਹੀਦਾ ਹੈ ਕਿ ਸਾਰੇ ਨਗਰ ਨੇ ਮੇਲਾ ਕੀਤਾ ਹੈ।

? ਮੇਲੇ ਵਿਚ ਨਾਮਧਾਰੀਆਂ ਤੋਂ ਇਲਾਵਾ ਹੋਰ ਲੀਡਰ ਆਉਂਦੇ ਹਨ ?

—ਹਾਂ ਆਉਂਦੇ ਹਨ। ਇਕ ਵਾਰ ਸ. ਸੁਰਜੀਤ ਸਿੰਘ ਬਰਨਾਲਾ ਆਏ ਸਨ। ਬੀਬੀ ਭੱਠਲ ਵੀ ਆਏ ਸਨ। ੧੯੮੨ ਵਿਚ ਸਾਰੇ ਹੀ ਲੀਡਰ ਗਏ ਸਨ। ਭੱਠਲ, ਬੀਰ ਦਵਿੰਦਰ, ਕੇਵਲ ਕ੍ਰਿਸ਼ਨ, ਹੰਸਪਾਲ ਅਤੇ ਹੋਰ। ਕਾਰਡ ਛਪਵਾ ਕੇ ੨੨ ਪਿੰਡਾਂ ਦੀਆਂ ਪੰਚਾਇਤਾਂ ਨੂੰ ਸੱਦਾ ਪੱਤਰ ਭੇਜੇ ਗਏ। ਸਾਰੇ ਹੀ ਆਏ ਸੀ। ਕਾਫ਼ੀ ਇਕੱਠ ਹੋ ਗਿਆ ਸੀ। ਜੇ ਸਦੀਏ ਤਾਂ ਆ ਜਾਂਦੇ ਹਨ। ਆਮ ਤੌਰ ਤੇ ਨਾਮਧਾਰੀ ਜਥੇਦਾਰਾਂ ਦੇ ਦੀਵਾਨ ਕੀਰਤਨ ਅਤੇ ਵਖਿਆਨ ਹੁੰਦੇ ਹਨ। ਸਤਿਗੁਰੂ ਜੀ ਦਾ ਉਪਦੇਸ਼ ਹੁੰਦਾ ਹੈ।

? ਤੁਹਾਡਾ ਘਰ ਸ਼ਹੀਦਾਂ ਦਾ ਘਰ ਹੈ। ਕੀ ਪਿੰਡ ਵਾਲੇ ਇਸ ਨੂੰ ਵਿਸ਼ੇਸ਼ ਮਾਨਤਾ ਵੀ ਦਿੰਦੇ ਹਨ ਕਿ ਨਹੀਂ ?

—ਸਾਡੇ ਘਰ ਦੀ ਸ਼ਹੀਦਾਂ ਦੇ ਘਰ ਵਜੋਂ ਮਾਣਤਾ ਬਹੁਤ ਹੈ। ਲੋਕ ਅਕਸਰ ਸੁਖਣਾ ਸੁਖਦੇ ਸ਼ਹੀਦਾਂ ਨਮਿਤ ਦੁੱਧ ਖੀਰ ਆਦਿ ਸਾਡੇ ਘਰ ਹੀ ਦੇ ਕੇ ਜਾਂਦੇ ਸਨ। ਫੇਰ ਸਾਡੀ ਨਾਮਧਾਰੀ ਮਰਿਆਦਾ ਕਾਰਨ ਪਰਹੇਜ਼ ਅਤੇ ਪਿੰਡ ਨਾ ਰਹਿਣ ਕਰਕੇ ਇਸ ਵਿਚ ਫ਼ਰਕ ਆ ਗਿਆ ਹੈ। ਪਰ ਮਾਨਤਾ ਅਜੇ ਵੀ ਓਵੇਂ ਹੀ ਹੈ।

? ਸ਼ਹੀਦਾਂ ਨਮਿਤ ਕੋਈ ਯਾਦਗਾਰ ਵੀ ਬਣਾਈ ਹੈ ?

—ਸਾਡੇ ਪਿੰਡ ਦੇ ਸ਼ਹੀਦਾਂ ਨਮਿਤ ਅਜੇ ਤਾਂ ਕੋਈ ਯਾਦਗਾਰ ਨਹੀਂ ਬਣੀ। ਪਿਛਲੇ ਸਾਲ (੧੯੯੦) ਸੱਚੇ ਪਾਤਸ਼ਾਹ (ਸਤਿਗੁਰੂ ਜਗਜੀਤ ਸਿੰਘ) ਜੀ ਨੇ ਹੁਕਮ ਕੀਤਾ। ਦੋ ਏਕੜ ਜ਼ਮੀਨ ਲਈ ਆ। ਸ਼ਹੀਦੀ ਜੱਥੇ ਨੇ ਜਿਹੜੇ ਖੂਹ ਤੇ ਬਿਸਰਾਮ ਕੀਤਾ ਸੀ। ਉਹ ਖੂਹ ਵੀ ਨਾਲ ਲੈ ਲਿਆ। ਅੱਜ ਕਲ੍ਹ ਖੂਹ ਤਾਂ ਪੁਰਾਣੇ ਸਮਿਆਂ ਵਾਂਗ ਚਲਦੇ ਨਹੀਂ। ਬੋਰ ਕਰਕੇ ਮੋਟਰ ਲਾਈ ਆ। ਅਜੇ ਤਾਂ ਜ਼ਮੀਨ ਠੇਕੇ ਤੇ ਦਿੰਦੇ ਹਾਂ। ਬਾਦ ਵਿਚ ਜਦੋਂ ਮਾਇਆ ਇਕੱਠੀ ਹੋ ਗਈ ਤਾਂ ਯਾਦਗਾਰ ਬਣਾਵਾਂਗੇ। ਥੋੜ੍ਹਾ ਥੋੜ੍ਹਾ ਕਰਕੇ ਮਾਇਆ ਇਕੱਠੀ ਕਰ ਰਹੇ ਹਾਂ। ਪਿੰਡ ਚੋਂ ਸ. ਸਰਬਜੀਤ ਸਿੰਘ ਹੈ ਉਹ ਵੀ ਮਦਦ ਕਰਦਾ ਹੈ। ਉਸ ਕੋਲ ਹੀ ਕੋਸ਼ ਹੈ।

? ਇਹ ਸ਼ਹੀਦੀ ਜੱਥਾ ਰੜ ਪਿੰਡ ਨੂੰ ਕਿਉਂ ਗਿਆ। ਕੋਈ ਖਾਸ ਕਾਰਨ ਸੀ ਜਾਂ ਐਵੇਂ ਜਿਧਰ ਨੂੰ ਰਾਹ ਮਿਲਿਆ ਚਲੇ ਗਏ।

—ਸ਼ਹੀਦੀ ਜੱਥਾ ਪਿੰਡ ਰੜ ਨੂੰ ਇਸ ਵਾਸਤੇ ਗਿਆ ਸੀ ਕਿਉਂਕਿ ਇਕ ਤਾਂ ਅੱਠ ਸ਼ਹੀਦ ਹੀ ਉਸੇ ਪਿੰਡ ਦੇ ਸਨ। ਦੂਜੇ ਜੱਥੇ ਦੇ ਆਗੂ ਸ. ਹੀਰਾ ਸਿੰਘ ਸਕਰੌਦੀ ਵਾਲੇ ਦੀ ਭੂਆ ਸਾਡੇ ਪਿੰਡ ਸੀ। ਅੱਠ ਸ਼ਹੀਦਾਂ ਦਾ ਇਸ ਪਿੰਡ ਵਿਚੋਂ ਹੀ ਹੋਣਾ ਇਹ ਸਾਬਤ ਕਰਦਾ ਹੈ ਕਿ ਇਸ ਪਿੰਡ ਵਿਚ ਨਾਮਧਾਰੀਆਂ ਦਾ ਕਾਫ਼ੀ ਅਸਰ ਰਸੂਖ ਸੀ।

? ਤੁਹਾਨੂੰ ਕਦੋਂ ਕੁ ਇਸ ਗੱਲ ਦੀ ਚੇਤਨਾ ਆਈ ਕਿ ਤੁਸੀਂ ਸ਼ਹੀਦਾਂ ਦੇ ਏਡੇ ਮਹੱਤਵਪੂਰਨ ਵਿਰਸੇ ਦੇ ਵਾਰਸ ਹੋ।

—ਸ਼ਹੀਦਾਂ ਬਾਰੇ ਚੇਤਨਾ ਸਾਡੀ ਮਾਂ ਦੀ ਕਿਰਪਾ ਸਦਕਾ ਆਈ ਹੈ। ਉਸਨੇ ਪਹਿਲਾਂ ਸਾਨੂੰ ਪੈਂਤੀ ਸਿਖਾਈ ਫੇਰ ਭਜਨ ਬਾਣੀ ਕਰਨਾ, ਪੜ੍ਹਨਾ ਸਿਖਾਇਆ। ਉਹ ਬਹੁਤ ਗੁਰਮੁਖ ਪਰਿਵਾਰ ਵਿਚੋਂ ਸੀ। ਉਹਨੇ ਛੋਟੇ ਹੁੰਦਿਆਂ ਸ਼ਹੀਦਾਂ ਦੀਆਂ ਸਾਖੀਆਂ ਅਤੇ ਹੋਰ ਸਾਖੀਆਂ ਸੁਣਾਉਣੀਆਂ ਜੋ ਅਸੀਂ ਦਿਲਚਸਪੀ ਨਾਲ ਸੁਣਦੇ ਸੀ। ਉਹਨੇ ਸਾਡੇ ਬਚਪਨ ਤੋਂ ਹੀ ਬਹੁਤ ਕੁਝ ਸਿਖਾ ਦਿਤਾ ਸੀ। ਉਹਨਾਂ ਦਸਵੀਂ ਵਾਲੇ ਦਿਨ ਸ਼ਹੀਦਾਂ ਨਮਿਤ ਜੋਤ ਜਗਾਉਣੀ, ਦੇਗ ਦੇਣੀ, ਕੜਾਹ ਪ੍ਰਸ਼ਾਦ ਕਰਕੇ ਵਰਤਾਉਣਾ।

? ਅੱਛਾ ਇਹ ਦੱਸੋ ਕਿ ਸਾਕਾ ਮਾਲੇਰਕੋਟਲਾ ਬਾਦ ਨਾਮਧਾਰੀਆਂ ਦੇ ਬਹੁਤ ਦਬਾਅ ਪਾਇਆ ਗਿਆ। ਤੁਹਾਡੇ ਪਿੰਡ 'ਤੇ ਵੀ ਇਸ ਦਾ ਕਿਹੋ ਜਿਹਾ ਅਸਰ ਹੋਇਆ।

—ਸਖਤੀ ਦਾ ਅਸਰ ਤਾਂ ਹੁੰਦਾ ਹੈ। ਉਸ ਦਾ ਮੁਕਾਬਲਾ ਵੀ ਵਿਓਂਤ ਨਾਲ ਹੁੰਦਾ ਹੈ। ਸਾਡੇ ਪਰਿਵਾਰ ਵਾਲੇ ਦਲ ਸਿੰਘ ਵਾਲੇ ਚਲੇ ਗਏ। ਬਹੁਤ ਸਾਰੇ ਲੋਕ ਰੂਹਪੋਸ਼ ਹੋ ਗਏ। ਦਾਦਾ ਜੀ ਝਨੇਰ ਚਲੇ ਗਏ ਸਨ। ਦਾਦਾ ਜੀ ਦੇ ਨਾਨਕੇ ਨਾਮਧਾਰੀ ਨਹੀਂ ਸਨ।

? ਕੀ ਹੁਣ ਕੋਈ ਉਸ ਪਰਿਵਾਰ ਨਾਲ ਸੰਪਰਕ ਹੈ ?

—ਅਸੀ ਜਦੋਂ ਪੰਜ ਛੇ ਸਾਲ ਦੇ ਸਾਂ ਉਦੋਂ ਆਉਂਦੇ ਹੁੰਦੇ ਸਨ। ਇਕ ਕਾਕਾ ਸਿੰਘ ਸੀ ਇਕ ਜਗਤ ਸਿੰਘ ਸੀ। ਉਹ ਆਉਂਦੇ ਤਾਂ ਬਾਪੂ ਜੀ ਨਾਲ ਪਿਆਰ ਨਾਲ ਝਗੜਦੇ ਹਨੋਰੇ ਮਾਰਦੇ ਤੂੰ ਆਉਂਦਾ ਕਿਉਂ ਨਹੀਂ। ਅਸੀਂ ਵੀ ਨਹੀਂ ਆਉਣਾ। ਅਜੇਹੀਆਂ ਗੱਲਾਂ ਦਾ ਅਸੀਂ ਅਨੰਦ ਮਾਣਦੇ ਸਾਂ।



Sri Satguru Jagjit Singh Ji eLibrary NamdhariElibrary@gmail.com

? ਤੁਹਾਡਾ ਪਰਿਵਾਰ ਨਾਮਧਾਰੀ ਹੀ ਰਿਹਾ ਹੈ ?

—ਮੇਰੇ ਬਾਪੂ ਜੀ ਸਾਰੀ ਉਮਰ ਖੁਲੇ ਕਖੜੇ ਪਾਏ ਹਨ। ਜਦੋਂ ਇਧਰ ਭੈਣੀ ਸਾਹਿਬ ਆਉਣਾ, ਚਿੱਟੀ ਪੱਗ ਬੰਨ੍ਹ ਲੈਣੀ। ਉਚੋਂ ਰਲੇ ਮਿਲੇ ਲੋਕ ਹੁੰਦੇ ਸਨ। ਦਿਲੋਂ ਗੁਰੂ ਰਾਮ ਸਿੰਘ ਦੇ ਘਰ ਨਾਲ ਸ਼ਰਧਾ ਰਖਦੇ ਸਨ। ਮਨ ਵਿਚ ਨਾਮਧਾਰੀਆਂ ਦੀ ਕਦਰ ਸੀ।

? ਤੁਹਾਡੇ ਪਿੰਡ ਅਤੇ ਮਾਲੇਰਕੋਟਲੇ ਵਿਚ ਕਈ ਅਹਿਮ ਥਾਂ ਹਨ ਜੋ ਉਸ ਸਾਕੇ ਦੀ ਨਿਸ਼ਾਨਦੇਹੀ ਕਰਦੇ ਹਨ। ਲੋਕ ਵੀ ਹੋਣਗੇ ਜਿਹਨਾਂ ਦੇ ਵਡੇਰੇ ਇਸ ਨਾਲ ਸੰਬੰਧਤ ਹੋਣਗੇ। ਉਹਨਾਂ ਦੇ ਅਗੋਂ ਵੰਸ਼ਜ ਹੋਣਗੇ। ਕੋਈ ਵਾਕਫੀਅਤ ਹੋਵੇ ਤਾਂ ਸਾਂਝੀ ਕਰੋ।

—ਅੰਗਰੇਜ਼ਾਂ ਨੇ ਕੂਕਾ ਪੰਥ ਤੇ ਬਹੁਤ ਸਖਤ ਪਾਬੰਦੀਆ ਲਾ ਕੇ ਦੀਵਾਨ ਅਤੇ ਪਰਚਾਰ ਸਖਤੀ ਨਾਲ ਬੰਦ ਕਰ ਦਿਤਾ ਸੀ। ਬਹੁਤ ਲੋਕ ਸਖਤੀਆਂ ਦੇ ਬਾਵਜੂਦ ਵੀ ਕਾਇਮ ਰਹ ਪਰ ਕੁਝ ਦਾ ਕੇਂਦਰ ਨਾਲ ਸੰਪਰਕ ਮਜਬੂਰੀ ਵਿਚ ਟੁੱਟ ਗਿਆ। ਪਿਛੇ ਜਿਹੇ ਕੁਝ ਸਿੰਘ ਆਏ ਸਨ। ਉਹਨਾਂ ਕਿਹਾ ਕਿ ਅਸੀਂ ਖੁਲ੍ਹੇ ਹਾਂ ਭਾਵ ਨਾਮਧਾਰੀ ਨਹੀਂ ਪਰ ਸਾਡਾ ਘਰ ਪਿੰਡ ਵਿਚ ਕੂਕਿਆਂ ਦੇ ਘਰ ਵਜੋਂ ਮਸ਼ਹੂਰ ਹੈ। ਸਾਡੀ ਅੱਲ ਹੀ ਕੂਕਿਆਂ ਦਾ ਘਰ ਪਈ ਹੈ। ਸੁਣਿਆ ਹੈ ਸਾਡਾ ਕੋਈ ਸ਼ਹੀਦ ਵੀ ਹੋਇਆ ਸੀ ਪਰ ਸਾਨੂੰ ਉਸਦਾ ਨਾਮ ਹੀ ਨਹੀਂ ਪਤਾ। ਮੈਂ ਉਹਨਾਂ ਨੂੰ ਦਸਿਆ ਕਿ ਉਹਦਾ ਨਾਮ ਹਰਨਾਮ ਸਿੰਘ ਧਮੋਟ ਹੈ।

? ਤੁਹਾਡੇ ਲਾਗੇ ਹੀ ਫਰਵਾਹੀ ਪਿੰਡ ਹੈ। ਇਥੋਂ ਦੇ ਨੰਬਰਦਾਰ ਗੁਰਮੁਖ ਸਿੰਘ ਦਾ ਨਾਮ ਵੀ ਇਤਿਹਾਸ ਵਿਚ ਵਿਚ ਹੈ। ਕੀ ਹੁਣ ਉਹਨੂੰ ਕੋਈ ਯਾਦ ਕਰਨ ਵਾਲਾ ਹੈ ?

—ਸਾਡੇ ਪਿੰਡ ਦੇ ਨਾਲ ਹੀ ਪਿੰਡ ਫਰਵਾਹੀ ਹੈ। ਇਥੋਂ ਦੇ ਹੀ ਨੰਬਰਦਾਰ ਗੁਰਮੁਖ ਸਿੰਘ ਨੇ ਭੈਣੀ ਸਾਹਿਬ ਜਾ ਕੇ ਪੁਕਾਰ ਕੀਤੀ ਸੀ ਕਿ ਮੇਰੇ ਸਾਹਮਣੇ ਮਾਲੇਰਕੋਟਲੇ ਹਾਕਮ ਨੇ ਬੱਲ ਮਰਵਾਇਆ ਸੀ। ਇਹ ਗੁਰਮੁਖ ਸਿੰਘ ਜੱਥੇ ਨਾਲ ਆਇਆ ਸੀ ਅਤੇ ਮਾਲੇਰਕੋਟਲੇ ਸ਼ਹੀਦੀ ਵੀ ਪਾਈ ਸੀ। ਅਗੋਂ ਉਹਨਾਂ ਦੇ ਪਰਿਵਾਰ ਦਾ ਸੰਪਰਕ ਨਹੀਂ ਰਿਹਾ। ਉਹਨਾਂ 'ਚੋਂ ਇਕ 'ਜੱਗਾ' ਸਰਪੰਚ ਵੀ ਰਿਹਾ। ਉਹਨੇ ਭਜਨ ਵੀ ਪੁੱਛਿਆ। ਫੇਰ ਉਹ ਸ਼ਰਾਬ ਪੀਣ ਲਗ ਗਿਆ ਅਤੇ ਮੌਤ ਹੋ ਗਈ। ਉਂਝ ਉਹ ਸ਼ਹੀਦ ਗੁਰਮੁਖ ਸਿੰਘ ਦੇ ਨਾਂਅ 'ਤੇ ਇਕ ਟੂਰਨਾਮੈਂਟ ਹਰ ਸਾਲ ਕਰਾ ਦਿੰਦੇ ਐ।

? ਇਹਨਾਂ ਸ਼ਹੀਦਾਂ ਨਮਿਤ ਹੋਰ ਪਿੰਡਾਂ ਵਿਚ ਵੀ ਸਮਾਗਮ ਹੁੰਦੇ ਹਨ ?

—ਸ਼ਹੀਦ ਵਰਿਆਮ ਸਿੰਘ ਜਿਹੜਾ ਢੀਮਾਂ ਤੇ ਖਲੋ ਕੇ ਸ਼ਹੀਦ ਹੋਇਆ ਸੀ। ਉਸ ਦੇ ਪਿੰਡ ਮੁਰਾਜ ਵਾਲੇ ਵੀ ਹੁਣ ਮੇਲਾ ਕਰਦੇ ਹਨ। ਪਿੰਡ ਪਿਥੋ ਦੇ ਚਾਰ ਸ਼ਹੀਦ ਹੋਏ ਹਨ। ਤਿੰਨ ਰਾਏਕੋਟ, ਇਕ ਮਾਲੇਰਕੋਟਲੇ ਉਹਨਾਂ ਸ਼ਹੀਦਾਂ ਦੀ ਵਖਰੀ ਜਗਾ ਬਣਾਈ ਹੋਈ ਹੈ ਅਤੇ ਉਹ ਆਪਣੇ ਤੌਰ ਤੇ ਸਮਾਗਮ ਕਰਦੇ ਹਨ।

? ਆਮ ਕਿਹਾ ਜਾਂਦਾ ਹੈ ਕਿ ਸ਼ਹੀਦ ਬਿਸ਼ਨ ਸਿੰਘ ਮਾਪਿਆਂ ਦਾ ਇਕਲੌਤਾ ਪੁੱਤ ਸੀ, ਪਰ ਤੁਸੀਂ ਕਹਿੰਦੇ ਹੋ ਉਹ ਤਿੰਨ ਭਰਾ ਸਨ। ਕਿਹੜੀ ਗੱਲ ਠੀਕ ਹੈ ?

—ਨਹੀਂ, ਉਹ ਤਿੰਨ ਭਰਾ ਸਨ। ਇਕਲੌਤੇ ਪੁੱਤ ਵਾਲੀ ਗੱਲ ਗਲਤ ਹੈ। ਅਸੀਂ ਤਾਂ ਸਦਾ ਹੀ ਮੰਨਦੇ ਰਹੇ ਹਾਂ ਅਤੇ ਸਾਡਾ ਉਥੇ ਹੋਣਾ...ਮਕਾਨ ਹੋਣਾ ਅਤੇ ਬਚਪਨ ਤੋਂ ਹੀ ਸਾਨੂੰ ਇਹ ਦੱਸਿਆ ਜਾਣਾ ਕਿ ਉਹ ਤਿੰਨ ਭਰਾ ਸਨ ਅਤੇ ਤਿੰਨੇ ਹੀ ਬਾਪ ਸਮੇਤ ਸ਼ਹੀਦ ਹੋਏ ਸਨ। ਇਸ ਗੱਲ ਦਾ ਸਬੂਤ ਹਨ। ਮਾਤਾ ਵੀ ਸ਼ਹੀਦੀ ਲੋਚਦੀ ਸੀ, ਪਰ ਉਸ ਨੂੰ ਰਿਹਾ ਕੀਤਾ ਗਿਆ ਅਤੇ ਬਾਦ ਵਿਚ ਉਹ ਭੈਣੀ ਸਾਹਿਬ ਹੀ ਰਹੇ। ਵੱਡੇ ਭਰਾ ਸੱਦਾ ਸਿੰਘ ਦਾ ਇਕ ਬੱਚਾ ਬਚਾ ਲਿਆ ਗਿਆ ਸੀ। ਉਂਝ ਉਸ ਦੀ ਮਾਤਾ ਸੱਦਾ ਸਿੰਘ ਦੇ ਘਰੋਂ ਵੀ ਨਾਲ ਜਾਣ ਨੂੰ ਤਿਆਰ ਸੀ। ਉਸ ਬਚਾ ਲਏ ਬੱਚੇ ਕਾਰਨ ਸਾਡਾ ਪਰਿਵਾਰ ਅੱਗੋਂ ਫਲਿਆ। ਅਸੀਂ ਖ਼ੁਦ ਸਬੂਤ ਹਾਂ ਇਸ ਗੱਲ ਦੇ ਕਿ ਸ਼ਹੀਦ ਬਿਸ਼ਨ ਸਿੰਘ ਇਕਲੌਤਾ ਪੁੱਤ ਨਹੀਂ ਸੀ।

**—ਜਗਦੀਸ਼ ਸਿੰਘ**

---

ਸੁੱਖ-ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਈਂ ਅਮੀਰਾਂ ਦੇ।
ਬੰਦੀਜਨ ਦੇ ਹਲੂਏ ਨਾਲੋਂ, ਟੁਕੜੇ ਭਲੇ ਫ਼ਕੀਰਾਂ ਦੇ।
ਵਿਚ ਗੁਲਾਮੀ ਹੋਏ ਖੁਨਾਮੀ, ਸੁੱਕਣ ਲਹੂ ਸਰੀਰਾਂ ਦੇ।
ਖ਼ੀਰਾਂ ਨਾਲ ਭਰੇ ਕਿਸ ਕਾਰੇ, ਮੁਖੜੇ ਦਿਲ ਦਲਗੀਰਾਂ ਦੇ।
ਕਰ ਗੁਜ਼ਰਾਨ ਸੁਤੰਤਰਤਾ ਵਿਚ, ਪਹਿਨ ਗੋਦੜੇ ਲੀਰਾਂ ਦੇ।

**—ਧਨੀ ਰਾਮ ਚਾਤ੍ਰਿਕ**



Sri Satguru Jagjit Singh Ji eLibrary NamdhariElibrary@gmail.com

# Oster®

Regd. Trade Mark No. 491851

*Cardigans* • *Pullovers*

*Ante date Knitters*

A Quality Product of

## UDEY KNITWEARS

Manufacturers & Exporters

A GOVT. RECOGNISED EXPORT HOUSE

Udey Complex, Dugri Road, P.O. Miller Ganj, LUDHIANA

PHONES : 494841, 494851

Fax No. : 91-161-494131

Delhi-Tele/Fax : 91-011-2451301


Sri Satguru Jagjit Singh Ji eLibrary NamdhariElibrary@gmail.com

# ਪਰਦੇਸੀ ਪੰਜਾਬ

—ਵਰਿਆਮ ਸਿੰਘ ਸੰਧੂ

ਨਿਊਯਾਰਕ ਤੋਂ ਸ਼ਾਮ ਨੂੰ ਚੱਲਿਆ ਜਹਾਜ਼ ਲਗ ਪਗ ਸਾਢੇ ਪੰਜ ਹਜ਼ਾਰ ਮੀਲ ਦਾ ਪੈਂਡਾ ਮੁਕਾ ਕੇ ਇੱਕੀ ਅਗਸਤ ਨੂੰ ਸਵੇਰੇ ਸੱਤ ਵਜੇ ਲੰਡਨ ਦੇ ਹੀਥਰੋ ਏਅਰਪੋਰਟ ਉੱਤੇ ਆ ਉੱਤਰਿਆ। ਅੱਧੀ ਵਾਟ ਮੁੱਕ ਜਾਣ ਕਾਰਨ ਆਪਣੇ ਵਤਨ ਦੇ ਨੇੜੇ ਪੁੱਜ ਜਾਣ ਦਾ ਸੁਖਾਵਾਂ ਜਿਹਾ ਅਹਿਸਾਸ ਵੀ ਮਨ ਨੂੰ ਸਕੂਨ ਦੇ ਰਿਹਾ ਸੀ।

ਏਅਰ ਇੰਡੀਆ ਦੇ ਜਹਾਜ਼ ਦੀਆਂ ਮੇਰੇ ਨਾਲ ਉਤਰੀਆਂ ਕੁਝ ਸਵਾਰੀਆਂ ਤਾਂ ਇਕ ਵੱਖਰੇ ਗੇਟ ਵੱਲ ਤੁਰ ਗਈਆਂ ਪਰ ਬਹੁਤੀਆਂ ਇਕ ਹੋਰ ਲਾਈਨ ਵਿਚ ਚੈਕਿੰਗ ਕਰਾਉਣ ਲਈ ਖਲੋ ਗਈਆਂ। ਹੌਲੀ ਹੌਲੀ ਕਤਾਰ ਅੱਗੇ ਨੂੰ ਸਰਕਦੀ ਗਈ। ਅੱਧੇ ਪੌਣੇ ਘੰਟੇ ਬਾਦ ਜਦੋਂ ਇਧਰੋਂ ਵਿਹਲੇ ਹੋ ਕੇ ਅੱਗੇ ਗਏ ਤਾਂ ਪਤਾ ਲੱਗਾ ਕਿ ਇਹ ਤਾਂ ਇੰਡੀਆ ਨੂੰ ਜਾਣ ਵਾਲੀਆਂ ਸਵਾਰੀਆਂ ਹਨ ਜਿਨ੍ਹਾਂ ਦੀ ਜਹਾਜ਼ ਵਿਚ ਬੈਠਣ ਤੋਂ ਪਹਿਲਾਂ ਦੋਬਾਰਾ ਚੈਕਿੰਗ ਹੋਣੀ ਸੀ। ਮੈਂ ਆਪਣੀ ਮੂਰਖਤਾ ਉੱਤੇ ਪਰੇਸ਼ਾਨ ਹੋਇਆ। ਨਾ ਮੈਂ ਕਿਸੇ ਨੂੰ ਪੁੱਛਿਆ ਸੀ ਤੇ ਨਾ ਹੀ 'ਪਹੁੰਚ' ਵਾਲੇ ਗੇਟ ਵੱਲ ਧਿਆਨ ਦਿੱਤਾ। ਪਰ ਹੁਣ ਮੈਂ ਕਿਸੇ ਨੂੰ ਪੁੱਛ ਲੈਣਾ ਹੀ ਠੀਕ ਸਮਝਿਆ। ਏਅਰ ਇੰਡੀਆ ਦੇ ਕਰਮਚਾਰੀ ਜਾਪਦੇ ਆਦਮੀ ਨੇ ਮੈਨੂੰ ਹੱਸ ਕੇ ਆਖਿਆ—

"ਸਰਦਾਰ ਜੀ! ਤੁਸੀਂ ਕਿਥੇ ਫਸ ਗਏ!"

ਉਹਦੇ ਠੇਠ ਪੰਜਾਬੀ ਜੁਆਬ ਨੇ ਮੈਨੂੰ ਹੌਂਸਲਾ ਦਿੱਤਾ। ਆਪਣੀ ਬੋਲੀ ਦੀ ਸਾਂਝ ਦੀ ਤਾਕਤ ਸੀ ਇਸ ਵਿਚ। ਹੁਣ ਉਸਦੇ ਦੱਸੇ ਰਸਤੇ ਉਤੇ ਮੈਂ ਪੱਕੇ ਕਦਮੀਂ ਤੁਰ ਪਿਆ ਤੇ ਪੁੱਛਦਾ ਪੁਛਾਉਂਦਾ ਉਸ ਥਾਂ ਉੱਤੇ ਆ ਖੜੋਤਾ ਜਿਥੇ ਵੱਖ ਵੱਖ ਲਾਈਨਾਂ ਵਿਚ ਲੱਗੇ ਲੋਕ ਇਮੀਗਰੇਸ਼ਨ ਵਾਲਿਆਂ ਦੇ ਪੇਸ਼ ਹੋ ਰਹੇ ਸਨ। ਮੈਂ ਵੀ ਇਕ ਲਾਈਨ ਵਿਚ ਖੜੋ ਗਿਆ। ਹਰੇਕ ਲਾਈਨ ਦੇ ਅੱਗੇ ਇਕ ਇਕ ਬੀਬੀ ਵਾਰੀ ਵਾਰੀ ਹਰੇਕ ਸਵਾਰੀ ਨੂੰ ਕਾਊਂਟਰ ਵੱਲ ਤੋਰਨ ਲਈ ਖੜੋਤੀ ਸੀ।

ਮੇਰੀ ਲਾਈਨ ਵਾਲੀ ਕਣਕ ਵੰਨੇ ਰੰਗ ਵਾਲੀ ਬੀਬੀ ਨੇ ਤੀਜੀ ਲਾਈਨ ਸਾਹਵੇਂ ਖੜੋਤੀ ਬੀਬੀ ਨੂੰ ਟੁਣਕਦੀ ਪੰਜਾਬੀ ਵਿਚ ਪੁੱਛਿਆ, "ਬਲਬੀਰ! ਅੱਜ ਅੰਕਲ ਨਹੀਂ ਆਏ?"

"ਅੰਕਲ ਛੁੱਟੀ ਮਾਰ ਗਏ ਨੇ ਅੱਜ।"

ਉਹਨੇ ਮੋੜਵਾਂ ਜੁਆਬ ਦਿੱਤਾ।

ਲੈ ਇਹ ਤਾਂ ਆਪਣਾ ਹੀ ਭਾਈਚਾਰਾ ਸੀ। ਮੈਨੂੰ ਹੀਥਰੋ ਏਅਰਪੋਰਟ ਆਪਣਾ ਆਪਣਾ ਲੱਗਣ ਲੱਗਾ। ਮੈਂ ਅਪਣੱਤ ਨਾਲ ਉਸ ਕੁੜੀ ਨੂੰ ਆਪਣੇ ਬਾਰੇ ਦੱਸ ਕੇ ਪੁੱਛਿਆ, "ਹੁਣ ਤਾਂ ਮੈਂ ਠੀਕ ਲਾਈਨ ਵਿਚ ਹੀ ਹਾਂ ਨਾ!"

"ਬਿਲਕੁਲ" ਉਸਨੇ ਮੁਸਕਰਾ ਕੇ ਆਖਿਆ?

ਕਾਊਂਟਰ ਉਤੇ ਬੈਠਾ ਅੱਧਖੜ ਗੋਰਾ ਮੁਸਕਰਾ ਕੇ ਮਿਲਿਆ। ਉਸਨੇ ਪੁੱਛਿਆ, "ਅੰਗਰੇਜ਼ੀ ਸਮਝੋਗੇ?"

"ਕੁਝ ਕੁਝ..." ਕਿਉਂਕ ਪਹਿਲੀ ਵਾਰ ਬਾਹਰ ਗਏ ਬੰਦੇ ਦਾ ਕਿਸੇ ਗੋਰੇ ਦੀ ਅੰਗਰੇਜ਼ੀ ਸਮਝ ਸਕਣ ਦਾ ਦਾਅਵਾ ਕਰ ਸਕਣਾ ਔਖਾ ਸੀ।

ਪਰ ਉਸਨੇ ਬੜੇ ਅਟਕ ਅਟਕ ਤੇ ਠਹਿਰਾਅ ਕੇ ਸਵਾਲ ਪੁੱਛੇ।

"ਕਿਥੋਂ ਆ ਰਹੇ ਹੋ?", "ਕਿਥੇ ਅਤੇ ਇਸ ਕਿਸ ਕੋਲ ਜਾਣਾ ਹੈ?" "ਜਿਸ ਕੋਲ ਜਾਣਾ ਹੈ ਉਸ ਨਾਲ ਕੀ ਸੰਬੰਧ ਨੇ?" "ਕਿੰਨਾਂ ਕੁ ਚਿਰ ਇੰਗਲੈਂਡ ਵਿਚ ਠਹਿਰੋਗੇ?" ਵਗੈਰਾ...

ਸਵਾਲਾਂ ਦਾ ਜੁਆਬ ਦਿੰਦਿਆਂ ਮੈਂ ਦੱਸਿਆ ਕਿ ਮੈਂ ਲੇਖਕ ਹਾਂ ਤੇ ਆਪਣੇ ਲੇਖਕ ਦੋਸਤਾਂ ਨੂੰ ਕੁਝ ਦਿਨਾਂ ਲਈ ਮਿਲ ਕੇ ਮੈਂ ਭਾਰਤ ਨੂੰ ਪਰਤ ਜਾਣਾ ਹੈ।

ਉਸਨੇ ਖ਼ੁਸ਼ੀ ਖ਼ੁਸ਼ੀ ਛੇ ਮਹੀਨੇ ਦੀ ਮੋਹਰ ਲਾ ਕੇ ਪਾਸਪੋਰਟ ਮੇਰੇ ਹੱਥ ਫੜਾਇਆ।

ਮੈਨੂੰ ਕਾਫ਼ੀ ਦੇਰ ਹੋ ਚੁੱਕੀ ਸੀ। ਮੇਰਾ ਸਾਮਾਨ ਬੈਲਟ ਤੋਂ ਲਾਹ ਕੇ ਹੇਠਾਂ ਰੱਖ ਦਿੱਤਾ ਗਿਆ ਸੀ। ਪੌੜੀਆਂ ਉਤਰ ਹੀ ਰਿਹਾ ਸਾਂ ਕਿ ਇਕ ਕਰਮਚਾਰੀ ਔਰਤ ਨੇ ਮੈਨੂੰ ਪੁੱਛਿਆ, "ਤੁਸੀਂ ਵਰਿਆਮ ਸਿੰਘ ਸੰਧੂ ਹੋ?"

"ਜੀ",

"ਤੁਹਾਡਾ ਸਮਾਨ ਔਹ ਪਿਆ ਹੈ।"

ਮੈਂ ਬੈਗ ਨੂੰ ਹੱਥ ਪਾਉਣ ਲੱਗਾ ਤਾਂ ਉਹਨੇ ਅੰਗਰੇਜ਼ੀ



Sri Satguru Jagjit Singh Ji eLibrary NamdhariElibrary@gmail.com

ਦੀ ਥਾਂ ਪੰਜਾਬੀ ਵਿਚ ਮੈਨੂੰ ਆਖਿਆ, "ਟਰਾਲੀ ਲੈ ਲੈਂਦੇ ਨਾ, ਸੌਖੇ ਰਹੋਗੇ...।"

ਮੇਰੇ ਕੋਲ ਡੈਕਲੇਅਰ ਕਰਨ ਵਾਲਾ ਕੁਝ ਵੀ ਨਹੀਂ ਸੀ। ਮੈਂ ਦੂਜੇ ਰਸਤਿਓਂ ਬਾਹਰ ਨਿਕਲ ਤੁਰਿਆ। ਕਿਸੇ ਨੇ ਮੈਨੂੰ ਨਹੀਂ ਪੁੱਛਿਆ। ਆਪਣੇ ਜਹਾਜ਼ ਦੀ ਮੈਂ ਆਖਰੀ ਸਵਾਰੀ ਸਾਂ।

ਪੰਜਾਬੀ ਬੋਲਣ ਵਾਲੇ ਏਅਰਪੋਰਟ ਦੇ ਕਰਮਚਾਰੀਆਂ ਦੀ ਭਾਸ਼ਾਈ ਅਪਣੱਤ ਨਾਲ ਮੈਂ ਏਅਰਪੋਰਟ ਉੱਤੇ 'ਭੁੱਲ ਕੇ' ਦੂਜੀ ਲਾਈਨ 'ਚ ਖੜੋਣ ਦੀ ਮੂਰਖਤਾ ਤੇ ਸ਼ਰਮਿੰਦਗੀ ਭੁੱਲ ਗਿਆ ਸੀ।

ਮੈਂ ਨਜ਼ਰਾਂ ਉਠਾ ਕੇ ਵੇਖਿਆ। ਸਾਹਮਣੇ ਜਸਪਾਲ, ਮਨਜੀਤ ਤੇ ਹਰਜੀਤ ਅਟਵਾਲ ਖੜੋਤੇ ਮੈਨੂੰ ਉਡੀਕ ਰਹੇ ਸਨ। ਮੇਰੇ ਲੇਟ ਹੋ ਜਾਣ ਉੱਤੇ ਉਹ ਘਰ ਵੀ ਫੋਨ ਕਰਕੇ ਪੁੱਛ ਚੁੱਕੇ ਸਨ ਕਿ ਮੈਂ ਕਿਧਰੇ ਘਰ ਨਾ ਪਹੁੰਚ ਗਿਆ ਹੋਵਾਂ!...ਪਰ ਆਪਾਂ 'ਚ ਏਨੀਆਂ ਕਾਹਲੀਆਂ ਕਿੱਥੇ!

ਜਸਪਾਲ ਅਤੇ ਮਨਜੀਤ ਦੋਹਾਂ ਜੀਆਂ ਦਾ ਚਾਅ ਠੱਲ੍ਹਿਆ ਨਹੀਂ ਜਾ ਰਿਹਾ। ਮਨਜੀਤ ਬਾਰ ਬਾਰ ਆਖ ਰਹੀ ਸੀ, "ਸ਼ੁਕਰ ਹੈ ਸਾਡਾ ਵੀ ਕੋਈ ਏਥੇ ਆਇਐ...।"

ਉਹਨਾਂ ਦਾ ਇਹ ਚਾਅ ਮੇਰੇ ਵਿਦੇਸ਼ ਆਉਣ ਤੋਂ ਪਹਿਲਾਂ ਹੀ ਸ਼ੁਰੂ ਹੋ ਗਿਆ ਸੀ। ਉਹਨਾਂ ਵੱਲੋਂ ਕਿਰਾਏ-ਭਾੜੇ ਲਈ ਭੇਜਿਆ ਪੰਜਾਹ ਹਜ਼ਾਰ ਰੁਪੈਆ ਵੀ ਮੇਰੀ ਵਿਦੇਸ਼ ਯਾਤਰਾ ਦਾ ਇਕ ਸਬੱਬ ਬਣਿਆ ਸੀ। ਫਿਰ ਮੈਂ ਜਿਥੇ ਵੀ ਜਾਂਦਾ ਮੇਰੇ ਪਿਛੇ ਪਿਛੇ ਜਸਪਾਲ ਦਾ ਫੋਨ ਖੜਕਦਾ ਜਾਂਦਾ; ਨਿਊਯਾਰਕ, ਸਾਨਫਰਾਂਸਿਸਕੋ, ਵੈਨਕੂਵਰ। ਹਰ ਥਾਂ ਜਸਪਾਲ ਦਾ ਉਤਸ਼ਾਹ ਵਖ ਕੇ ਮੇਰੇ ਸੰਬੰਧੀ-ਸਨੇਹੀ ਖ਼ੁਸ਼ ਹੁੰਦੇ। ਮੇਰਾ ਗੇੜਾ ਲੰਮਾ ਹੋ ਗਿਆ ਸੀ ਤੇ ਉਹਨਾਂ ਨੂੰ ਪਹਿਲਾਂ ਦੱਸੇ ਦਿਨਾਂ ਵਿਚ ਨਾ ਆ ਸਕਣ ਕਰਕੇ ਉਹ ਮੇਰੇ ਵਾਸਤੇ ਦੋ ਹਫ਼ਤੇ ਦੀ ਲਈ ਛੁੱਟੀ ਵੀ ਮੁਕਾ ਬੈਠੇ ਸਨ। ਇਹਨਾਂ ਦਿਨਾਂ ਵਿਚ ਹੀ ਇੰਗਲੈਂਡ ਪੁੱਜ ਚੁੱਕਾ ਜਗਦੀਸ਼ ਸਿੰਘ ਮੇਰੇ ਬਾਰੇ ਪੁੱਛ-ਗਿਛ ਕਰਨ ਲਈ ਉਹਨਾਂ ਨੂੰ ਮਿਲ ਚੁੱਕਿਆ ਸੀ। ਹਰਜੀਤ ਅਟਵਾਲ ਨੂੰ ਉਹਨਾਂ ਨੇ ਆਪ ਹੀ ਮੇਰੇ ਵੱਲੋਂ ਦੱਸੇ ਫੋਨ ਨੰਬਰ ਅਨੁਸਾਰ ਲੱਭ ਕੇ ਤਾਲਮੇਲ ਕਰ ਲਿਆ ਸੀ। ਹਰਜੀਤ ਦਾ ਆਉਣਾ ਮੈਨੂੰ ਚੰਗਾ ਲੱਗਾ। ਭਾਵੇਂ ਮੈਂ ਉਸਨੂੰ ਭਾਰਤ ਗਏ ਨੂੰ ਦੋ ਕੁ ਵਾਰ ਹੀ ਮਿਲਿਆ ਸਾਂ ਪਰ ਉਹਦੀ ਏਥੇ ਦਿਖਾਈ ਅਪਣੱਤ ਨੇ ਉਸ 'ਦੋ' ਅੱਗੇ ਕਈ ਬਿੰਦੀਆਂ ਲਾ ਛੱਡੀਆਂ ਸਨ।

ਹਰਜੀਤ ਸਾਊਥਾਲ ਵਿਚ ਜਸਪਾਲ ਹੁਰਾਂ ਦੇ ਨਜ਼ਦੀਕ ਹੀ ਰਹਿੰਦਾ ਸੀ। ਘਰ ਪਹੁੰਚੇ ਤਾਂ ਚਾਹ ਪੀਂਦਿਆਂ ਉਸਨੇ ਐਲਾਨ ਕਰ ਦਿੱਤਾ ਕਿ ਜਸਪਾਲ ਹੁਰੀਂ ਮੈਨੂੰ ਘੁਮਾਉਣ-ਫਿਰਾਉਣ ਲਈ ਛੁੱਟੀਆਂ ਲੈਣ ਜਾਂ ਨਾ ਲੈਣ.. ਕੋਈ ਫਰਕ ਨਹੀਂ ਪੈਂਦਾ। ਇਹ ਜ਼ਿੰਮੇਂਵਾਰੀ ਉਹ ਆਪ ਹੀ ਨਿਭਾ ਲਵੇਗਾ।

"ਤੁਸੀਂ ਗੱਪ-ਸ਼ੱਪ ਮਾਰੋ ਤੇ ਆਰਾਮ ਕਰੋ ਮੈਂ ਸ਼ਾਮ ਨੂੰ ਆਵਾਂਗਾ...।"

ਹਰਜੀਤ ਦੇ ਜਾਣ ਪਿੱਛੋਂ ਅਸੀਂ ਘਰੇਲੂ ਸੁੱਖ-ਸਾਂਦ ਪੁੱਛੀ। ਕੁਝ ਚਿਰ ਗੱਪਾਂ ਮਾਰੀਆਂ। ਰੋਟੀ ਖਾਧੀ ਤੇ ਫਿਰ ਮੈਂ ਦੋ ਕੁ ਘੰਟੇ ਗੂੜ੍ਹੀ ਨੀਂਦ ਸੌਂ ਕੇ ਥਕਾਵਟ ਲਾਹੀ। ਸੌਂ ਕੇ ਉਠਿਆ ਹੀ ਸਾਂ ਕਿ ਹਰਜੀਤ ਅਟਵਾਲ ਤੇ ਸਵਰਨ ਚੰਦਨ ਆ ਗਏ।

"ਬੱਲੇ! ਬੱਲੇ!! ਸਾਡਾ ਭਾਊ ਆਇਐ...।" ਸਵਰਨ ਚੰਦਨ ਦੀ ਮਝੈਲ ਅਪਣੱਤ ਬੋਲ ਰਹੀ ਸੀ। ਅਸੀਂ ਬੈਠੇ ਸਾਹਿਤਕ ਨਿੰਦਾ-ਚੁਗਲੀ ਦਾ ਅਨੰਦ ਵੀ ਲੈ ਰਹੇ ਸਾਂ ਤੇ ਮੈਂ ਉਹਨਾਂ ਦੇ ਮਾਧਿਅਮ ਰਾਹੀਂ ਬਰਤਾਨੀਆ ਦੇ ਪੰਜਾਬੀ ਸਾਹਿਤਕਾਰਾਂ ਤੇ ਉਥੋਂ ਦੀਆਂ ਸਾਹਿਤਕ ਸਰਗਰਮੀਆਂ ਬਾਰੇ ਵੀ ਜਾਣਕਾਰੀ ਹਾਸਲ ਕਰ ਰਿਹਾ ਸਾਂ।

"ਇਥੇ ਦੋ ਦੋ ਬੰਦਿਆਂ ਨੇ ਮਿਲ ਕੇ ਆਪੋ-ਆਪਣੀ ਸਭਾ ਬਣਾਈ ਹੋਈ ਹੈ। ਸਾਡੀ ਵੀ ਦੋਹਾਂ ਦੀ ਇਕ ਸਭਾ ਹੈ।"

ਹਰਜੀਤ ਕੋਈ ਲੁਕਾ ਨਹੀਂ ਸੀ ਰੱਖ ਰਿਹਾ।

"ਮੈਂ ਪ੍ਰਧਾਨ ਹਾਂ ਤੇ ਇਹ ਸਕੱਤਰ" ਸਵਰਨ ਚੰਦਨ ਦੀਆਂ ਅੱਖਾਂ ਮੋਟੇ ਸ਼ੀਸ਼ਿਆਂ ਪਿਛੋਂ ਹੱਸੀਆਂ।

"ਪਰ ਸਾਡੀ ਇਕ ਗੱਲ ਉਤੇ ਸਾਰਿਆਂ ਦੀ ਆਪਸ ਵਿਚ ਬਹੁਤ ਬਣਦੀ ਹੈ। ਉਹ ਇਹ ਕਿ ਜਦੋਂ ਇਕ ਧਿਰ ਸਮਾਗਮ ਕਰਵਾਏ ਤਾਂ ਦੂਜੀਆਂ ਸਾਰੀਆਂ ਧਿਰਾਂ ਉਸ ਸਮਾਗਮ ਉਤੇ ਪਹੁੰਚਦੀਆਂ ਜ਼ਰੂਰ ਹਨ।"

ਹਰਜੀਤ ਦੱਸ ਹੀ ਰਿਹਾ ਸੀ ਕਿ ਚੰਦਨ ਬੋਲਿਆ, 'ਬਾਬਿਓ! ਤੁਹਾਡੇ ਆਉਣ ਦੀ ਖੁਸ਼ੀ ਵਿਚ ਵੀ ਸਮਾਗਮ ਰਚਾਵਾਂਗੇ, ...ਤੇ ਵੇਖਿਓ ਸਭ ਸੱਜਣ ਆਉਣਗੇ ਉਥੇ ਹੁੰਮ-ਹੁਮਾ ਕੇ...।"

ਫਿਰ ਉਹ ਸਮਾਗਮ ਲਈ ਦਿਨ ਮਿੱਥਣ ਲੱਗੇ। ਅਜੇ ਗੱਲਾਂ ਚਲ ਹੀ ਰਹੀਆਂ ਸਨ ਕਿ ਮਨਜੀਤ ਦੇ ਭਰਾ-



Sri Satguru Jagjit Singh Ji eLibrary NamdhariElibrary@gmail.com

ਭਰਜਾਈ ਦਾ ਫੋਨ ਆ ਗਿਆ ਕਿ ਉਹ ਮੈਨੂੰ ਮਿਲਣ ਪਹੁੰਚ ਰਹੇ ਹਨ। ਚੰਦਨ ਤੇ ਅਟਵਾਲ ਨੇ ਇਹ ਸੁਣਕੇ ਮੈਨੂੰ ਆਪਣੇ ਨਾਲ ਲਿਜਾਣ ਦਾ ਪ੍ਰੋਗਰਾਮ ਕਲ੍ਹ ਉਤੇ ਪਾ ਦਿਤਾ।

ਅਗਲੇ ਦਿਨ ਤਕ ਇੰਗਲੈਂਡ ਦੇ ਸਾਹਿਤਕ ਹਲਕਿਆਂ ਵਿਚ ਮੇਰੇ ਆਉਣ ਦੀ ਖ਼ਬਰ ਫੈਲ ਚੁਕੀ ਸੀ। ਸਾਹਿਤਕ-ਜਾਣੂਆਂ ਦੇ ਫੋਨ ਆਉਣ ਲੱਗੇ। ਫੋਨ ਦੀ ਘੰਟੀ ਖੜਕਦੀ ਤਾਂ ਮਨਜੀਤ ਹੱਸਕੇ ਆਖਦੀ, "ਫੁੱਫੜ ਜੀ ਦਾ ਫੋਨ ਹੀ ਹੋਣੈਂ।" ਉਹ ਸੱਚਮੁਚ ਮੇਰਾ ਫੋਨ ਹੀ ਹੁੰਦਾ। ਫੋਨ ਉਪਰ ਗੱਲ ਕਰਨ ਵਾਲੇ ਲੇਖਕ ਦਾ ਜਦੋਂ ਮੈਂ ਨਾਂ ਲੈਂਦਾ ਤਾਂ ਮਨਜੀਤ ਹੈਰਾਨ ਅਤੇ ਖੁਸ਼ ਹੁੰਦੀ। ਉਹਨੂੰ ਬਾਹਰ ਛਪਦੇ ਪੰਜਾਬੀ ਪਰਚੇ ਪੜ੍ਹਨ ਦਾ ਸ਼ੌਕ ਸੀ ਅਤੇ ਉਹਨੇ ਮੈਨੂੰ ਫੋਨ ਕਰਨ ਵਾਲੇ ਲੇਖਕਾਂ ਦੇ ਨਾਂ ਜਾਂ ਉਹਨਾਂ ਦੀ ਕੋਈ ਨਾ ਕੋਈ ਲਿਖਤ ਪੜ੍ਹੀ ਹੋਈ ਸੀ। ਉਸ ਵਾਸਤੇ ਉਹ ਬਰਤਾਨੀਆਂ ਦੇ ਮੰਨੇ-ਪ੍ਰਮੰਨੇ ਲੇਖਕ ਮੈਨੂੰ ਫੋਨ ਕਰਕੇ ਤੇ ਮੈਨੂੰ ਮਿਲਕੇ ਆਪਣਾ ਪਿਆਰ ਪ੍ਰਗਟਾਉਣਾ ਚਾਹ ਰਹੇ ਸਨ। ਜਸਪਾਲ ਤੇ ਮਨਜੀਤ ਲਈ ਇਹ ਡਾਢੀ ਖੁਸ਼ੀ ਅਤੇ ਮਾਣ ਦੀ ਗੱਲ ਸੀ। ਉਹਨਾਂ ਨੂੰ ਪਹਿਲਾਂ ਇਹ ਤਾਂ ਪਤਾ ਹੀ ਸੀ ਕਿ ਮੈਂ ਲੇਖਕ ਹਾਂ ਤੇ ਲੇਖਕਾਂ ਵਿਚ ਮੇਰੀ ਮਾੜੀ ਮੋਟੀ ਸਿਆਣ ਤਾਂ ਹੋਵੇਗੀ ਹੀ।

"ਪਰ ਸਾਨੂੰ ਇਹ ਨਹੀਂ ਸੀ ਪਤਾ ਕਿ ਸਾਡੇ ਫੁੱਫੜ ਜੀ ਏਡੇ ਵੱਡੇ ਲੇਖਕ ਨੇ...", ਮਨਜੀਤ ਨੇ ਹੱਸਦਿਆਂ ਸਵੀਕਾਰ ਕੀਤਾ।

ਉਹਨਾਂ ਦੇ ਇਸ ਚਾਅ ਨੂੰ ਹਰਜੀਤ ਅਟਵਾਲ ਨੇ ਇਹ ਕਹਿਕੇ ਦੂਣ-ਸਵਾਇਆ ਕਰ ਦਿਤਾ, "ਤੁਹਾਡਾ ਫੁੱਫੜ ਸਾਡੇ ਸਾਰਿਆਂ 'ਚੋਂ ਵਧੀਆ ਲਿਖਣ ਵਾਲਿਆਂ 'ਚੋਂ ਹੈ ਇਸ ਵੇਲੇ...।"

ਖੁਲ੍ਹੇ ਦਿਲ ਵਾਲਾ, ਨਿਰਛਲ ਤੇ ਮੋਹਵੰਤਾ ਬੰਦਾ ਹੀ ਅਜਿਹੀ ਪ੍ਰਸ਼ੰਸਾ ਕਰ ਸਕਦਾ ਹੈ। ਇਹ ਤਾਂ ਹਰਜੀਤ ਦੀ ਨਿਰਮਾਣਤਾ ਤੇ ਵਡਿਆਈ ਸੀ ਨਹੀਂ ਤਾਂ...ਮੈਂ ਮੂਰਖ ਕੀ ਕੇਤਕ ਬਾਤ ਹੈ...।"

ਅਗਲੇ ਦਿਨ ਗਿਆਰਾਂ ਕੁ ਵਜੇ ਹਰਜੀਤ ਆਪਣੀ ਚਿੱਟੀ ਘਸਮੈਲੀ ਵੈਨ ਲੈ ਕੇ ਆ ਪੁਜਾ। ਡਰਾਈਵਿੰਗ ਨੇਮਾਂ ਦੀ ਬਾਰ-ਬਾਰ ਉਲੰਘਣਾ ਕਰਨ ਕਰਕੇ ਉਸਨੂੰ ਕਾਰ ਚਲਾਉਣ ਦੀ ਕਾਨੂੰਨਨ ਮਨਾਹੀ ਸੀ, ਪਰ ਉਸ ਨੇ ਮੇਰੇ ਸਦਕਾ ਇਕ ਵਾਰ ਫੇਰ ਕਾਨੂੰਨ ਤੋੜਨ ਦਾ ਜੇਰਾ ਕਰ ਲਿਆ। ਹਰਜੀਤ ਕੋਲ ਇਕ ਡੀਪਾਰਟਮੈਂਟਲ ਸਟੋਰ ਹੈ, ਜੋ ਅੱਜ ਕਲ੍ਹ ਉਸਨੇ ਕਿਰਾਏ ਉਤੇ ਦਿਤਾ ਹੋਇਆ ਹੈ। ਮਸਤ-ਮੌਲਾ ਹਰਜੀਤ ਨੇ ਸਟੋਰ ਦੇ ਝਮੇਲਿਆਂ ਤੋਂ ਮੁਕਤ ਹੋ ਕੇ 'ਇਕੋ ਕੰਮ' ਦੀ ਕਮਾਈ ਨਾਲ ਗੁਜ਼ਾਰਾ ਕਰਨ ਦਾ ਜੁਗਾੜ ਬਣਾਇਆ ਹੋਇਆ ਸੀ। ਸਿਆਲ ਦੇ ਦਿਨਾਂ ਵਿਚ ਘਰਾਂ ਨੂੰ ਗਰਮ ਰੱਖਣ ਲਈ ਵਰਤੀ ਜਾਣ ਵਾਲੀ ਗੈਸ ਸਪਲਾਈ ਕਰਨ ਦਾ ਬਿਜ਼ਨਿਸ ਸੀ ਉਸਦੇ ਕੋਲ। ਸਿਆਲ ਦੀ ਕੀਤੀ ਕਮਾਈ ਉਹ ਗਰਮੀਆਂ ਵਿਚ ਭੋਰ ਭੋਰ ਖਾਂਦਾ ਸੀ। ਗਰਮੀਆਂ ਵਿਚ ਉਹ ਫਿਰਦਾ-ਤੁਰਦਾ, ਪੜ੍ਹਦਾ-ਲਿਖਦਾ ਤੇ ਜ਼ਿੰਦਗੀ ਨੂੰ ਮਾਣਦਾ ਸੀ। ਪੈਸਾ ਕਮਾਉਣ ਲਈ ਦਿਨ ਰਾਤ ਮਰ ਮਰ ਜਾਂਦੇ ਆਪਣੇ ਬੰਦਿਆਂ ਦੇ ਸਾਹਮਣੇ ਉਸਦਾ ਸਬਰ ਸੰਤੋਖ ਅਜੀਬ ਵੀ ਲਗਦਾ ਸੀ ਅਤੇ ਚੰਗਾ ਵੀ।

ਪੋਲੇ ਜਿਹੇ ਮੂੰਹ ਨਾਲ ਉਹ ਨਿੱਕੇ ਨਿੱਕੇ ਤਿੱਖੇ ਲਤੀਫ਼ੇ ਸੁਣਾਉਂਦਾ 'ਆਪਣੇ' ਸਟੋਰ ਉਤੇ ਲੈ ਗਿਆ। ਸਟੋਰ ਦੇ ਪਿਛਲੇ ਪਾਸੇ ਉਸਦਾ ਨਿੱਕਾ ਜਿਹਾ ਦਫਤਰ ਸੀ। ਦਫਤਰ ਪਿਛਲੇ ਵਿਹੜੇ ਵਿਚ ਗੈਸ ਦੇ ਸਿਲੰਡਰ ਪਏ ਸਨ।

"ਤੁਸੀਂ ਲੰਡਨ ਦੀ ਕਿਹੜੀ ਥਾਂ ਵੇਖਣੀ ਚਾਹੁੰਦੇ ਹੋ? ਕਿਹੜੇ ਬੰਦੇ ਨੂੰ ਮਿਲਣਾ ਚਾਹੁੰਦੇ ਹੋ?"

'ਕੋਕ' ਦਾ ਡੱਬਾ ਮੇਰੇ ਹੱਥ ਦਿੰਦਿਆਂ ਉਸ ਨੇ ਪੁੱਛਿਆ—

"ਲੰਡਨ ਦਾ ਤਾਂ ਜੋ ਕੁਝ ਤੂੰ ਦਿਖਾਉਣਾ ਚਾਹੁੰਦਾ ਏ ਦਿਖਾ ਦੇ। ਮਿਲਣ ਨੂੰ ਮੇਰਾ ਆਪਣਾ ਜਾਣੂ ਤਾਂ ਏਥੇ ਅਮਰਜੀਤ ਚੰਦਨ ਹੈ। ਉਹ ਭਲਾ ਕਿੱਥੇ ਰਹਿੰਦਾ ਏ? ਉਂਜ ਉਹ ਤੇਰੇ ਆਖੇ ਮੈਨੂੰ ਮਿਲ ਵੀ ਲਊ ਜਾਂ ਮੈਨੂੰ ਮਿਲਣਾ ਉਹਦੀ ਇੱਛਾ 'ਚ ਸ਼ਾਮਲ ਹੈ ਜਾਂ ਨਹੀਂ, ਕਿਹਾ ਨਹੀਂ ਜਾ ਸਕਦਾ।"

ਅਸਲ ਵਿਚ ਮੈਂ ਅਮਰਜੀਤ ਚੰਦਨ ਦੇ ਸੁਭਾਅ ਬਾਰੇ ਜਾਣਦਾ ਸਾਂ। ਉਹ ਆਪਣੀਆਂ ਪਸੰਦਾਂ ਅਤੇ ਤਰਜੀਹਾਂ ਬਾਰੇ ਬੜਾ ਸੁਚੇਤ ਅਤੇ ਕੱਟੜ ਹੈ। ਉਹ ਲਕੀਰ ਖਿੱਚ ਕੇ ਏਧਰ ਜਾਂ ਓਧਰ ਖਲੋਣ ਵਾਲਾ ਵਿਅਕਤੀ ਹੈ। ਲਕੀਰ ਉਤੇ ਖੜੋਣਾ ਉਸ ਨੂੰ ਪਰਵਾਨ ਨਹੀਂ। ਜਿਸਦੇ ਵਿਰੁਧ ਹੋ ਜਾਵੇ ਉਹਦੀ ਸ਼ਰੇਆਮ ਲਿਖ ਜਾਂ ਬੋਲ ਕੇ ਲਾਹ-ਪਾਹ ਕਰ ਸਕਦਾ ਹੈ। ਬਰਤਾਨੀਆ ਵਿਚ ਵੀ—ਮੈਂ ਸੁਣਿਆ ਹੋਇਆ ਸੀ—ਉਸ ਨੇ ਬਹੁਤੇ ਲੋਕਾਂ ਨਾਲ ਵਿਗਾੜੀ ਹੋਈ ਸੀ। ਮੈਨੂੰ ਖ਼ਦਸ਼ਾ ਸੀ, ਪਤਾ ਨਹੀਂ ਉਹਦੀ ਹਰਜੀਤ ਨਾਲ ਬਣਦੀ ਵੀ ਹੈ ਜਾਂ ਨਹੀਂ।



Sri Satguru Jagjit Singh Ji eLibrary NamdhariElibrary@gmail.com

ਹਰਜੀਤ ਮੁਸਕਰਾਇਆ, "ਮੇਰੇ ਨਾਲ ਚੰਦਨ ਦੀ ਵਿਗੜੀ ਹੋਈ ਨਹੀਂ। ਆਪਾਂ ਹੁਣੇ ਉਹਦਾ ਪਤਾ ਕਰਦੇ ਆਂ...।"

ਉਹ ਫੋਨ ਘੁਮਾਉਣ ਲੱਗਾ। ਹਰਜੀਤ ਦੀ ਚੰਦਨ ਨਾਲ ਹੀ ਨਹੀਂ ਕਿਸੇ ਨਾਲ ਵੀ ਵਿਗੜੀ ਹੋਈ ਨਹੀਂ ਸੀ। ਉਹਨੇ ਆਪਣੇ ਸਾਊਪੁਣੇ ਨਾਲ ਹਰੇਕ 'ਗਰੁਪ' ਦੇ ਮਨ ਵਿਚ ਆਪਣੀ ਥਾਂ ਬਣਾਈ ਹੋਈ ਸੀ।

ਫੋਨ ਮਿਲਾਉਂਦਿਆਂ ਉਹ ਨਾਲ ਨਾਲ ਦੱਸੀ ਜਾ ਰਿਹਾ ਸੀ—

"ਚੰਦਨ ਏਥੋਂ ਨੇੜੇ ਹੀ ਕੌਂਸਲ ਦੇ ਦਫ਼ਤਰ ਵਿਚ ਮੈਨੇਜਰ ਹੈ, ਚੰਗੀ ਜੌਬ ਹੈ ਉਸਦੀ। ਇਥੇ ਇਕ ਸੌ ਇਕਾਸੀ ਬੋਲੀਆਂ ਬੋਲੀਆਂ ਜਾਂਦੀਆਂ ਹਨ। ਉਹਨਾਂ ਬੋਲੀਆਂ ਵਿਚ ਲਿਖੀਆਂ ਦਰਖਾਸਤਾਂ ਉਹਨਾਂ ਦੇ ਮਸਲੇ ਟਰਾਂਸਲੇਟ ਕਰਨੇ ਹੁੰਦੇ ਨੇ। ਹੈਲੋ...ਚੰਦਨ...।"

ਫ਼ੋਨ ਮਿਲ ਗਿਆ...

"ਤੈਨੂੰ ਮਿਲਣਾ ਚਾਹੁੰਦੇ ਹਾਂ...ਤੇਰੇ ਇਕ ਮਿੱਤਰ ਵੀ ਆਏ ਹੋਏ ਨੇ।"

ਹਰਜੀਤ ਨੇ ਮੇਰਾ ਨਾਮ ਨਹੀਂ ਦੱਸਿਆ। ਉਹ ਸ਼ਾਇਦ ਉਸਨੂੰ 'ਸਰਪਰਾਈਜ਼' ਦੇਣਾ ਚਾਹੁੰਦਾ ਸੀ। ਚੰਦਨ ਨੇ ਉਸਨੂੰ ਆਖਿਆ ਕਿ ਸਾਢੇ ਬਾਰਾਂ ਵਜੇ ਉਹ ਦੁਪਹਿਰ ਦੇ ਖਾਣੇ ਦੀ ਛੁੱਟੀ ਸਮੇਂ ਵਿਹਲਾ ਹੋਵੇਗਾ। ਅਸੀਂ ਪਹੁੰਚ ਜਾਈਏ। ਸਾਡੇ ਕੋਲ ਅਜੇ ਕਾਫ਼ੀ ਸਮਾਂ ਸੀ। ਅਸੀਂ ਹਰਜੀਤ ਦੀ ਗੈਸ ਸਪਲਾਈ ਕਰਨ ਵਾਲੀ ਬੁੱਢੀ ਗੱਡੀ ਉਤੇ ਸਵਾਰ ਹੋਏ ਤੇ ਲੰਡਨ ਸ਼ਹਿਰ ਨੂੰ ਵੇਖਦੇ-ਵਾਚਦੇ ਤੁਰ ਪਏ; ਅਮਰੀਕਾ ਤੇ ਕੈਨੇਡਾ ਦੇ ਸ਼ਹਿਰਾਂ ਵਰਗੀ ਲਿਸ਼ਕ-ਪੁਸ਼ਕ ਲੰਡਨ ਦੇ ਚਿਹਰੇ ਉਤੋਂ ਗੈਰ-ਹਾਜ਼ਰ ਸੀ। ਸੜਕਾਂ ਵੀ ਭੀੜੀਆਂ ਸਨ। ਪਰ ਫਿਰ ਵੀ ਦੁਨੀਆਂ ਦਾ ਪੁਰਾਣਾ ਤੇ ਮਹਾਨ ਸ਼ਹਿਰ ਵੇਖਦਿਆਂ ਮਨ ਰੁਮਾਂਚਿਤ ਹੋ ਰਿਹਾ ਸੀ। ਤੁਰਿਆਂ ਜਾਂਦਿਆਂ ਅਮਰਜੀਤ ਚੰਦਨ ਦੇ ਸੁਭਾਅ ਦੀਆਂ ਗੱਲਾ ਚੱਲੀਆਂ ਤਾਂ ਹਰਜੀਤ ਅਟਵਾਲ ਨੇ ਦਿਲਚਸਪ ਟਿੱਪਣੀ ਕੀਤੀ।

"ਜਦੋਂ ਪਾਸ਼ ਇਥੇ ਆਇਆ ਤਾਂ ਕਿਸੇ ਨੇ ਦੱਸਿਆ ਕਿ ਤੁਹਾਡਾ ਪੁਰਾਣਾ ਨਕਸਲੀ ਯਾਰ ਚੰਦਨ ਹਰੇਕ ਮਹਿਫ਼ਿਲ ਵਿਚ ਲੜਾਈ ਮੁੱਲ ਲੈ ਲੈਂਦਾ ਹੈ ਤਾਂ ਪਾਸ਼ ਨੇ ਅੱਗੋਂ ਹੱਸ ਕੇ ਆਖਿਆ, "ਉਹਨੂੰ ਹੱਕ ਹੈ ਸਭ ਕੁਝ ਕਹਿਣ ਦਾ ਅਤੇ ਲੜਨ ਦਾ। ਉਹ ਸਾਡਾ ਸਾਨ੍ਹ ਛੱਡਿਆ ਹੋਇਐ...।"

ਕੁਝ ਵੀ ਸੀ...ਮੇਰਾ ਅਮਰਜੀਤ ਨਾਲ ਮੋਹ ਦਾ ਰਿਸ਼ਤਾ ਸੀ। ਆਪਣੇ ਨਕਸਲੀ ਦੌਰ ਦੇ ਗੁਪਤਵਾਸ ਸਮੇਂ ਉਹ ਮੇਰੇ ਪਿੰਡ ਮੈਨੂੰ ਮਿਲਣ ਜਾਇਆ ਕਰਦਾ ਸੀ। ਮੇਰੀ ਕਹਾਣੀਆਂ ਦ ਪਹਿਲੀ ਕਿਤਾਬ ਛਪਵਾਉਣ ਦਾ ਉੱਦਮ ਵੀ ਉਸੇ ਨੇ ਕੀਤਾ ਸੀ। ਜਿਵੇਂ ਬਾਦ ਵਿਚ ਉਸਨੇ ਇਨਕਸ਼ਾਫ਼ ਕੀਤਾ, ਉਹ ਮੇਰੀ ਕਿਤਾਬ 'ਲੋਹੇ ਦੇ ਹੱਥ' ਦੇ ਪਰੂਫ ਪੜ੍ਹਣ ਅੰਮ੍ਰਿਤਸਰ ਆਇਆ ਹੀ ਪੁਲਿਸ ਦੇ ਕਾਬੂ ਆ ਗਿਆ ਸੀ। ਜੇ ਪੁਲਿਸ ਵਾਲੇ ਕੁਝ ਪਲ ਉਸਨੂੰ ਜੱਫਾ ਮਾਰਨ 'ਚ ਉੱਕ ਜਾਂਦੇ ਤਾਂ ਆਪਣੇ ਕੋਲ ਫੜੇ ਹੈਂਡ ਗਰਨੇਡ ਦੀ ਪਿੰਨ ਉਸਨੇ ਖਿੱਚ ਛੱਡਣੀ ਸੀ। ਜਦੋਂ ਸਾਨੂੰ ਅਖ਼ਬਾਰ ਵਿਚੋਂ ਇਸ ਖ਼ਬਰ ਦਾ ਪਤਾ ਲੱਗਾ ਤਾਂ ਮੇਰਾ ਸਾਰਾ ਪਰਿਵਾਰ ਹੀ ਬਹੁਤ ਉਦਾਸ ਹੋਇਆ। ਮੇਰੇ ਘਰ ਦੇ ਜੀਆਂ ਨੂੰ ਲੱਗਾ ਜਿਵੇਂ ਉਹਨਾਂ ਦਾ ਆਪਣਾ ਖ਼ੂਨ ਬਿਰਥਾ ਵਹਿ ਜਾਣ ਤੋਂ ਬਚ ਗਿਆ ਸੀ। ਇਸ ਗੱਲ ਦੀ ਤਸੱਲੀ ਵੀ ਸੀ ਪਰ ਜੇ ਖ਼ਤਰਾ ਵਾਪਰ ਜਾਂਦਾ ਤਾਂ...ਇਹ ਗੱਲ ਸਭ ਨੂੰ ਕੰਬਣੀ ਛੇੜ ਜਾਂਦੀ। ਫਿਰ ਜਦੋਂ ਉੱਨੀ ਸੌ ਬਹੱਤਰ ਦੇ ਮੋਗਾ ਅੰਦੋਲਨ ਵੇਲੇ ਮੈਂ ਅੰਮ੍ਰਿਤਸਰ ਜੇਲ੍ਹ ਵਿਚ ਸਾਂ ਤਾਂ ਜੇਲ੍ਹ ਕਰਮਚਾਰੀਆਂ ਦੀ ਮਦਦ ਨਾਲ ਮੈਂ ਉਸਨੂੰ ਚੋਰੀ ਚੋਰੀ ਚਾਲੀ ਚੱਕੀਆਂ ਵਿਚ ਮਿਲ ਕੇ ਵੀ ਆਇਆ ਸਾਂ। ਸਜ਼ਾ ਮੁੱਕਣ ਤੋਂ ਪਿਛੋਂ ਰਿਹਾ ਹੋ ਕੇ ਉਹ ਮੇਰੇ ਵਿਆਹ ਉਤੇ ਹਾਜ਼ਰ ਹੋਇਆ ਸੀ ਤੇ ਮੇਰੇ ਸੱਜਣਾਂ-ਮਿੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਹਾਸਾ-ਠੱਠਾ ਕਰਦਾ ਆਪਣੇ ਕੈਮਰੇ ਨਾਲ ਸਾਡੀਆਂ ਫੋਟੋਆਂ ਖਿੱਚ ਰਿਹਾ ਸੀ। ਜੇ ਸਾਡੇ ਵਿਆਹ ਦੀਆਂ ਯਾਦਗਾਰੀ ਤਸਵੀਰਾਂ ਉਹ ਨਾ ਖਿੱਚਦਾ ਤਾਂ ਸਾਡੇ ਕੋਲ ਵਿਆਹ ਦਾ ਕੋਈ 'ਰੀਕਾਰਡ' ਨਹੀਂ ਸੀ ਹੋਣਾ !!

ਇਹ ਸਾਰਾ ਪਿਛੋਕੜ ਮੈਨੂੰ ਯਾਦ ਆ ਰਿਹਾ ਸੀ। ਭਾਵੇਂ ਕਿ ਉਸਤੋਂ ਬਾਦ ਦੇ ਸਾਲਾਂ ਵਿਚ ਅਸੀਂ ਓਨਾ ਨੇੜੇ ਨਹੀਂ ਸਾਂ ਰਹਿ ਗਏ—ਪਰ ਅੰਦਰੋਂ ਮੈਨੂੰ ਉਹ ਅਜੇ ਵੀ ਚੰਗਾ ਲੱਗਦਾ ਸੀ।

ਗੱਡੀ ਪਾਰਕ ਕਰਕੇ ਜਦੋਂ ਅਸੀਂ ਉਸਦੇ ਦਫ਼ਤਰ ਪਹੁੰਚੇ ਤਾਂ ਉਹ ਦੋ ਮਿੰਟਾਂ ਬਾਦ ਉਪਰੋਂ ਉੱਤਰ ਆਇਆ। ਮੈਨੂੰ ਵੇਖ ਕੇ ਉਸਨੂੰ ਕੋਈ ਹੈਰਾਨੀ ਨਹੀਂ ਹੋਈ। ਸ਼ਾਇਦ ਉਸਨੂੰ ਪਹਿਲਾਂ ਹੀ ਪਤਾ ਲੱਗ ਚੁੱਕਾ ਸੀ। ਉਸਨੇ ਕਾਟਵੀਂ ਮੁਸਕਰਾਹਟ ਸੁੱਟਦਿਆਂ ਵਿਅੰਗ ਵਿਚ ਦੋਵੇਂ ਹੱਥ ਜੋੜੇ।

ਉਹ ਖੁਆਉਣ-ਪਿਆਉਣ ਲਈ ਸਾਨੂੰ ਰੇਸਟੋਰੈਂਟ ਵੱਲ ਲੈ ਤੁਰਿਆ। ਨਾਲ ਨਾਲ ਮੇਰੇ ਪਿਛਲੇ ਸਫ਼ਰ ਬਾਰੇ,



Sri Satguru Jagjit Singh Ji eLibrary NamdhariElibrary@gmail.com

ਮਿਲਵਾਕੀ ਕਾਨਫਰੰਸ ਬਾਰੇ ਨਿੱਕੇ ਨਿੱਕੇ ਸਵਾਲ ਕਰੀ ਗਿਆ। ਜਦੋਂ ਅਸੀਂ ਖਾਣ-ਪੀਣ ਦਾ ਸਮਾਨ ਲੈ ਕੇ ਮੇਜ਼ ਉੱਪਰ ਬੈਠੇ ਤਾਂ ਉਸਨੇ ਪੁਛਿਆ, "ਬੀਬੀ ਦਾ ਕੀ ਹਾਲ ਹੈ।"

ਉਹ ਮੇਰੀ ਮਾਂ ਦਾ ਹਾਲ ਪੁੱਛ ਰਿਹਾ ਸੀ, ਜਿਹੜੀ ਮੈਨੂੰ ਮਿਲਣ ਜਾਣ ਵਾਲੇ ਇਹਨਾਂ ਇਨਕਲਾਬੀ ਮਿੱਤਰਾਂ ਨੂੰ ਆਪਣੇ ਪੁੱਤਾਂ ਵਾਂਗ ਹੀ ਸਮਝਦੀ ਸੀ।

ਅਮਰਜੀਤ ਚੰਦਨ ਨੇ ਜੁਝਾਰੂ ਕਵਿਤਾ/ਸਾਹਿਤ ਨੂੰ ਉਭਾਰਨ ਤੇ ਪ੍ਰਚਾਰਨ ਵਿਚ ਬਹੁਤ ਵਡਮੁਲਾ ਯੋਗਦਾਨ ਪਾਇਆ ਸੀ। 'ਦਸਤਾਵੇਜ਼' ਨਾਂ ਦਾ ਗੁਪਤ-ਪਰਚਾ ਛਾਪਕੇ ਉਸ ਨੇ ਜਿਥੇ ਜੁਝਾਰੂ ਕਵਿਤਾ ਦੀ ਜਾਣ-ਪਛਾਣ ਕਰਵਾਈ ਉਥੇ ਪਾਸ਼ ਤੇ ਸੰਤ ਸੰਧੂ ਦੇ ਕਾਵਿ-ਸੰਗ੍ਰਹਿ ਤੇ ਮੇਰਾ ਕਹਾਣੀ ਸੰਗ੍ਰਹਿ ਛਪਵਾਕੇ ਇਕ ਵਿਸ਼ੇਸ਼ ਤਰ੍ਹਾਂ ਦੇ ਉਦੇਸ਼-ਮੁਖ ਸਾਹਿਤ ਨੂੰ ਪ੍ਰਚਾਰਨ ਵਿਚ ਮੁਢਲੀ ਭੂਮਿਕਾ ਅਦਾ ਕੀਤੀ ਸੀ। ਸੰਪਾਦਨਾ ਤੇ ਅਨੁਵਾਦ ਦੇ ਖੇਤਰ ਵਿਚ ਉਹਦਾ ਉੱਘਾ ਨਾਂ ਸੀ। ਕਵਿਤਾ ਉਹ ਭਾਵੇਂ ਘਟ ਲਿਖਦਾ ਸੀ ਪਰ ਚੋਣਵੇਂ ਕਵੀਆਂ ਵਿਚ ਉਸਦਾ ਜ਼ਿਕਰ ਸੀ। ਪਰ ਪਿਛਲੇ ਸਾਲਾਂ ਵਿਚ ਤਾਂ ਉਸ ਉਤੇ ਸਰਸਵਤੀ ਦੀ ਕਿਰਪਾ ਹੋ ਗਈ ਸੀ ਜਿਵੇਂ। ਉਹ ਕਵਿਤਾ ਅਤੇ ਵਾਰਤਿਕ ਦੀਆਂ ਕਿਤਾਬਾਂ ਧੜਾਧੜ ਛਪਵਾ ਰਿਹਾ ਸੀ। ਕਿਸੇ ਬਹੁਤਾ ਲਿਖਣ ਵਾਲੇ ਲੇਖਕ ਬਾਰੇ ਉਸਨੇ ਕਿਤੇ ਵਿਅੰਗ ਨਾਲ ਆਖਿਆ ਸੀ: "ਉਹ ਅੱਜ ਕਲ੍ਹ ਕਿਤਾਬਾਂ 'ਥੱਪ' ਰਿਹਾ ਹੈ।"

ਹਰਜੀਤ ਨੇ ਉਸਨੂੰ ਛੇੜਿਆ, "ਤੂੰ ਵੀ ਤਾਂ ਅੱਜ ਕਲ੍ਹ ਕਿਤਾਬਾਂ ਥੱਪੀ ਜਾ ਰਿਹੈਂ...।"

ਉਸਨੇ ਹੱਸ ਕੇ ਆਖਿਆ, "ਮੈਨੂੰ ਕਿਸੇ ਨੇ 'ਨਾਮ' ਦਿਤਾ ਹੈ; ਇਸ ਕਰਕੇ ਅੱਜ ਕਲ੍ਹ ਮੈਨੂੰ ਕਵਿਤਾਵਾਂ ਫੁਰ ਰਹੀਆਂ ਨੇ..ਤੂੰ ਨਾਵਲ ਕਦੋਂ ਲਿਖ ਰਿਹੈਂ?" ਰੁਕ ਕੇ ਉਸ ਨੇ ਮੈਨੂੰ ਸਵਾਲ ਕੀਤਾ।

"ਅਜੇ ਤਾਂ ਨਵੀਂ ਕਹਾਣੀ ਨਹੀਂ ਲਿਖੀ ਗਈ... ਨਾਵਲ ਕੀ ਪਤਾ ਕਦੋਂ ਲਿਖਿਆ ਜਾਊ...।"

"ਨਾਵਲ ਲਿਖ...ਨਾਵਲ ਬਿਨਾਂ ਤੇਰੀ ਮੁਕਤੀ ਨਹੀਂ ਹੋਣੀ। ਤੇਰੀਆਂ ਕਹਾਣੀਆਂ ਵੀ ਤਾਂ ਨਾਵਲ ਲਿਖਣ ਦੀ ਮਸ਼ਕ ਹਨ...।" ਉਹ ਮੇਰੀਆਂ ਲੰਮੀਆਂ ਕਹਾਣੀਆਂ ਉਤੇ ਟਿੱਪਣੀ ਕਰ ਰਿਹਾ ਸੀ।

ਫਿਰ ਉਹ ਆਪਣੇ ਜਾਣੇ-ਪਛਾਣੇ ਰਉਂ ਵਿਚ ਆ ਗਿਆ। ਗੱਲਾਂ ਮਿਲਵਾਕੀ ਕਾਨਫਰੰਸ ਦੀਆਂ, ਲੇਖਕਾਂ ਦੀ ਦੀ ਥਾ 'ਕਬੂਤਰ' ਲਿਜਾਣ ਦੀਆਂ, ਲੇਖਕਾਂ ਦੇ ਸ਼ਰਾਬ ਪੀ ਕੇ ਡਿਗਣ ਦੀਆਂ ਚੱਲੀਆਂ ਤਾਂ ਉਸ ਨੇ ਹਿਕਾਰਤ ਨਾਲ ਆਖਿਆ—

"ਮੈਨੂੰ ਇਹੋ ਜਿਹੇ ਨਾਟਕ ਹਰਗਿਜ਼ ਪਸੰਦ ਨਹੀਂ... ਤੂੰ ਲਿਖੀਂ ਇਸਦੇ ਖਿਲਾਫ਼...ਜ਼ਰੂਰ ਲਿਖਣਾ ਚਾਹੀਦੈ...।"

ਲੰਚ-ਬਰੇਕ ਖ਼ਤਮ ਹੋਣ ਵਾਲੀ ਸੀ। ਉਸਨੇ ਮੈਨੂੰ 'ਖੁਲ੍ਹੇ ਦਰਸ਼ਨ' ਦੇਣ ਦਾ ਸੱਦਾ ਦਿੱਤਾ।

ਮੈਂ ਤੇ ਹਰਜੀਤ ਉਸਤੋਂ ਵਿੱਛੜ ਕੇ ਪਾਰਕ ਕੀਤੀ ਗੱਡੀ ਵੱਲ ਤੁਰੇ ਜਾ ਰਹੇ ਸਾਂ ਅਤੇ ਮੈਂ ਜਾਂਦਾ ਹੋਇਆ ਚੰਦਨ ਬਾਰੇ ਸੋਚੀ ਜਾ ਰਿਹਾ ਸਾਂ। ਸਾਡਾ 'ਐਂਗਰੀ ਯੰਗਮੈਨ' ਜਿਹਦੀਆਂ ਪੁੜਪੁੜੀਆਂ ਉਤੇ ਚਿੱਟੇ ਵਾਲ ਉੱਗ ਆਏ ਸਨ ਤੇ ਸਿਰ ਦਾ ਗੰਜ ਚੌੜਾ ਹੋ ਰਿਹਾ ਸੀ। ਜਿਹੜਾ, ਜਿਸਨੂੰ ਪਸੰਦ ਨਹੀਂ ਸੀ ਕਰਦਾ ਉਸਨੂੰ ਹਿਕਾਰਤ ਤੇ ਗੁੱਸੇ ਨਾਲ ਰੱਦ ਕਰ ਸਕਦਾ ਸੀ। ਜਦੋਂ 'ਕਾਮਰੇਡ' ਸੀ ਤਾਂ 'ਬੁਰਜੂਆ' ਲੋਕਾਂ ਨੂੰ ਉਸੇ ਨਫ਼ਰਤ ਨਾਲ ਰੱਦ ਕਰਦਾ ਸੀ ਜਿਵੇਂ ਹੁਣ 'ਕਾਮਰੇਡਾਂ' ਦਾ ਮਖੌਲ ਉਡਾਉਂਦਾ ਹੈ। ਮੈਂ ਇਹ ਵੀ ਸੋਚ ਰਿਹਾ ਸਾਂ ਕਿ ਬੰਦਾ ਕਿਉਂ ਸਦਾ ਹੀ ਆਪਣੇ ਆਪ ਨੂੰ ਠੀਕ ਸਮਝਦਾ ਹੈ। ਜੇ ਤੀਹ ਸਾਲ ਪਹਿਲਾਂ ਵਾਲਾ ਬੰਦਾ ਅੱਜ ਆਪਣੇ ਉਸ ਪਿਛੋਕੜ ਨੂੰ ਰੱਦ ਕਰ ਸਕਦਾ ਹੈ ਤਾਂ ਹੋ ਸਕਦਾ ਹੈ ਆਉਣ ਵਾਲੇ ਸਾਲਾਂ ਵਿਚ ਉਹ ਆਪਣੇ ਵਰਤਮਾਨ ਨੂੰ ਫਿਰ ਰੱਦ ਕਰ ਦੇਵੇ। ਇੰਜ ਆਪਣੇ ਵਿਚਾਰਾਂ ਉਤੇ ਕੱਟੜਤਾ ਤੇ ਦ੍ਰਿੜ੍ਹਤਾ ਨਾਲ ਪਹਿਰਾ ਦੇਣਾ ਤੇ ਲੋਕਾਂ ਨੂੰ ਸਦਾ ਟਿੱਚ ਜਾਨਣਾ ਕਿੰਨਾਂ ਕੁ ਦਰੁਸਤ ਹੈ। ਬਹੁਤਾ ਲਿਖਣ ਵਾਲਿਆਂ ਨੂੰ 'ਕਿਤਾਬਾਂ ਥੱਪਣ' ਵਾਲੇ ਆਖਣ ਵਾਲੇ ਨੂੰ ਕਿਸੇ ਵੇਲੇ ਆਪ ਵੀ 'ਕਿਤਾਬਾਂ ਥੱਪਣ' ਦਾ ਮਿੱਠਾ ਮਿਹਣਾ ਸੁਣਨਾ ਪੈ ਸਕਦਾ ਹੈ।

ਉਂਜ ਮੈਨੂੰ ਅਹਿਸਾਸ ਹੈ ਕਿ ਚੰਦਨ ਦੀਆਂ ਕਿਤਾਬਾਂ ਕੇਵਲ ਥੱਪੀਆਂ ਹੋਈਆਂ ਹੀ ਨਹੀਂ। ਉਹ ਉੱਤਮ ਕਵਿਤਾ ਤੇ ਵਾਰਤਿਕ ਦਾ ਨਮੂਨਾ ਵੀ ਹਨ। ਪਰ ਫ਼ਿਰ ਵੀ 'ਅੰਤਿਮ ਸੱਚ ਕੋਈ ਨਹੀਂ ਹੁੰਦਾ' ਮੰਨ ਕੇ ਚੱਲਣ ਵਾਲੇ ਬੰਦੇ ਜਦੋਂ ਜਿਹੜੇ ਸੱਚ ਉਤੇ ਖੜੋਤੇ ਹੁੰਦੇ ਹਨ, ਉਸੇ ਸੱਚ ਨੂੰ ਹੀ ਉਹ 'ਅੰਤਮ' ਕਿਉਂ ਮੰਨਣ ਲੱਗ ਪੈਂਦੇ ਹਨ।



Sri Satguru Jagjit Singh Ji eLibrary NamdhariElibrary@gmail.com

ਅਮਰਜੀਤ ਚੰਦਨ ਤੋਂ ਵਿਦਾ ਲੈ ਕੇ ਹਰਜੀਤ ਅਟਵਾਲ ਮੈਨੂੰ ਮਾਰਕਸ ਦੀ ਕਬਰ ਵਿਖਾਉਣ ਲੈ ਤੁਰਿਆ। ਇਸ ਕਬਰਸਤਾਨ ਵਿਚ ਬਰਤਾਨੀਆ ਦੀਆਂ ਤੇ ਬਰਤਾਨੀਆ ਵਿਚ ਰਹਿੰਦੀਆਂ ਰਹੀਆਂ ਪ੍ਰਸਿੱਧ ਦੇਸੀ ਵਿਦੇਸੀ ਲੋਕਾਂ ਦੀਆਂ ਕਬਰਾਂ ਸਨ ਜਿਨ੍ਹਾਂ ਨੂੰ ਯਾਦਗਾਰ ਵਜੋਂ ਸਾਂਭ ਕੇ ਲੋਕਾਂ ਦੇ ਦਰਸ਼ਨਾਂ ਲਈ ਸਾਂਭਿਆ ਹੋਇਆ ਸੀ। ਟਿਕਟ ਲੈ ਕੇ ਜਦੋਂ ਅਸੀਂ ਮਾਰਕਸ ਦੀ ਕਬਰ ਲੱਭਣ ਤੁਰੇ ਤਾਂ ਉਹ ਹਰਜੀਤ ਨੂੰ ਲੱਭੀ ਨਾ। ਅਸਲ ਵਿਚ ਉਹਦੀ ਕਬਰ ਦਾ ਬੁੱਤ-ਚਿਨ੍ਹ ਪਹਿਲਾਂ ਵਾਲੀ ਥਾਂ ਤੋਂ ਉਠਾ ਕੇ ਕਿਤੇ ਹੋਰ ਧਰ ਦਿੱਤਾ ਗਿਆ ਸੀ। ਕਬਰ ਦਾ ਇਹ ਨਵਾਂ ਟਿਕਾਣਾ ਭਾਵੇਂ ਵਧੇਰੇ ਢੁਕਵਾਂ ਹੀ ਕਿਉਂ ਨਾ ਹੋਵੇ ਪਰ ਇਸ ਨਾਲ ਮੇਰੇ ਮਨ ਦੀ ਰੁਮਾਂਚਿਕ ਉਡਾਰੀ ਭੁੰਜੇ ਲਹਿ ਗਈ। ਮੇਰੀ ਤਾਂ ਉਸ ਥਾਂ ਨਾਲ ਵਧੇਰੇ ਜਜ਼ਬਾਤੀ ਸਾਂਝ ਹੋਣੀ ਸੀ ਜਿਥੇ ਉਹ ਮਹਾਨ ਆਦਮੀ ਪਹਿਲੀ ਵਾਰ ਸੁੱਤਾ ਹੋਵੇਗਾ। ਉਂਜ ਪੱਥਰ ਖੜੇ ਕਰਕੇ ਤਾਂ ਜਿਥੇ ਚਾਹੋ ਬੁੱਤ ਜਾਂ ਕੋਈ ਯਾਦਗਾਰ ਬਣਾ ਦਿਓ। ਫਿਰ ਵੀ ਦੁਨੀਆਂ ਨੂੰ ਹਿਲਾ ਕੇ ਰੱਖ ਦੇਣ ਵਾਲੇ ਇਸ ਮਹਾਂ-ਮਾਨਵ ਨੂੰ ਸਲਾਮ ਕਰਕੇ ਖ਼ੁਸ਼ੀ ਹੋਈ। ਕਬਰ ਦੇ ਚਮਕੀਲੇ ਪੱਥਰ ਵਾਲੇ ਪਲੇਟਫਾਰਮ ਉਪਰ ਮਾਰਕਸ ਦਾ 'ਸ਼ੇਰ ਵਰਗਾ' ਸਿਰ ਟਿਕਿਆ ਹੋਇਆ ਸੀ। ਅਚਨਚੇਤ ਮੈਨੂੰ ਪਾਸ਼ ਦੀ ਕਵਿਤਾ ਦੀਆਂ ਸਤਰਾਂ ਯਾਦ ਆਈਆਂ :

ਇਹ ਸ਼ਰਮਨਾਕ ਹਾਦਸਾ ਸਾਡੇ ਹੀ ਨਾਲ ਹੋਣਾ ਸੀ
ਮਾਰਕਸ ਦਾ ਸ਼ੇਰ ਵਰਗਾ ਸਿਰ
ਦਿੱਲੀ ਦੀਆਂ ਭੁੱਲ-ਭੁਲਾਈਆਂ ਵਿਚ ਮਿਆਂਕਦਾ ਫਿਰਦਾ
ਅਸੀਂ ਹੀ ਤੱਕਣਾ ਸੀ।

ਹਿੰਦੁਸਤਾਨ ਦੀ ਕਮਿਊਨਿਸਟ ਲਹਿਰ ਤੋਂ ਤੁਰਦੀ ਮੇਰੀ ਨਜ਼ਰ ਟੁੱਟ ਗਏ ਸੋਵੀਅਤ ਸੰਘ ਉਪਰ ਆ ਟਿਕੀ। ਸੋਵੀਅਤ ਸੰਘ ਦੇ ਟੁੱਟਣ ਨਾਲ ਸੰਸਾਰ ਦੀ ਅਗਾਂਹ ਵਧੂ ਲਹਿਰ ਨੂੰ ਬਹੁਤ ਸੱਟ ਲੱਗੀ ਸੀ। ਸੁਹਣੇਰਾ ਤੇ ਉਚੇਰਾ ਸਮਾਜਵਾਦੀ ਨਜ਼ਾਮ ਕਾਇਮ ਕਰਨ ਦਾ ਸੁਪਨਾ ਤਿੜਕ ਗਿਆ ਸੀ। ਹਿੱਕ 'ਤੇ ਹੱਥ ਧਰਕੇ ਮਾਣ ਨਾਲ ਗੱਲ ਕਹਿਣ ਦਾ ਵਿਸ਼ਵਾਸ ਭੁਰ ਗਿਆ ਸੀ। ਸੁਪਨਿਆਂ ਦੇ ਖ਼ੰਡਰਾਤ ਹੂੰਝ ਸਾਫ਼ ਕਰਕੇ ਨਵੇਂ ਸੁਪਨੇ ਉਸਾਰਨ ਵਿਚ ਅਜੇ ਪਤਾ ਨਹੀਂ ਕਿੰਨਾਂ ਸਮਾਂ ਲੱਗਣਾ ਸੀ। ਪਰ ਅਜੇ ਵੀ ਮਾਰਕਸ ਦੀ ਕਬਰ ਉਤੇ 'ਦੁਨੀਆਂ ਭਰ ਦੇ ਮਿਹਨਤਕਸ਼ੋ ਇਕ ਹੋ ਜਾਓ' ਦਾ ਆਲਮੀ-ਪ੍ਰਸਿੱਧੀ ਦਾ ਨਾਅਰਾ ਉਕਰਿਆ ਹੋਇਆ ਸੀ ਤੇ ਖੱਖੜੀਆਂ ਖਰਬੂਜੇ ਹੋਈ ਕਮਿਊਨਿਸਟ ਲਹਿਰ ਨੂੰ ਆਪਣੀ 'ਰਾਖ' ਵਿਚੋਂ ਮੁੜ ਉਦੈ ਹੋਣ ਲਈ ਵੰਗਾਰ ਰਿਹਾ ਸੀ।

ਹਰਜੀਤ ਨੇ ਯਾਦਗਾਰ ਵਜੋਂ ਮਾਰਕਸ ਨਾਲ ਮੇਰੀਆਂ ਕੁਝ ਤਸਵੀਰਾਂ ਖ਼ਿੱਚੀਆਂ। ਮੈਂ ਸ਼ਰਧਾ ਵੱਸ ਕਬਰ ਦੀ ਪਰਿਕਰਮਾ ਕਰਦਿਆਂ ਇਹ ਸੋਚ ਰਿਹਾ ਸਾਂ ਕਿ ਅਸੀਂ ਮਾਰਕਸੀ ਸਿਧਾਂਤ ਨੂੰ ਵੀ ਅੰਨ੍ਹੀ ਸ਼ਰਧਾ ਵੱਸ ਗ੍ਰਹਿਣ ਕੀਤਾ। ਧਾਰਮਿਕ ਕੱਟੜਤਾ ਵਾਂਗ ਆਪਣੀ ਪਸੰਦ ਦਾ ਮਾਰਕਸ-ਲੈਨਿਨ-ਮਾਓ ਛਾਂਟ ਕੇ ਆਪਣੇ ਹੱਕ ਵਿਚ ਭੁਗਤਾ ਲਿਆ ਤੇ ਕਿਸੇ ਹੋਰ ਧਿਰ ਨੇ ਪਹਿਲੀ ਧਿਰ ਦੇ ਮਾਰਕਸ-ਲੈਨਿਨ-ਮਾਓ ਨੂੰ 'ਆਪਣੇ' 'ਮਾਰਕਸ-ਲੈਨਿਨ-ਮਾਓ' ਨੂੰ 'ਕੱਟ' ਕਰਕੇ ਬਾਣੀ ਵਾਂਗ ਆਪਣੇ ਹੱਕ ਵਿਚ ਭੁਗਤਾ ਲਿਆ। ਅਸੀਂ ਸਿਧਾਂਤਾਂ ਨੂੰ 'ਆਪਣੇ ਹੱਕ' ਵਿਚ ਭੁਗਤਾਉਂਦੇ ਰਹੇ ਤੇ ਆਪਸ ਵਿਚ ਪਾਟਦੇ ਗਏ ਤੇ ਲੋਕਾਂ ਦੇ ਹੱਕ ਵਿਚ ਨਾ ਭੁਗਤਣ ਸਦਕਾ ਉਹਨਾਂ ਤੋਂ ਟੁੱਟਦੇ ਰਹੇ।...

ਕਬਰ ਉੱਤੇ ਇਕ ਸ਼ਰਧਾਲੂ ਵੱਲੋਂ ਰੱਖਿਆ ਗੁਲਾਬ ਦਾ ਫੁੱਲ ਸੁੱਕ ਕੇ ਕਾਲਾ ਹੋ ਗਿਆ ਸੀ। ਕਦੀ ਫ਼ਿਰ ਮਾਰਕਸ ਦੀ ਸੋਚ ਉਤੇ 'ਸੂਹੇ ਗੁਲਾਬ ਖਿੜਨਗੇ' ਦੀ ਉਮੀਦ ਨਾਲ ਜਦੋਂ ਮੈਂ ਆਸੇ ਪਾਸੇ ਦੀਆਂ ਕਬਰਾਂ 'ਤੇ ਝਾਤ ਮਾਰੀ ਤਾਂ ਪਤਾ ਚੱਲਿਆ ਕਿ ਨਾਲ ਦੀਆਂ ਕਬਰਾਂ ਦੁਨੀਆਂ ਦੇ ਦੂਜੇ ਕੁਝ ਪ੍ਰਸਿੱਧ ਕਮਿਊਨਿਸਟ ਆਗੂਆਂ ਦੀਆਂ ਸਨ। ਸ਼ਾਇਦ ਪ੍ਰਬੰਧਕਾਂ ਨੇ ਸੋਚਿਆ ਹੋਵੇ ਕਿ ਇਹਨਾਂ ਸਾਰੇ ਗੁਰ-ਚੇਲਿਆਂ ਜਾਂ ਪਿਉ-ਪੁੱਤਰਾਂ ਨੂੰ ਇਕੱਠਾ ਕਰ ਦੇਈਏ ਤਾਕਿ ਸੰਸਾਰ ਕਮਿਊਨਿਸਟ ਲਹਿਰ ਦੀ ਡਿੱਗਦੀ ਸ਼ਾਖ ਉਤੇ ਮਿਲ ਬੈਠ ਕੇ ਵਿਚਾਰ ਕਰ ਸਕਣ। ਪਰ ਪੂੰਜੀਵਾਦੀ ਪ੍ਰਬੰਧਕਾਂ 'ਅਜਿਹਾ ਖ਼ਤਰਾ' ਮੁੱਲ ਕਿਉਂ ਲਿਆ? ਮੇਰਾ ਜੀਅ ਕੀਤਾ ਅੰਮ੍ਰਿਤਾ ਦੀ ਕਵਿਤਾਂ ਨੂੰ ਥੋੜ੍ਹਾ ਵਿਗਾੜ ਕੇ ਪੜ੍ਹਾਂ :

ਅੱਜ ਆਖਾਂ ਮਾਰਕਸ ਭਾ ਨੂੰ ਕਿਤੇ ਕਬਰਾਂ ਵਿਚੋਂ ਬੋਲ

ਉਥੋਂ ਟੁਰ ਕੇ ਹਰਜੀਤ ਮੈਨੂੰ ਟਰਾਫਾਲਗਰ ਸੁਕੇਅਰ, ਪਿਕਾਡਲੀ ਸਰਕਸ ਤੇ ਹਾਈਡ-ਪਾਰਕ ਦੇ ਦੀਦਾਰ ਵੀ ਕਰਵਾ ਲਿਆਇਆ। ਇਹਨਾਂ ਸੋਹਣੀਆਂ ਥਾਵਾਂ ਉਤੇ ਲੰਡਨ ਆਪਲੇ ਜਲੌਅ ਵਿਚ ਟਹਿਕ ਰਿਹਾ ਸੀ ਤੇ ਕਿਸੇ ਤਰ੍ਹਾਂ ਵੀ ਸੁੰਦਰ ਅਮਰੀਕੀ ਸ਼ਹਿਰਾਂ ਦਾ ਮੁਕਾਬਲਾ ਕਰਦਾ ਨਜ਼ਰ ਆ ਰਿਹਾ ਸੀ।

( ਚਲਦਾ )



Sri Satguru Jagjit Singh Ji eLibrary NamdhariElibrary@gmail.com

# ਦੋ ਕਵਿਤਾਵਾਂ

—ਸ਼ਿਵ ਨਾਥ

## *ਵਿਰਲੇ ਟਾਵੇਂ*

ਬੜੀ ਅਗਿਆਨਤਾ ਦਾ ਦੌਰ
ਹੁੰਦਾ ਹੈ ਜਵਾਨੀ ਦਾ ।
ਤੇ ਬੇਔੜਕ ਦਲੇਰੀ ਦਾ
ਇਸੇ ਕਾਰਨ ਹੀ ਸ਼ਾਇਦ ਆਦਮੀ,
ਕੁਝ ਕਰ ਗੁਜ਼ਰਦਾ ਹੈ ।

ਬੁਢਾਪੇ ਵਿਚ ਆ ਕੇ ਉਹ
ਬੜਾ ਸੰਕੋਚ ਕਰਦਾ ਹੈ ।
ਉਹ ਸੜਿਆ ਅੱਗ ਦਾ
ਜੁਗਨੂੰ ਦੇ ਚਾਨਣ ਤੋਂ ਵੀ ਡਰਦਾ ਹੈ ।
ਇਸੇ ਕਾਰਨ ਹੀ ਸ਼ਾਇਦ ਉਹ,
ਕਿਸੇ ਕੰਢੇ ਨਹੀਂ ਲਗਦਾ ।
ਮਗਰ ਕੁਝ ਲੋਕ ਹੁੰਦੇ ਨੇ
ਜੋ ਹੁੰਦੇ ਨੇ ਸਿਆਣੇ ਵੀ
ਤੇ ਗ਼ੈਰਤਮੰਦ ਵੀ ਪੂਰੇ ।

ਉਹ ਸਭ ਕੁਝ ਜਾਣਦੇ ਹੋਏ ਵੀ,
ਖ਼ਤਰੇ ਮੁੱਲ ਲੈਂਦੇ ਨੇ
ਤੇ ਮਰਨੋਂ ਵੀ ਨਹੀਂ ਡਰਦੇ ।
ਤੇ ਏਸੇ ਵਾਸਤੇ ਲੋਕੀ,
ਉਨ੍ਹਾਂ ਨੂੰ ਯਾਦ ਕਰਦੇ ਨੇ ।

ਉਨ੍ਹਾਂ ਨੂੰ ਕੌਣ ਪੁੱਛਦਾ ਹੈ ?
ਜੋ ਐਵੇਂ ਯਰਕ ਜਾਂਦੇ ਨੇ
ਤੇ ਹਰ ਹਾਲਤ 'ਚ ਆਪਣੇ
ਤਨ-ਬਦਨ ਨੂੰ ਹੀ ਬਚਾਂਦੇ ਨੇ ।

## *ਖ਼ੁਸ਼-ਫ਼ਹਿਮੀ*

ਇਹ ਜੀਵਨ ਕਿਸ ਤਰ੍ਹਾਂ ਦਾ ਹੈ ?
ਕਿ ਹਰ ਇਕ ਚਿਹਰਾ ਮੁਲੰਮੇ ਦਾ !
ਹਰ ਇਕ ਵਿਸ਼ਵਾਸ ਸ਼ੱਕੀ ਹੈ ।
ਤੇ ਹਰ ਇਕ ਪੈਰ ਦੇ ਹੇਠੋਂ,
ਖਿਸਕਦੀ ਧਰਤ ਲਗਦੀ ਹੈ ।

ਬੜੀ ਵਾਰੀ ਮੈਂ ਸੁਣਿਆ ਹੈ :
ਕਿ ਖ਼ੁਸ਼-ਫ਼ਹਿਮੀ ਨਹੀਂ ਚੰਗੀ ।
ਭਰਮ ਨੂੰ ਪਾਲ ਕੇ ਕੋਈ,
ਕਦੇ ਵੱਡਾ ਨਹੀਂ ਹੋਇਆ ।
ਨਾ ਖ਼ੁਸ਼-ਫ਼ਹਿਮੀ ਨੇ ਅੱਜ ਤੀਕਰ
ਕਿਸੇ ਨੂੰ ਪਾਰ ਲਾਇਆ ਹੈ ।
ਮਗਰ ਜੇਕਰ ਇਹ ਖ਼ੁਸ਼-ਫ਼ਹਿਮੀ ਵੀ,
ਜੀਵਨ 'ਚੋਂ ਹਟਾ ਲਈਏ, ਤਾਂ ਬਾਕੀ
ਕੀ ਬਚੇਗਾ ਜ਼ਿੰਦਗੀ ਲਈ,
ਜਿਉਣ ਦੀ ਖ਼ਾਤਿਰ ?
ਤੇ ਬੰਦਾ ਕਿਸ ਦੇ ਸਿਰ 'ਤੇ
ਕਾਇਮ ਰੱਖੇਗਾ ਮੁਹਿੰਮਾਂ ਨੂੰ ?

ਬੜਾ ਅੱਗੇ ਨਿਕਲ ਜਾਂਦਾ ਹੈ
ਬੰਦਾ ਭਰਮ ਦੇ ਸਿਰ ਤੇ ।
ਇਹ ਖ਼ੁਸ਼-ਫ਼ਹਿਮੀ ਵੀ ਬੰਦੇ ਨੂੰ,
ਬੜਾ ਧਰਵਾਸ ਦੇਂਦੀ ਹੈ ।

੧੨੫੭-C—LIG, ਫੇਜ਼ ੧੦,
ਮੁਹਾਲੀ—੧੬੦੦੫੯



Sri Satguru Jagjit Singh Ji eLibrary NamdhariElibrary@gmail.com

# ਤਿੰਨ ਕਾਵਿ-ਰਚਨਾਵਾਂ

– ਲਖਵਿੰਦਰ ਸਿੰਘ ਬਾਜਵਾ

## ਵਰਿਆਮ

ਵਧੀਆ ਹੈ ਸੋਚ ਅਤ ਵਧੀਆ ਖਿਆਲ ਹੈ।
ਵੱਖਰੀ ਏ ਸ਼ੋਭਾ ਏਹਦੀ ਵੱਖਰਾ ਜਲਾਲ ਹੈ।
ਸਦਾ ਵਰਿਆਮ ਦੀ ਹੈ ਤਾਂਘ ਰਹਿੰਦੀ ਪਾਠਕਾਂ ਨੂੰ,
ਸੋਚ 'ਵਰਿਆਮ' ਦੀ ਨੇ ਕੀਤਾ ਮਾਲਾ ਮਾਲ ਹੈ।
ਅੱਖਰ ਹਰੇਕ ਇਹਦਾ ਵਾਂਗ ਸੁਚੇ ਮੋਤੀਆਂ ਦੇ,
ਕਵਿਤਾ, ਗਜ਼ਲ, ਲੇਖ ਹੀਰਾ ਪੰਨਾ ਲਾਲ ਹੈ।
ਇਕ ਇਕ ਲੇਖਣੀ ਹੈ ਖਿਚ ਪਾਉਂਦੀ ਦਿਲਾਂ ਤਾਈਂ,
ਪਾਠਕਾਂ ਨੂੰ ਫਾਹ ਲੈਂਦਾ ਸ਼ਬਦਾਂ ਦਾ ਜਾਲ ਹੈ।
ਗੁਰਾਂ ਦੇ ਦੀਦਾਰ ਕਰ ਮਨ ਸਰਸ਼ਾਰ ਹੋਵੇ,
ਸੋਹਵੇ ਵਰਿਆਮ ਮੋਹਣਾ ਸੂਹੇ ਫੁੱਲਾਂ ਨਾਲ ਹੈ।
ਮਾ. ਅਮਰੀਕ ਸਿੰਘ ਬਾਦਸ਼ਾਹ ਗ਼ਜ਼ਲ ਦਾ ਹੈ,
ਸ਼ਬਦਾਂ ਦੇ ਮੋਤੀ ਲੈਂਦਾ ਸਾਗਰਾਂ 'ਚੋਂ ਭਾਲ ਹੈ।
ਘਰ ਬੈਠਿਆਂ ਹੀ ਸੈਰ ਕਰੀਦੀ ਵਿਦੇਸ਼ਾਂ ਵਾਲੀ,
ਸੰਧੂ ਜੀ ਦੀ ਲੇਖਣੀ ਨੇ ਕੀਤਾ ਖੁਸ਼ਹਾਲ ਹੈ।
ਚੁਣ ਚੁਣ ਫੁੱਲ ਸੋਹਣੇ ਸਾਹਿਤ ਦੇ ਬਗੀਚੜੇ 'ਚੋਂ,
ਹਾਰ ਇਹ ਪ੍ਰੋਇਆ ਜਗਦੀਸ਼ ਬੇ-ਮਿਸਾਲ ਹੈ।
ਮਾਂ ਬੋਲੀ ਆਪਣੀ ਦੀ ਕਰਦਾ ਹਮੇਸ਼ ਸੇਵਾ,
ਕੀਤਾ ਉਹਦੇ ਪੁੱਤਰਾਂ ਹੀ ਜੀਹਦਾ ਮੰਦਾ ਹਾਲ ਹੈ।
ਮਾਰਦਾ ਰਹੇ ਉਚੀਆਂ ਉਡਾਰੀਆਂ ਇਹ ਅੰਬਰਾਂ 'ਤੇ,
ਮੇਰੀ ਇਹ ਦੁਆ ਸ਼ੁਭ ਕਾਮਨਾ ਦੇ ਨਾਲ ਹੈ।
ਦੇਂਦਾ ਹਾਂ ਵਧਾਈ ਵਰਿਆਮ ਜੀ ਨੂੰ ਏਸ ਵਾਲੀ,
ਬਾਜਵੇ ਬਗੈਰ ਹੋਰ ਸਭ ਹੀ ਕਮਾਲ ਹੈ।

## ਅਖ਼ਬਾਰ

ਵੇਖੋ ਅੱਜ ਦਾ ਸਭਿਆਚਾਰ
ਵੇਖੋ ਅੱਜ ਦੀ ਸੋਚ ਵਿਚਾਰ
ਯਾਰੋ ਸੁਆਦ ਜ਼ਰਾ ਨਹੀਂ ਆਇਆ
ਬਾਬੂ ਆਖੇ ਪੜ੍ਹ ਅਖ਼ਬਾਰ
ਨਾ ਕੋਈ ਖਬਰ ਕਤਲ ਦੀ ਆਈ
ਇਕ ਵੀ ਨਹੀਂ ਬਲਾਤਕਾਰ
ਨਾ ਕੋਈ ਗੜਬੜ ਨਵਾਂ ਘੁਟਾਲਾ
ਨਾ ਕਰਦਾ ਕੋਈ ਅੱਤਿਆਚਾਰ
ਨਾ ਰੋਲਾ ਹੜਤਾਲਾਂ ਦਾ ਹੈ
ਨਾ ਹੈ ਕਿਧਰੇ ਬੰਦ ਵਿਹਾਰ
ਨਾ ਮਸਜਿਦ ਨਾ ਮੰਦਰ ਢੱਠਾ
ਨਹੀਂ ਮਰੇ ਸ਼ਰਧਾਲੂ ਚਾਰ
ਬੇ-ਵਿਸ਼ਵਾਸ ਮਤਾ ਨਾ ਹੋਇਆ
ਨਾ ਟੁੱਟੀ ਕਿਧਰੇ ਸਰਕਾਰ
ਨਾ ਕਿਧਰੇ ਜੰਗ ਛਿੜੀ ਹੈ
ਨਾ ਕੋਈ ਗੈਰਤ ਰਿਹਾ ਵੰਗਾਰ
ਨਾ ਰੈਲੀ ਨਾ ਦਫ਼ਾ ਚੁਤਾਲੀ
ਨਾ ਵੋਟਾਂ ਦਾ ਚੜ੍ਹੇ ਬੁਖਾਰ
ਨਾ ਕੋਈ ਫ਼ੋਟੋ ਅਰਧ ਨਗਨ ਹੈ
ਨਾ ਕੋ ਫ਼ਿਲਮੀ ਇਸ਼ਤਿਹਾਰ
ਨਾ ਕੋਈ ਅਸ਼ਲੀਲ ਕਹਾਣੀ
ਨਾ ਕੋਈ ਨੇਤਾ ਹੈ ਬੀਮਾਰ
ਨਾ ਭੂਚਾਲ ਤੂਫ਼ਾਨ ਨਹੀਂ ਹੈ
ਨਾ ਕਿਧਰੇ ਹੈ ਮਾਰਾ ਮਾਰ
"ਬਾਜਵਿਆ" ਜੇ ਏਦਾਂ ਚੱਲੀ
ਕੌਣ ਖਰੀਦੇਗਾ ਅਖ਼ਬਾਰ ?



Sri Satguru Jagjit Singh Ji eLibrary NamdhariElibrary@gmail.com

## ਗ਼ਜ਼ਲ

ਰੌਣਾ ਵਧਾ ਰਹੇ ਇਹ ਸ਼ਾਂਤੀ ਦੇ ਚੋਰ ਨੇ।
ਦੁਨੀਆਂ ਹੈਰਾਨ ਕੀਤੀ ਦੁਨੀਆਂ ਦੇ ਸ਼ੋਰ ਨੇ।

ਰੋਈ ਨਦੀ ਸੀ ਤਕਕੇ ਗੰਧਲੇ ਹੋਏ ਨੀਰ ਨੂੰ,
ਪਾਣੀ 'ਚ ਮਿੱਟੀ ਘੋਰੀ ਪਾਣੀ ਦੇ ਜ਼ੋਰ ਨੇ।

ਵਿਚ ਮਨ ਦੇ ਖਲਬਲੀ ਹੈ ਤਨ ਪੀੜ ਸਹਿ ਰਿਹਾ ਹੈ,
ਖੜਿਆ ਹੈ ਕਿਸ ਮੁਕਾਂ ਤੇ ਫੈਸ਼ਨ ਦੇ ਦੌਰ ਨੇ।

ਬਦਲਾਂ ਨੂੰ ਪੂਜਦੇ ਉਹ ਬਦਲਾਂ ਤੇ ਥੁੱਕ ਰਹੇ ਇਹ,
ਨਾ ਹੋਰ ਸਨ ਉਹ ਲੋਕੀਂ ਨਾ ਹੀ ਇਹ ਹੋਰ ਨੇ।

ਜੰਗਲ ਦੇ ਬੀਂਡਿਆਂ ਦਾ ਮੈਂ ਸ਼ੋਰ ਰੋਕ ਦਿੰਦਾ,
ਮੇਰੀ ਗੁਫਾ ਦੇ ਕੋਲ ਸਨ ਸ਼ੇਰਾਂ ਦੇ ਘੋਰਨੇ।

ਜੇਕਰ ਫ਼ਿਜ਼ਾ 'ਚ ਰਲਦੀ ਨਾ ਗੂੰਜ ਗੋਲੀਆਂ ਦੀ,
ਹਾਲੇ ਤਾਂ ਕੁਝ ਚਿਰ ਹੋਰ ਨਚਣਾ ਸੀ ਮੋਰ ਨੇ।

ਤੂਫਾਨ ਵਧ ਗਿਆ ਤਾਂ ਗੁੱਡੀ ਇਹ ਡਿੱਗ ਪਵੇਗੀ,
ਕਿੰਨਾ ਕੁ ਚਿਰ ਬਚਾ ਕੇ ਰਖਣਾ ਹੈ ਡੋਰ ਨੇ।

ਕੋਈ ਬਾਜਵੇ ਨੂੰ ਆਖੋ ਜਾ ਕੇ ਨਦੀ ਨੂੰ ਆਖੇ,
ਕਾਂਗਾ ਚੜ੍ਹਾ ਕੇ ਨਦੀਏ ਕੰਢੇ ਨਾ ਖੋਰਨੇ।

ਪਿੰਡ ਤੇ ਡਾਕ: ਜਗਜੀਤ ਨਗਰ
ਸਿਰਸਾ—੧੨੫੦੭੫

# ਦੋ ਗ਼ਜ਼ਲਾਂ

—ਇੰਦਰਜੀਤ ਹਸਨਪੁਰੀ

(੧)

ਨਾ ਸੱਦੇ, ਨਾ ਅਸੀਂ ਬੁਲਾਏ
ਤੁਸੀਂ ਗਏ ਤਾਂ ਅੱਥਰੂ ਆਏ।

ਲੱਖ ਸਿਆਣੇ ਕੱਠੇ ਹੋਏ,
ਇਕ ਦਿਲ ਨਾ ਸਮਝਾਇਆ ਜਾਏ।

ਹਿਜਰ 'ਚ ਹੱਸਣਾ ਨਾ-ਮੁਮਕਿਨ ਹੈ,
ਪਰ ਮੁਮਕਿਨ ਹੈ ਨਿਕਲੇ ਹਾਏ।

ਇਕ ਅੱਥਰੂ ਨੈਣਾਂ 'ਚੋਂ ਡਿੱਗ ਕੇ,
ਸੌ ਮਣ ਦਿਲ ਦਾ ਭਾਰ ਘਟਾਏ।

ਬੰਦਾ ਕਦ ਬਣਦਾ ਹੈ ਬੰਦਾ,
ਜਦ ਤੀਕਰ ਨਾ ਠੋਕਰ ਖਾਏ।

'ਹਸਨਪੁਰੀ' ਓਥੇ ਫੁੱਲ ਖਿੜਦੇ,
ਜਿੱਥੇ ਮਹਿਰਮ ਪੈਰ ਟਿਕਾਏ।

(੨)

ਟਿਮਟਿਮਾਉਂਦਾ ਇਕ ਤਾਰਾ ਜ਼ਿੰਦਗੀ,
ਜ਼ਿੰਦਗੀ ਦਾ ਹੈ ਸਹਾਰਾ ਜ਼ਿੰਦਗੀ।

ਜਿਸ ਨੂੰ ਲਗਦਾ ਕੰਮ ਵੀ ਇਕ ਭਾਰ ਹੈ,
ਕੀ ਜੀਊਗਾ, ਉਹ ਨਕਾਰਾ ਜ਼ਿੰਦਗੀ।

ਮਾਣ ਲੈ ਤੂੰ ਜ਼ਿੰਦਗੀ ਨੂੰ ਮਾਣ ਲੈ,
ਫੇਰ ਨਾ ਮਿਲਣੀ ਦੁਬਾਰਾ ਜ਼ਿੰਦਗੀ।

ਅੱਖ ਵੇਖਣ ਜੋਗ ਹੋਣੀ ਚਾਹੀਦੀ,
ਹੈ ਨਜ਼ਾਰਾ ਹੀ ਨਜ਼ਾਰਾ ਜ਼ਿੰਦਗੀ।

'ਹਸਨਪੁਰੀਆ' ਕਿਉਂ ਮੜ੍ਹੀ ਨੂੰ ਪੂਜਦੈ,
ਬਣ ਸਿਆਣਾ, ਪੂਜ ਯਾਰਾ ਜ਼ਿੰਦਗੀ।

ਕੋਠੀ ਗੜਵਾ ਚਾਂਦੀ ਦਾ,
ਲੁਧਿਆਣਾ—੧੪੨੦੨੧



Sri Satguru Jagjit Singh Ji eLibrary NamdhariElibrary@gmail.com

# ਗੰਗਾ ਪੁੱਤਰ

ਲੇਖਕ—ਨਿਮਾਣਾ ਬੰਧਨ ਮੁਕਤ

ਕਾਲੀਆਂ ਰਾਤਾਂ ਨੂੰ ਮੰਨਦਾ ਨਹੀਂ ਮੈਂ
ਲੱਖਾਂ ਮਣ ਹਨੇਰਿਆਂ ਦੀ ਕੋਈ ਮਹੱਤਤਾ ਨਹੀਂ
ਅਸੀਂ ਤਾਂ ਰਖਦੇ ਹਾਂ ਹਨੇਰਿਆਂ ਦੇ ਖਾਤਮੇ ਲਈ
ਅਥਾਹ ਚਾਨਣਾਂ ਦਾ ਜ਼ੋਰ ।

ਨਿੱਕਾ ਜਿਹਾ ਟਟਹਿਣਾ
ਲੱਖਾਂ ਮਣ ਹਨੇਰਿਆਂ 'ਚ ਖਿੱਚ ਜਾਂਦਾ ਹੈ
ਚਾਨਣ ਦੀ ਲਕੀਰ
ਪਰ ਹਨੇਰਿਆਂ ਦੇ ਢੇਰ ਨਾ ਮੇਟ ਸਕੇ
ਉਸ ਜਿੱਤ ਦੇ ਸਿਹਰੇ ਬੰਨ੍ਹੀ ਲਕੀਰ ਨੂੰ ।

ਹਨੇਰਿਆਂ ਕਦੇ ਚਾਨਣਾਂ ਨੂੰ ਨਹੀਂ ਜਿੱਤਿਆ
ਸਦਾ ਪਾਣੀਆਂ ਹੀ ਠੰਡਾ ਕੀਤਾ ਅੱਗ ਨੂੰ
ਕਦੇ ਵੀ ਅੱਗ ਨੇ ਪਾਣੀਆਂ ਨੂੰ ਨਹੀਂ ਸਾੜਿਆ;
ਕਦੇ ਸੱਚ ਨੂੰ ਨਹੀਂ ਲਕੋਇਆ
ਝੂਠ ਦੇ ਪਰਦਿਆਂ ।

ਝੂਠ ਦੀ ਗਰਦਸ਼ ਥੋੜ੍ਹਾ ਚਿਰ ਰਹੀ ਅਵੱਸ਼
ਪਰ ਜਦ ਸੱਚ ਕਦੀ ਗਰਜਨਾ
ਸ਼ੇਰ ਵਾਂਗ ਦਹਾੜਦਾ
ਝੂਠ ਦੇ ਪਰਛਾਵੇਂ, ਉਡੇ ਵਾਂਗ ਧੂੰਇਆਂ,
ਸੱਚ ਹੋਰ ਵੀ ਸੋਹਣਾ ਹੋ ਆਂਵਦਾ ।

ਰਾਖਸ਼ਾਂ ਕਦੀ ਦੇਵਤਿਆਂ ਨੂੰ ਨਹੀਂ ਜਿੱਤਿਆ
ਜ਼ਾਲਮਾਂ ਕਦੀ ਹਰਾਇਆ ਨਹੀਂ ਸੱਚ ਧਰਮ ਨੂੰ
ਨਹੀਂ ਮੰਨੀ ਈਨ ਕਦੇ ਯੋਧਿਆਂ
ਰੱਖ ਸਿਰ ਹਥੇਲੀਆਂ, ਨਿਤਰੇ ਮੈਦਾਨ ਵਿਚ
ਮਾਰ ਸੱਚ ਦੀਆਂ ਕਲਕਾਰੀਆਂ
ਗਰਜੇ ਬੱਦਲੀਂ ਕੜਕੇ ਬਿਜਲੀ ਵਾਂਗਰਾਂ ।

ਨਾਨਕ ਜਾਂ ਗੋਬਿੰਦ ਦੇ ਰੂਪਕ
ਉਸਦਾ ਨਾਂ ਚਾਹੇ 'ਰਾਮ' ਹੋਵੇ ਚਾਹੇ 'ਕਰਿਸ਼ਨ'
ਨਾਂ ਕੋਈ ਵੀ ਹੋਵੇ, ਕੋਈ ਰਿਸ਼ੀ ਜਾਂ ਮੁਨੀ
ਬੱਸ ਲੋਕਾਂ ਉਸਨੂੰ ਯਾਦ ਰਖਿਆ
ਵਾਂਗ ਵਿਦਿਆ ਦੇ ਸਾਗਰਾਂ, ਚਾਨਣ ਮੁਨਾਰਿਆਂ ।

ਅੱਜ ਅਧੁਨਿਕ ਯੁੱਗ ਦੇ ਰਿਸ਼ੀ-ਮੁਨੀ
ਅਧਿਆਪਕ ਜਾਂ ਪ੍ਰੋਫੈਸਰ, ਵਿਦਿਆ ਦੇ ਸਾਗਰ
ਉਠਣਾ ਚਾਹੀਦਾ ਇਹਨਾਂ ਨੂੰ ਵਾਂਗ ਲਹਿਰਾਂ
ਤਾਂ ਕੇ ਵਿਖੇਰਨ ਇਹ ਰੰਗ ਆਪਣੇ
ਹਰੇ, ਪੀਲੇ, ਕਾਲੇ, ਚਿੱਟੇ, ਲਾਲ ਕੋਈ ਵੀ ਨਾ
ਰੰਗ ਪਰੇਮ ਦੇ, ਰਹਿਮਤਾਂ ਦੇ, ਮੁਕਤੀ ਦੇ ।

ਸਾਰੇ ਜਗਤ ਨੂੰ ਆਪਣੀ ਬੁੱਕਲ ਵਿਚ ਲੈ
ਕਰਨਾ ਹੈ ਕਰਮ ਇਨ੍ਹਾਂ ਮਹਾਨ ਜੋਗੀਆਂ
ਕਰਨ ਹਿੱਤ ਜ਼ੁਲਮ ਦਾ ਖਾਤਮਾ
ਭਾਵੇਂ ਜ਼ੁਲਮ ਦੇ ਦੁਰਜੋਧਨਾਂ ਬਰਾਬਰ
ਪੈਣਾ ਪਿਆ ਤੀਰਾਂ ਦੀ ਸੇਜ ਉਤੇ
ਇਹਨਾਂ ਗੰਗਾ ਪੁੱਤਰਾਂ ।

—ਅਨੁਵਾਦ ਹਿੰਦੀ 'ਚੋਂ
ਤੇਜਵੰਤ ਮਾਨ (ਡਾ.)



Sri Satguru Jagjit Singh Ji eLibrary NamdhariElibrary@gmail.com

# ਰਾਜ ਹੀਰਾਮਨ ਦੀਆਂ ਚਾਰ ਹਿੰਦੀ ਕਵਿਤਾਵਾਂ

[ਕਵੀ ਮਾਰੀਸ਼ਸ ਦੇਸ ਦਾ ਰਹਿਣ ਵਾਲਾ ਹੈ। ਅਧਿਆਪਕ, ਪੱਤਰਕਾਰ, ਸੰਪਾਦਕ ਅਤੇ ਟੀ. ਵੀ. ਪੱਤਰਕਾਰ ਵੀ ਹੈ। ਮਾਸਕੋ ਤੋਂ ਵੀ ਪੱਤਰਕਾਰਤਾ ਦਾ ਡਿਪਲੋਮਾ ਲਿਆ ਹੈ। 'ਇੰਡੀਅਨ ਫ਼ਲਾਸਫ਼ੀ ਔਰ ਹਿੰਦੀ' ਵਿਚ ਵੀ ਡਿਪਲੋਮਾ-ਹੋਲਡਰ ਹੈ। ਮਾਰੀਸ਼ਸ ਵਿਚ ਸਕੂਲਾਂ ਦੇ ਪਾਠ-ਕ੍ਰਮ ਲੇਖਕਾਂ ਦੇ ਪੈਨਲ ਵਿਚ ਵੀ ਹੈ।]

**ਸਹਿਜ ਨਹੀਂ ਲੜਨਾ**

ਤੁਮਸੇ ਮਿਲਕਰ, ਬਾਤੇਂ ਕਰ
ਮੁਝੇ ਲਗਾ, ਜੈਸੇ
ਮੈਂ ਕੁਰੂਕਸ਼ੇਤਰ ਸੇ ਲੌਟ ਰਹਾ ਹੂੰ
ਥਕਾ ਹਾਰਾ
ਬਿਨ ਗੋਲੀ ਕੀ ਬੰਦੂਕ
ਟੂਟੇ ਕੰਧੇ ਪਰ ਲੀਏ
ਸਾਰੀ ਲੜਾਈਆਂ ਹਾਰ ਕਰ
ਕਲ ਫਿਰ ਮਿਲੂੰਗਾ
ਲਗੇਗਾ ਫਿਰ ਲੜਾਈ ਕੇ ਮੈਦਾਨ
ਕਲ ਸ਼ਾਮ ਆਤੇ
ਖੇਲ ਭੀ ਹੋ ਜਾਊਂ ਸ਼ਾਇਦ
ਦਮ ਭੀ ਤੋੜ ਦੂੰ
ਮੇਰੀ ਵੀਰਤਾ ਕਾ ਮੈਡਲ
ਤੁਮਹੀ ਲੇਨਾ !
ਕਿਉਂਕਿ ਇਨ ਸਭ ਕੇ ਕਾਰਨ
ਤੁਮਹੀਂ ਹੋ ! ਸਿਰਫ਼ ਤੁਮ !!

**ਅਪਨਾ ਨਾ, ਗੈਰ ਨਾ**

ਯੀਸ਼ੂ !
ਤੁਮਹੇਂ ਕਰਾਸ ਪਰ ਲਟਕਾਨੇ ਵਾਲੇ
ਤੁਮਹਾਰੇ ਹੀ ਅਪਨੇ ਥੇ
ਗ਼ੈਰ ਨਹੀਂ !!
ਰਾਮ !
ਤੁਮਹੇਂ ਬਨਵਾਸ ਭੇਜਨੇ ਵਾਲੇ
ਤੁਮਹਾਰੇ ਹੀ ਅਪਨੇ ਥੇ
ਗ਼ੈਰ ਨਹੀਂ !!
ਪਾਂਡਵੋ !
ਤੁਮਹੇਂ ਬੇਰਾਜਯ ਕਰਨ ਵਾਲੇ
ਤੁਮਹਾਰੇ ਹੀ ਅਪਨੇ ਥੇ
ਗ਼ੈਰ ਨਹੀਂ !!
ਪ੍ਰਿਥਵੀ ਰਾਜ !
ਤੁਮਹਾਰੇ ਦੁਸ਼ਮਨੋਂ ਕੇ ਹਾਥ
ਤੁਮਹਾਰੇ ਅਪਨੇ ਜੋ ਚੰਦ ਥੇ
ਗ਼ੈਰ ਨਹੀਂ !!
ਬਾਪੂ !
ਤੁਮ ਪਰ ਗੋਲੀ ਚਲਾਨੇ ਵਾਲੇ
ਤੁਮਹਾਰੇ ਹੀ ਦੇਸ਼ ਵਾਸੀ ਥੇ
ਗ਼ੈਰ ਨਹੀਂ !!
ਮਹਾਨ ਆਤਮਾਓ !
ਅਬ ਤੁਮਹੀ ਬੋਲੋ
ਕਿ ਮੈਂ ਡਰੂੰ ਤੋਂ ਕਿਸ ਸੇ ?
ਅਪਨੋਂ ਸੇ
ਯਾ ਗ਼ੈਰੋਂ ਸੇ !!

**ਚੀਰਹਰਨ**

ਦ੍ਰੋਪਦੀਓਂ ਕਾ
ਚੀਰਹਰਨ ਹੋਗਾ
ਤਭੀ ਤੋ ਅਵਤਾਰ ਲੂੰਗਾ ?
ਪਰ,
ਆਜ ਕੀ ਨਾਰੀਓਂ ਕੇ ਅੰਗੋਂ ਪਰ
ਇਤਨੇ ਕਮ ਕੱਪੜੇ ਹੈਂ
ਕਿ ਉਨਕੇ ਚੀਰਹਰਨ ਕਾ
ਕੋਈ ਪ੍ਰਸ਼ਨ ਹੀ ਨਹੀਂ ਉਠਤਾ !!

**ਜ਼ਰੂਰਤੇਂ**

ਭਗਵਾਨ ਕਰੇ!
ਕਿ ਸਭ ਸੇਵਾਓਂ ਕਾ ਫਲ
ਸਿਰਫ ਤੁਮਹੀ ਕੋ ਮਿਲੇ
ਕਿਉਂਕਿ ਕੁਛ ਲੋਗ
ਦੇਤੇ ਦੇਤੇ ਲਖਪਤੀ ਹੋ ਗਏ
ਔਰ ਤੁਮ......
ਲੇਤੇ ਲੇਤੇ ਗ਼ਰੀਬ ਹੋ ਗਏ !
ਇਸ ਲੀਏ ਜ਼ਰੂਰਤੇਂ ਸਦਾ
ਲੇਨੇ ਵਾਲੋਂ ਕੀ ਹੋਤੀ ਹੈਂ
ਦੇਨੇ ਵਾਲੋਂ ਕੀ ਨਹੀਂ।



Sri Satguru Jagjit Singh Ji eLibrary NamdhariElibrary@gmail.com

*Manufacturers & Exporters of*

# AUTO ACCESSORIES

# G N D Auto Industries

Managing Partner's : **Pawittar Singh Namdhari**

## 77, Industrial Area-I, Chandigarh—160002

**Tel. 91-172-641294, 91-172-655939 Fax 91-172-656300 E Mail Uniq @ arbornet. org.**

***Office at U.S.A. :***

**421N. Brookhurst Street,**

**Suite No. 209, Anaheim—CA 92801**

**U.S.A.**

***Mubai Office :***

**502, Kakad, Market,**

**306, Kalbadevi Rd., Mumbai**

**Tel. 91-22-205-1833 Fax 91-22-375-2438**

---

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Phones : Office—5411940, 5451969, 502061
Resi. —5455011, 5440079

# NAMDHARI MARBLE CO.

***Supplier of :—***

**KOTA STONE, RED AGRA, MANDANA, MARBLE,**
**DHAULPUR & GWALIOR BUCH**

PROP. S. DAYA SINGH BHUI

## WZ-2, Mansarover Garden, Ring Road.

## NEW DELHI—110015





Sri Satguru Jagjit Singh Ji eLibrary NamdhariElibrary@gmail.com

# ਕੁਝ ਵਿਕੋਲਿਤ੍ਰੀਆਂ

—ਸੰਤੋਖ ਸਿੰਘ ਧੀਰ

ਕੁਝ ਵਿਕੋਲਿਤ੍ਰੀਆਂ ਗੱਲਾਂ ਏਥੇ ਕਰਨਾ ਚਾਹੁੰਦਾ ਹਾਂ। ਇਹ ਮੇਰੀ ਸੋਚ ਦਾ ਹਿੱਸਾ ਜਾਂ ਮੇਰੀਆਂ ਮਾਨਤਾਵਾਂ ਹਨ।

ਮੈਂ ਇਕ ਕਮਿਊਨਿਸਟ ਹਾਂ ਪਰ ਨਹਿਰੂ ਅਤੇ ਗਾਂਧੀ ਨੂੰ ਮਾੜਾ ਨਹੀਂ ਸਮਝਦਾ, ਸਗੋਂ ਇਹਨਾਂ ਦੋਹਾਂ ਦਾ ਮੈਂ ਬਹੁਤ ਸਤਿਕਾਰ ਕਰਦਾ ਹਾਂ। ਭਾਵੇਂ ਮੈਨੂੰ ਪਤਾ ਹੈ ਕਿ ਗਾਂਧੀਵਾਦ ਜਾਂ ਨਹਿਰੂਵਾਦ ਵੀ, ਦੇਸ ਦਾ ਅੱਜ ਕੁਝ ਵੀ ਸੰਵਾਰਨ ਜੋਗੇ ਨਹੀਂ, ਦੇਸ ਦੀ ਕਾਇਆ-ਕਲਪ ਮਾਰਕਸਵਾਦ ਨਾਲ ਹੀ ਹੋਵੇਗੀ, ਤਾਂ ਵੀ ਉਹਨਾਂ ਜੋ ਲੜਾਈ ਅੰਗਰੇਜ਼ੀ ਸਾਮਰਾਜ ਦੇ ਵਿਰੁੱਧ ਸੁਹਿਰਦਤਾ ਨਾਲ ਲੜੀ ਹੈ, ਉਹ ਕਦਰ ਕਰਨ ਦੇ ਯੋਗ ਹੈ। ਉਹ ਕੌਮਵਾਦੀ ਆਗੂ ਸਨ। ਸਮਾਜਵਾਦ ਉਹਨਾਂ ਦੋਹਾਂ ਦੇ ਵਸ ਦੀ ਗੱਲ ਹੀ ਨਹੀਂ ਸੀ। ਸਮਾਜਵਾਦ ਦੀ ਆਸ ਉਹਨਾਂ ਤੋਂ ਰੱਖਣੀ ਹੀ ਨਹੀਂ ਚਾਹੀਦੀ। ਇਹ ਬੱਚਗਾਨਾ ਗਿਲਾ ਹੈ। ਫੇਰ ਉਹ ਦੋਵੇਂ ਪੂੰਜੀਪਤੀ ਵਰਗ ਦੇ ਨੁਮਾਇਦੇ ਸਨ। ਉਹਨਾਂ ਦਾ ਵਰਗ ਕਿਵੇਂ ਉਹਨਾਂ ਨੂੰ ਸਮਾਜਵਾਦ ਦੀਆਂ ਹੱਦਾਂ ਤੀਕਰ ਪਹੁੰਚ ਕਰਨ ਦੀ ਆਗਿਆ ਦਿੰਦਾ? ਉਹਨਾਂ ਦੀ ਘਾਲਣਾ ਇਹੋ ਹੈ ਕਿ ਉਹਨਾਂ ਰੇਸ਼ਮ ਲਾਹੇ ਤੇ ਮੋਟੇ-ਮੋਟੇ ਖੱਦਰ ਪਾਏ। ਸਾਰਾ ਹਿੰਦੋਸਤਾਨ ਭਾਵੇਂ ਖੱਦਰ ਪਹਿਨ ਰਿਹਾ ਸੀ, ਪਰ ਉਹਨਾਂ ਦਾ ਖੱਦਰ ਪਹਿਣ ਲੈਣਾ ਇਕ ਅਦੁੱਤੀ ਗੱਲ ਹੀ ਸੀ। ਰੇਸ਼ਮ ਵਰਗੇ ਪਿੰਡੇ ਸਨ ਜੋ ਖੱਦਰ ਦੇ ਛਿੱਲ ਸੁਟੇ ਸਨ। ਫੇਰ ਉਹ ਵਜ਼ੀਰਾਂ ਅਤੇ ਅਹਿਲਕਾਰਾਂ ਦੇ ਪੁੱਤਰ ਸਨ। ਉਹਨਾਂ ਸੁੱਖ ਛੱਡੇ, ਅੰਗਰੇਜ਼ ਨਾਲ ਜੂਝਣ ਲਈ ਗਲੀਆਂ ਅਤੇ ਬਾਜ਼ਾਰਾਂ ਵਿਚ ਝੰਡੇ ਚੁੱਕ ਕੇ ਨਿਕਲ ਆਏ, ਅਤੇ ਡਾਂਗਾਂ ਖਾਣ ਲੱਗੇ। ਸਾਨੂੰ ਇਸ ਘਾਲਨਾ ਦੀ ਕਦਰ ਕਰਨੀ ਚਾਹੀਦੀ ਹੈ। ਅੰਗਰੇਜ਼ ਵਿਰੁੱਧ ਲੜਾਈ ਉਹਨਾਂ ਦੀ ਸੱਚੀ ਅਤੇ ਸੁਹਿਰਦ ਸੀ।

ਗੁਣ ਵੀ ਉਹਨਾਂ ਵਿਚ ਬੜੇ ਸਨ। ਜਿਵੇਂ ਆਮ ਲੋਕਾਂ ਤਕ ਮਹਾਤਮਾ ਗਾਂਧੀ ਪੁਜਿਆ ਹੈ, ਕੋਈ ਵੀ ਪੁਜ ਸਕਿਆ ਨਹੀਂ, ਇਹ ਬਹੁਤ ਵੱਡੀ ਖੂਬੀ ਸੀ। ਉਸ ਦਾ ਹੱਥ ਸਾਰੇ ਮੁਲਕ ਦੀ ਨਬਜ਼ ਉਤੇ ਪੁਜ ਚੁੱਕਾ ਸੀ। ਮੇਰਾ ਮਤਲਬ ਇਹ ਨਹੀਂ ਕਿ ਗਾਂਧੀ ਵਾਂਗ ਸਾਨੂੰ ਵੀ ਲੰਗੋਟੀ ਲਾ ਲੈਣੀ ਚਾਹੀਦੀ ਹੈ। ਉਸ ਜਿਹਾ ਨੱਬਾਜ਼ ਸਾਨੂੰ ਜ਼ਰੂਰ ਬਣ ਜਾਣਾ ਚਾਹੀਦਾ ਹੈ। ਸਾਨੂੰ—ਜਿਹੜੇ ਭਾਰਤ ਵਿਚ ਸਮਾਜਵਾਦ ਦੀ ਸਿਰਜਣਾ ਨੂੰ ਦੇਖਣ ਦੇ ਚਾਹਵਾਨ ਹਾਂ।

੨

ਅੱਜ ਨਹੀਂ, ਸ਼ੁਰੂ ਤੋਂ ਹੀ ਮੈਨੂੰ ਮੇਰੇ ਲੇਖਕ ਦੋਸਤ ਇਹੋ ਆਖਦੇ ਹੁੰਦੇ ਸਨ ਕਿ ਮੈਂ ਵਰਤਮਾਨ ਨਹੀਂ, ਭਵਿਖ ਲਈ ਜੀਅ ਰਿਹਾ ਹਾਂ ਤੇ ਜੋ ਕੁਝ ਮੈਂ ਲਿਖਦਾ ਹਾਂ, ਭਵਿਖ ਲਈ ਹੀ ਲਿਖਦਾ ਹਾਂ। ਇਹ ਗੱਲ ਕੁਝ ਠੀਕ ਹੀ ਹੈ। ਕਿਉਂਕਿ ਵਰਤਮਾਨ ਨਾਲ ਗੱਲ ਕੁਝ ਬਣੀ ਹੀ ਨਹੀਂ। ਭਵਿਖ ਉਤੇ ਹੀ ਆਸਾਂ ਹਨ। ਪਰ ਭਵਿਖ ਕਿਥੇ ਹੈ? ਇਸ ਬਾਰੇ ਕੁਝ ਪਤਾ ਨਹੀਂ। ਸ਼ਾਇਦ ਇਹ ਭਵਿਖ ਮੇਰੇ ਮਰਨ ਤੋਂ ਬਾਅਦ ਦੀ ਗੱਲ ਹੀ ਹੈ। ਪਰ ਮੇਰਾ ਉਸ ਭਵਿਖ ਨਾਲ ਕੀ ਸਬੰਧ ਹੋਵੇਗਾ?

ਆਲੋਚਕਾਂ ਨੇ ਮੇਰਾ ਬੜਾ ਹੀ ਘੱਟ ਨੋਟਿਸ ਲਿਆ ਹੈ। ਸੱਚ ਪੁਛੋ ਤਾਂ ਲਿਆ ਹੀ ਨਹੀਂ। ਉਂਜ ਨੋਟਿਸ ਲੈਣ ਬਾਰੇ ਇਹ ਵੀ ਆਖਿਆ ਜਾਂਦਾ ਹੈ ਕਿ ਲੇਖਕ ਆਪ ਅਲੋਚਕਾਂ ਨੂੰ ਇਸ ਲਈ ਜਾ ਜਾ ਕਹਿੰਦੇ ਹਨ ਤੇ ਫੇਰ ਹੀ ਕੋਈ ਲਿਖਦਾ ਹੈ। ਸ਼ਾਇਦ ਮੇਰਾ ਇਸ ਕਾਰਨ ਵੀ ਨੋਟਿਸ ਨਹੀਂ ਲਿਆ ਗਿਆ। ਮੈਂ ਕਿਸੇ ਨੂੰ ਕਿਹਾ ਨਹੀਂ ਤੇ ਮੇਰੇ ਬਾਰੇ ਨੋਟਿਸ ਲੈਣ ਦੀ ਕਿਸੇ ਨੇ ਖੇਚਲ ਕੀਤੀ ਨਹੀਂ।

ਇਉਂ ਲੇਖ ਲਿਖਵਾਉਣ ਵਿਚ ਭਰੋਸਾ ਵੀ ਤਾਂ ਹੈ ਨਹੀਂ ਮੇਰਾ। ਫ਼ਾਇਦਾ ਹੀ ਕੀ ਹੋਇਆ ਇਸ ਦਾ? ਲੇਖ ਉਹ ਜੋ ਲਿਖਣ ਵਾਲਾ ਆਪਣੇ ਆਪ ਹੀ ਲਿਖਣਾ ਚਾਹੇ।

੧੯੯੩ ਵਿਚ ਮੈਨੂੰ ਇੰਟਰਨੈਸ਼ਨਲ ਪੰਜਾਬੀ ਲਿਟਰੇਰੀ ਟ੍ਰਸਟ (ਕੈਨੇਡਾ) ਵਲੋਂ ਕੌਮਾਂਤਰੀ ਸਾਹਿਤ ਸ਼ਰੋਮਣੀ ਮਨਜੀਤ ਯਾਦਗਾਰੀ ਪੁਰਸਕਾਰ ਦਿਤਾ ਗਿਆ ਸੀ। ਉਦੋਂ, ਮੇਰੇ ਬਾਰੇ, ਗੁਰਬਚਨ ਸਿੰਘ ਭੁੱਲਰ ਨੇ ਇਕ ਕਿਤਾਬ ਤਿਆਰ ਕੀਤੀ। ਇਹੀਓ ਇਕ ਕਿਤਾਬ ਹੈ—"ਸੰਤੋਖ ਸਿੰਘ ਧੀਰ"—ਜੋ ਮੇਰੇ ਬਾਰੇ ਕਿਸੇ ਨੇ ਬੜੀ ਚੰਗੀ ਤਰ੍ਹਾਂ ਸੰਪਾਦੀ ਹੈ। ਨਹੀਂ ਤਾਂ ਹੁਣ ਤਕ ਫਾਹਾ ਹੀ ਮੇਰਾ ਵੱਢਿਆ ਜਾਂਦਾ ਰਿਹਾ ਹੈ। ਇਸ ਕਿਤਾਬ ਵਿਚ ਬੜੀ ਹੀ ਉੱਚ-ਪਾਏ ਦੀ ਸਮੱਗਰੀ ਹੈ। ਡਾ. ਹਰਿਭਜਨ ਸਿੰਘ ਦਾ "ਯਾਦਗਾਰ" ਬਾਰੇ ਲੇਖ ਹੈ ਜੋ ਬੜਾ ਹੀ ਉੱਚ-ਕੋਟੀ ਦਾ ਹੈ। ਇਸੇ ਤਰ੍ਹਾਂ ਗੁਰਬਚਨ ਸਿੰਘ ਭੁੱਲਰ ਦਾ ਆਪਣਾ ਲੇਖ ਹੈ ਜੋ ਬੜਾ ਹੀ ਉੱਚ-ਪਾਏ ਦਾ ਹੈ। "ਗੁਲਾਬੀ ਕਾਗਜ਼ ਉਤੇ ਲਿਖੀ ਕਵਿਤਾ" ਉਸ ਲੇਖ ਦਾ ਨਾਂ ਹੈ। ਉਹ ਮੇਰਾ ਰੇਖਾ ਚਿੱਤਰ ਹੈ। ਪਹਿਲਾਂ ਇਹ



Sri Satguru Jagjit Singh Ji eLibrary NamdhariElibrary@gmail.com

ਲੇਖ ਮਾਸਕ ਪੱਤਰ "ਆਰਸੀ" ਵਿਚ ਛਪੇ ਸਨ।

ਮਤਲਬ ਹੈ, ਮੇਰੇ ਬਾਰੇ ਉਵੇਂ ਨਹੀਂ ਲਿਖਿਆ ਗਿਆ ਜਿਵੇਂ ਹੋਰਾਂ ਲੇਖਕਾਂ ਬਾਰੇ ਆਮ ਹੀ ਲਿਖਿਆ ਜਾਂਦਾ ਹੈ। ਫਲਾਣੇ ਲੇਖਕ ਦਾ "ਕਵਿਤਾ ਸੰਸਾਰ", ਫਲਾਣੇ ਲੇਖਕ ਦਾ "ਕਹਾਣੀ ਜਗਤ"। ਸ਼ਾਇਦ ਮੇਰਾ ਅਜੇ ਕੋਈ ਸੰਸਾਰ ਜਾਂ ਜਗਤ ਬਣਿਆ ਹੀ ਨਹੀਂ।

੩

ਮਾਤ ਭਾਸ਼ਾ ਪੰਜਾਬੀ ਬਾਰੇ ਬੜੀਆਂ ਹੀ ਆਸ਼ਾਵਾਂ ਸਨ। ਪੰਜਾਬੀ ਉੱਨਤੀ ਕਰੇਗੀ। ਹਜ਼ਾਰਾਂ ਦੀ ਤਾਦਾਦ ਵਿਚ ਕਿਤਾਬਾਂ ਛਪਿਆ ਕਰਨਗੀਆਂ ਤੇ ਇਸ ਅਨੁਸਾਰ ਹੀ ਵੱਡੀਆਂ ਵੱਡੀਆਂ ਰਾਇਲਟੀਆਂ ਮਿਲਿਆ ਕਰਨਗੀਆਂ। ਪਰ ਨਹੀਂ, ਇਹ ਕੁਝ ਹੋਇਆ ਨਹੀਂ। ਗੱਲ ਸਗੋਂ ਉਲਟ ਹੋਈ। ਪੰਜਾਬੀ ਦੀ ਬੇਕਦਰੀ ਆਪਣੀ ਸਿਖਰ ਨੂੰ ਪਹੁੰਚੀ ਹੋਈ ਹੈ। ਸਿੱਖ ਕੀ ਤੇ ਹਿੰਦੂ ਕੀ, ਪੰਜਾਬੀ ਬੋਲੀ ਨੂੰ ਕੋਈ ਵੀ ਸੁਹਿਰਦਤਾ ਨਾਲ ਅਪਣਾਉਂਦਾ ਨਹੀਂ। ਹਿੰਦੂ ਤਾਂ ਉਂਜ ਹੀ ਕਹਿੰਦੇ ਹਨ ਕਿ ਸਾਡੀ ਇਹ ਬੋਲੀ ਹੀ ਨਹੀਂ ਹੈ, ਸਿੱਖ ਇਸ ਨੂੰ ਉਂਜ ਆਪਣੇ ਧਰਮ ਨਾਲ ਜੋੜੀ ਬੈਠੇ ਹਨ। ਬਤੌਰ ਬੋਲੀ, ਪੰਜਾਬੀ ਬੋਲੀ ਦਾ ਕੋਈ ਵੀ ਲਾਗੂ ਨਹੀਂ ਹੈ। ਇਹ ਤਾਂ ਬਸ, ਸਾਡੀ, ਕਵੀਆਂ-ਲੇਖਕਾਂ ਦੀ ਹੀ ਬੋਲੀ ਹੈ। ਅਸੀਂ ਹੀ ਇਸ ਨੂੰ ਲਿਖਣ ਵਾਲੇ ਤੇ ਅਸੀਂ ਹੀ ਪੜ੍ਹਨ ਵਾਲੇ ਹਾਂ। ਇਸੇ ਲਈ ਤਾਂ ਸਾਡੀ ਕੋਈ ਵੀ ਪੁਛ-ਪ੍ਰਤੀਤ ਨਹੀਂ ਹੈ। ਸਾਡੀ—ਪੰਜਾਬੀ ਲੇਖਕਾਂ ਦੀ। ਹਾਲਾਂਕਿ ਇਹ ਕਈ ਕਰੋੜ ਲੋਕਾਂ ਦੀ ਮਾਤ੍ਰੀ ਬੋਲੀ ਹੈ। ਅਤੇ ਇਹ ਛੋਟੀ ਗੱਲ ਨਹੀਂ।

ਕਲਾ ਅਤੇ ਸਾਹਿਤ ਦਾ ਸ਼ੌਕ ਤਾਂ ਸਾਡੇ ਲੋਕਾਂ ਨੂੰ ਹੈ ਹੀ ਨਹੀਂ। ਹੋਰ ਸ਼ੌਕ ਬਥੇਰੇ ਹਨ।

ਯੂਰਪ ਬਾਰੇ ਪੜ੍ਹੀਦਾ ਹੈ। ਕਿਸੇ ਨਵੇਂ ਲੇਖਕ ਨੇ ਕੁਝ ਕਵਿਤਾਵਾਂ ਲਿਖੀਆਂ ਤੇ ਕਿਸੇ ਪੱਤਰ ਨੂੰ ਭੇਜੀਆਂ। ਉਹ ਕਵਿਤਾਵਾਂ ਛਪੀਆਂ ਤਾਂ ਪਾਠਕਾਂ ਵੱਲੋਂ ਵੀਹ ਹਜ਼ਾਰ ਚਿੱਠੀਆਂ ਉਸਨੂੰ ਭੇਜੀਆਂ ਗਈਆਂ। ਇਹ ਪ੍ਰਸੰਸਾ ਪੱਤਰ ਸਨ ਤੇ ਨਾਲ ਤੁਹਫ਼ੇ ਵੀ ਭੇਜੇ ਸਨ। ਇਹ ਹੈ ਕਦਰ ਲੇਖਕ ਦੀ। ਹਾਲਾਂ ਕਿ ਯੂਰਪ ਦੇ ਮੁਲਕ ਵੱਡੇ ਵੀ ਬਹੁਤੇ ਨਹੀਂ ਹਨ।

ਕਦਰ ਸਾਡੇ ਵੀ ਹੁੰਦੀ ਹੈ, ਪਰ ਉਸਦਾ ਰੂਪ ਕੁਝ ਹੋਰ ਹੈ। ਇਕ ਮਿਸਾਲ ਦਿੰਦਾ ਹਾਂ:

ਮਾਰਚ ਦਾ ਮਹੀਨਾ ਸੀ। ਗਿਆਰਾਂ-ਬਾਰਾਂ ਦਾ ਸਮਾਂ ਸੀ। ਚੰਡੀਗੜ੍ਹ ਦੇ ਨੇੜੇ ਸੋਹਾਣਾ ਪਿੰਡ ਦੀ ਸੜਕ ਉਤੇ ਬੱਸ ਉਡੀਕ ਰਿਹਾ ਸਾਂ। ਪਿੰਡੋਂ ਇਮਤਿਹਾਨ ਦੇ ਕੇ ਕੁਝ ਵਿਦਿਆਰਥੀ ਆਏ ਤੇ ਮੇਰੇ ਲਾਗੇ ਸੜਕ-ਕੰਢੇ ਉਂਜੇ ਹੀ ਖਲੋ ਗਏ। "ਕੋਈ ਇਕ ਸਵਾਰ" ਉਹਨਾਂ ਦੇ ਕੋਰਸ ਵਿਚ ਲੱਗੀ ਹੋਈ ਸੀ। ਤਦੇ ਕਿਸੇ ਪਾਸਿਓਂ ਕੋਈ ਖ਼ਾਲੀ ਤਾਂਗਾ ਆਇਆ ਤੇ ਸਾਡੇ ਅੱਗੋਂ ਲੰਘਣ ਲਗਿਆ। ਮੁੰਡੇ ਤਾਂਗੇ ਨੂੰ ਦੇਖਦੇ ਸਾਰ ਖਿੜ-ਖਿੜਾ ਕੇ ਹੱਸ ਪਏ ਤੇ ਵਾਜਾਂ ਮਾਰਨ ਲੱਗ ਪਏ: "ਜਾਂਦਾ ਕੋਈ ਇਕ ਸਵਾਰ ਖੰਨੇ ਦਾ ਬਈ ਓ!"

ਨਿਰਸੰਦੇਹ, ਇਹ ਮੇਰੀ ਕਹਾਣੀ ਦੀ ਅੰਤਾਂ ਦੀ ਪ੍ਰਸੰਸਾ ਸੀ।

੪

ਪ੍ਰਕਾਸ਼ਕਾਂ ਨਾਲ ਮੇਰੇ ਸਬੰਧ ਬਹੁਤੇ ਚੰਗੇ ਨਹੀਂ ਰਹੇ। ਕਿਸੇ ਪ੍ਰਕਾਸ਼ਕ ਦੇ ਦਿਲ ਨੂੰ ਵੀ ਮੈਂ ਆਪਣੇ ਵੱਲ ਮੋਹ ਸਕਿਆ ਨਹੀਂ। ਪ੍ਰਕਾਸ਼ਕ ਸਾਡਾ ਰੱਬ ਹੈ। ਉਪਾਸਨਾ ਬਿਨਾਂ ਰੱਬ ਦੀ ਪ੍ਰਾਪਤੀ ਬਹੁਤ ਮੁਸ਼ਕਿਲ ਹੈ। ਮੇਥੋਂ ਭਗਤੀ ਨਹੀਂ ਹੋਈ।

ਕਦੇ, ਕਿਸੇ ਵੇਲੇ, ਜੇ ਇਹ ਰੱਬ ਤਰੁੱਠ ਸਕਿਆ ਹੈ ਤਾਂ ਕੋਈ ਕਿਤਾਬ ਛੱਪ ਗਈ ਹੈ। ਪਰ ਜਦੋਂ ਰਾਇਲਟੀ ਮੰਗੀ ਹੈ ਤਾਂ ਫੇਰ ਰੱਬ ਰੁੱਸ ਗਿਆ ਹੈ। ਰਾਇਲਟੀ ਜਾਣ ਕੇ ਨਹੀਂ ਮੰਗੀ, ਮੰਗਣੀ ਪੈ ਜਾਂਦੀ ਰਹੀ। ਪਰ ਹੁੰਦਾ ਬਹੁਤ ਉਲਟ ਰਿਹਾ। ਰਾਇਲਟੀ ਘੱਟ ਹੀ ਮਿਲੀ ਹੈ, ਪਰ ਰਾਇਲਟੀ ਮੰਗ ਲੈਣ ਦੀ ਸਜ਼ਾ ਵੱਧ ਮਿਲਦੀ ਰਹੀ ਹੈ। ਅੱਗੋਂ ਲਈ ਕਿਤਾਬ ਛਪਣੀ ਬੰਦ ਹੋ ਜਾਂਦੀ ਰਹੀ ਹੈ।

ਫੇਰ ਭਗਤੀ—ਗਿੜਗਿੜਾਹਟਾਂ, ਮਿੰਨਤਾਂ ਤੇ ਹੱਥ ਜੋੜਨੇ।

ਸਾਡਾ ਇਕ ਗੀਤ ਹੈ:

ਜੱਗ ਭਾਵੇਂ ਸਾਰਾ ਰੁੱਸ ਜਾਏ
ਮੇਰੀ ਰੁੱਸ ਨਾ ਝਾਂਜਰਾਂ ਵਾਲੀ।

ਜਾਂ

ਸਾਡੇ ਭਾਣੇ ਰੱਬ ਰੁੱਸਿਆ
ਸਾਡੀ ਰੁੱਸ ਗਈ ਝਾਂਜਰਾਂ ਵਾਲੀ।

ਸਾਡੀ, ਪੰਜਾਬੀ ਲੇਖਕਾਂ ਦੀ, "ਝਾਂਜਰਾਂ ਵਾਲੀ" ਪ੍ਰਕਾਸ਼ਕ ਹੈ।



Sri Satguru Jagjit Singh Ji eLibrary NamdhariElibrary@gmail.com

੫

ਪ੍ਰਸਿੱਧ ਹੋਣਾ ਚੰਗਾ ਹੈ, ਪਰ ਕਦੇ-ਕਦੇ ਪ੍ਰਸਿੱਧ ਹੋਣਾ ਬੜਾ ਹੀ ਦੁੱਖ ਦਿੰਦਾ ਹੈ। ਕਦੇ-ਕਦੇ ਕੋਈ ਐਸਾ ਕੰਮ ਕਰਨ ਨੂੰ ਦਿਲ ਕਰਦਾ ਹੈ ਜੋ ਸਾਡੇ ਇਸ ਸਮਾਜ ਦੀਆਂ ਪ੍ਰਵਾਨਗੀਆਂ ਤੋਂ ਪਰੇ ਹੈ। ਪਰ ਪ੍ਰਸਿੱਧੀ ਇਸ ਕੰਮ ਲਈ ਮੌਕੇ ਹੀ ਕੋਈ ਦਿੰਦੀ ਨਹੀਂ। ਇਹ ਵੀ ਇਕ ਗ਼ੁਲਾਮੀ ਹੈ। ਇਹ ਜ਼ੰਜੀਰਾਂ ਲੋਹੇ ਦੀਆਂ ਜ਼ੰਜੀਰਾਂ ਨਾਲੋਂ ਵੀ ਸਖ਼ਤ ਹਨ।

੬

ਦੁਨੀਆਂ ਵਿਚ ਸਭ ਤੋਂ ਭੈੜਾ ਇਕਪਾਸੜ ਪਿਆਰ ਹੈ। ਇਸ ਤੋਂ ਬਚਣਾ ਚਾਹੀਦਾ ਹੈ।

੭

ਪੋਤਰੇ ਨੇ ਜਨਮ ਲਿਆ। ਮੇਰੀ ਇਕ ਭੈਣ ਨੇ ਵਧਾਈ ਭੇਜਦੇ ਚਿੱਠੀ ਲਿਖੀ: "ਵੱਡੀ ਉਮਰ ਹੋਵੇ। ਚੰਗੇ-ਚੰਗੇ ਕੰਮ ਕਰੇ। ਦਾਦੇ ਵਾਂਗ ਪ੍ਰਸਿੱਧ ਹੋਵੇ। ਦਾਦੇ ਵਾਂਗ ਹੀ ਲੇਖਕ ਬਣੇ।" ਮੈਨੂੰ ਚਿੱਠੀ ਪੜ੍ਹਕੇ ਕੁਝ ਚਿੰਤਾ ਜਿਹੀ ਲੱਗ ਗਈ। ਮੇਰੀ ਭੈਣ ਵੱਲੋਂ ਇਹ ਅਸੀਸ ਸੀ ਜਾਂ ਦੁਰਅਸੀਸ? ਲੇਖਕ ਬਣ ਕੇ ਸਾਰੀ ਉਮਰ ਭੁੱਖਾ ਮਰਦਾ ਰਿਹਾ ਹਾਂ। ਹੁਣ ਮੇਰਾ ਪੋਤਰਾ ਵੀ...ਭਾਵੇਂ ਲੇਖਕ ਹੋਣ ਦਾ ਗੌਰਵ ਸਦਾ ਮੈਂ ਮਹਿਸੂਸ ਕੀਤਾ।

੮

ਇਕ ਵਾਰ ਸੁਫ਼ਨੇ ਵਿਚ ਜਵਾਹਰ ਲਾਲ ਨਹਿਰੂ ਦਿਸਿਆ। ਤੀਹ ਕੁ ਵਰ੍ਹੇ ਦੀ ਉਮਰ ਸੀ ਤੇ ਚਿਹਰਾ ਲੱਥਾ ਹੋਇਆ ਸੀ। ਉਦਾਸ ਜਿਹੇ ਚਿਹਰੇ ਨਾਲ ਜਵਾਹਰ ਲਾਲ ਕਹਿ ਰਿਹਾ ਸੀ: "ਹਾਹ! ਮੈਂ ਇਕੱਲਾ ਹਾਂ। ਉੱਕਾ ਹੀ ਇਕੱਲਾ। ਭਾਵੇਂ ਮੇਰੇ ਚਾਰ-ਚੁਫੇਰੇ ਭੀੜ ਵੀ ਭੀੜ ਲੱਗੀ ਹੋਵੇ।"

ਜਦੋਂ ਸੁਬ੍ਹਾ ਜਾਗਿਆ ਤਾਂ ਮੇਰੇ ਮਨ ਨੂੰ ਚੈਨ ਮਿਲੀ। ਕਿਉਂਕਿ ਮੈਂ ਇਕੱਲਾ ਹੀ, ਇਕੱਲਾ ਨਹੀਂ ਸਾਂ ਦੁਨੀਆਂ ਵਿਚ।

੯

ਦੋ ਗੱਲਾਂ, ਆਮ ਕਰਕੇ, ਸਾਡੇ ਵਿਰੁੱਧ ਜਾਂਦੀਆਂ ਹਨ। ਸਥਾਨਕ ਹੋਣਾ, ਸਮਕਾਲੀ ਹੋਣਾ। ਨਿਰਸੰਦੇਹ, ਇਹ ਸਾਡੀ ਸਭ ਦੀ ਬਹੁਤ ਵੱਡੀ ਅਯੋਗਤਾ ਹੈ। ਪਰ ਅਸੀਂ ਇਹਨਾਂ ਦੋਹਾਂ ਤੋਂ ਹੀ ਕਿਵੇਂ ਵੀ ਬਚ ਸਕਦੇ ਨਹੀਂ। ਕਿਤੇ ਨਾ ਕਿਤੇ ਰਹਿਣ ਕਾਰਨ ਅਸੀਂ ਸਥਾਨਕ ਵੀ ਹੁੰਦੇ ਹਾਂ ਤੇ ਹਰ ਕਾਲ ਵਿਚ ਅਸੀਂ ਆਪਣੇ ਲੋਕਾਂ ਦੇ ਸਮਕਾਲੀ ਵੀ।

ਅੰਜੀਲ ਮੇਰੀ ਇਸ ਗੱਲ ਦੀ ਕਾਫ਼ੀ ਪੁਸ਼ਟੀ ਕਰਦੀ ਹੈ। ਅੰਜੀਲ ਦਾ ਇਕ ਕਥਨ ਹੈ: "ਪੈਗ਼ੰਬਰ ਦਾ ਆਪਣੇ ਦੇਸ ਤੋਂ ਬਿਨਾਂ ਕਿਤੇ ਨਿਰਾਦਰ ਨਹੀਂ ਹੁੰਦਾ।" ਗੱਲ ਭਾਵੇਂ ਅੰਜੀਲ ਨੇ ਪੈਗ਼ੰਬਰਾਂ ਬਾਰੇ ਹੀ ਕੀਤੀ ਹੈ, ਪਰ ਇਹ ਸਾਡੇ ਵਰਗਿਆਂ ਬਾਰੇ ਵੀ ਇਕ ਅਟੱਲ ਸਚਾਈ ਹੈ।

ਅਜਿਹਾ ਯੁੱਗ ਚਾਹੀਦਾ ਹੈ ਜਿਥੇ ਅਸੀਂ ਇਹਨਾਂ ਕਾਰਨ ਅਯੋਗਤਾ ਨਾ ਭੁਗਤੀਏ।

੧੦

ਰੇਸ਼ਮਾ ਦੇ ਗੀਤ ਮੈਨੂੰ ਬੜੇ ਹੀ ਚੰਗੇ ਲਗਦੇ ਹਨ। "ਚਾਰ ਦਿਨਾਂ ਦਾ ਪਿਆਰ ਓ ਰੱਬਾ—ਲੰਮੀ ਜੁਦਾਈ।" ਜਦ ਇਹ ਗੀਤ ਸੁਣਦਾ ਹਾਂ ਤਾਂ ਖ਼ੁਸ਼ ਵੀ ਬਹੁਤ ਹੁੰਦਾ ਹਾਂ, ਪਰ ਫੇਰ ਮੇਰੀਆਂ ਅੱਖਾਂ ਵਿਚੋਂ ਅੱਥਰੂ ਵਗਣ ਲੱਗ ਜਾਂਦੇ ਹਨ। ਮੈਨੂੰ ਆਪਣੀ ਵਿਧਵਾ ਧੀ ਦੀ ਯਾਦ ਆਉਣ ਲੱਗ ਜਾਂਦੀ ਹੈ ਜਿਸਨੂੰ ਉਸ ਦਾ ਜੀਵਨ ਸਾਥੀ—ਕੋਹਿਨੂਰ ਦੇ ਹੀਰੇ ਵਰਗਾ ਮੇਰਾ ਜਵਾਈ ਬਲਜੀਤ ਪੰਨੂੰ—ਭਰ ਜਵਾਨ ਉਮਰ ਵਿਚ ਛੱਡ ਕੇ ਚਲਾ ਗਿਆ ਹੈ। "ਚਾਰ ਦਿਨਾਂ ਦਾ ਪਿਆਰ ਓ ਰੱਬਾ—ਲੰਮੀ ਜੁਦਾਈ!" ਲੰਮੀ, ਲੰਮੇਰੀ, ਕਦੇ ਵੀ ਨਾ-ਮੁੱਕਣ ਵਾਲੀ।

੧੧

ਗਿਆਨ ਦਾ ਕੋਈ ਅੰਤ ਨਹੀਂ। ਇਹ 'ਅੰਤ ਨਾ ਪਾਰਾਵਾਰ' ਹੈ। ਸਾਡੇ ਇਕ ਮੁਹਾਵਰਾ ਹੈ: ਵਾਲ ਦੀ ਖੱਲ ਉਤਾਰਨਾ। ਜਿਹੜੇ ਲੋਕ ਤਪੱਸਵੀ ਹਨ, ਉਹ ਵਾਲ ਦੀ ਖੱਲ ਉਤਾਰਦੇ ਹਨ। ਹਰ ਵਾਲ ਦੇ ਅੰਦਰ ਵੀ ਇਕ ਦੁਨੀਆਂ ਵਸੀ ਹੁੰਦੀ ਹੈ। ਉਸ ਦੁਨੀਆਂ ਵਿਚ ਲੋਕ ਹਨ। ਉਹਨਾਂ ਲੋਕਾਂ ਦੇ ਪਿੰਡਿਆਂ ਉਤੇ ਫੇਰ ਅੱਗੇ ਵਾਲ ਹਨ।

੧੨

ਸਾਡੇ ਕਿਸੇ ਆਲੋਚਕ ਨੇ ਕਿਸੇ ਕਵੀ ਦੀ ਕਵਿਤਾ ਦੀ ਪ੍ਰਸੰਸ ਕਰਦਿਆਂ ਕਿਹਾ ਸੀ ਕਿ ਇਸ ਕਵੀ ਦੀ ਕਵਿਤਾ ਦਾ ਵੱਡਾ ਗੁਣ ਇਹ ਹੈ, ਇਹ "ਧੀਮੇ ਸੁਰ" ਦੀ ਕਵਿਤਾ ਹੈ। ਆਲੋਚਕ ਇਹ ਵਡੇਰਾ ਸੀ। ਉਸਤੋਂ ਮਗਰੋਂ ਸਭ ਆਲੋਚਕ ਇਹੀਓ ਆਖਣ ਲੱਗ ਪਏ ਕਿ ਚੰਗੀ ਕਵਿਤਾ ਉਹ ਹੀ ਹੈ



Sri Satguru Jagjit Singh Ji eLibrary NamdhariElibrary@gmail.com

ਜਿਸਦਾ ਸੁਰ ਧੀਮਾ ਹੋਵੇ। ਜਿਸਦਾ ਸੁਰ ਧੀਮਾ ਨਹੀਂ, ਉਹ ਕਵਿਤਾ ਨਹੀਂ, ਸ਼ੋਰ ਹੈ। ਭਾਵ ਉਹ ਪ੍ਰਚਾਰ ਹੈ ਤੇ ਉਸਦੀ ਪੱਧਰ ਨੀਵੀਂ ਹੈ। ਪ੍ਰਗਤੀਵਾਦੀ ਕਵਿਤਾ ਬਾਰੇ ਖ਼ਾਸਕਰ ਅਜਿਹਾ ਫ਼ਤਵਾ ਜਣਾ-ਖਣਾ ਦੇ ਦਿੰਦਾ ਹੈ। ਇਹ ਨੀਵੀਂ ਹੈ। ਇਹ ਗੱਲ, ਮੇਰੇ ਖ਼ਿਆਲ ਵਿਚ, ਉੱਕਾ ਹੀ ਨਿਰਮੂਲ ਹੈ। ਕਵਿਤਾ ਧੀਮੇ ਸੁਰ ਦੀ ਹੋਵੇ ਜਾਂ ਉੱਚੇ ਸੁਰ ਵਿਚ ਗਰਜਦੀ, ਇਹ ਫੈਸਲਾ ਕਵੀ ਨੇ ਨਹੀਂ, ਸਥਿਤੀ ਨੇ ਕਰਨਾ ਹੁੰਦਾ ਹੈ। ਜੇ ਸਥਿਤੀ ਧੀਮੇ ਸੁਰ ਵਿਚ ਗੱਲ ਕਰਨ ਵਾਲੀ ਹੈ ਤਾਂ ਕਵਿਤਾ ਦਾ ਸੁਰ ਆਪਣੇ ਆਪ ਹੀ ਧੀਮਾ ਰੂਪ ਲੈ ਲੈਂਦਾ ਹੈ। ਪਰ ਜੇ ਇਸਤੋਂ ਉਲਟ ਹੋਵੇ ਤਾਂ ਕਵਿਤਾ ਨੂੰ ਲਲਕਾਰਨਾ ਤੇ ਗਰਜਣਾ ਵੀ ਪੈਂਦਾ ਹੈ।

ਬਾਬਰ ਨੇ ਪੰਜਾਬ ਉਤੇ ਜਦੋਂ ਹਮਲਾ ਕੀਤਾ ਸੀ ਤਾਂ ਗੁਰੂ ਨਾਨਕ ਦੀ ਕਵਿਤਾ ਉਦੋਂ ਧੀਮੇ ਸੁਰ ਵਿਚ ਨਹੀਂ ਸੀ ਰਹੀ, ਸਗੋਂ ਉੱਚਾ ਸੁਰ ਅਪਣਾਉਂਦੀ ਗਰਜੀ ਅਤੇ ਦਹਾੜੀ ਸੀ—"ਪਾਪ ਕੀ ਜੰਞ ਲੈ ਕਾਬਲੋਂ ਧਾਇਆ ਜੋਰੀ ਮੰਗੇ ਦਾਨ ਵੇ ਲਾਲੋ।" "ਜਪੁਜੀ" ਵਿਚ ਗੁਰੂ ਨਾਨਕ ਨੇ ਰਾਜਿਆਂ ਨੂੰ "ਸ਼ੀਂਹ" ਅਤੇ ਮੁਕੱਦਮਾਂ ਨੂੰ "ਕੁੱਤੇ" ਕਿਹਾ।* ਇਸੇ ਤਰ੍ਹਾਂ ਸ੍ਰੀ ਗੁਰੂ ਗੋਬਿੰਦ ਸਿੰਘ ਦੀ "ਚੰਡੀ ਦੀ ਵਾਰ" ਗਰਜਦੀ, ਲਲਕਾਰਦੀ ਤੇ ਸ਼ੇਰਾਂ ਵਾਂਗ ਦਹਾੜਦੀ ਹੈ। ਕਬੀਰ ਜੀ ਮਿਸਾਲ ਹਨ ਜੋ ਕਵਿਤਾ ਨਾਲ ਬ੍ਰਾਹਮਣਵਾਦ ਦੇ ਪੜਛੇ ਹੀ ਲਾਹ ਰਹੇ ਹਨ। ਬੰਗਾਲੀ ਕਵੀ ਕਾਜ਼ੀ ਨਜ਼ਰੁਲਸਲਾਮ ਵੀ ਮਿਸਾਲ ਹਨ ਜਿਨ੍ਹਾਂ ਨੇ ਅੰਗਰੇਜ਼ੀ ਸਾਮਰਾਜ ਉਤੇ ਅੱਗ ਵਰ੍ਹਾਈ—ਆਪਣੀ ਕਵਿਤਾ ਦੇ ਅੱਗ ਦੇ ਅੰਗਿਆਰਾਂ ਵਰਗੇ ਲਫ਼ਜ਼ਾਂ ਨਾਲ। ਇਹ ਸਿਧਾਂਤ ਹੀ ਗ਼ਲਤ ਹੈ ਕਿ ਕਵਿਤਾ ਕੇਵਲ ਧੀਮੇ ਸੁਰ ਦੀ ਕੋਮਲ-ਕੋਮਲ ਹੀ ਹੁੰਦੀ ਹੈ ਜੋ ਮਨ ਬਹਿਲਾਵੇ ਲਈ ਹੀ ਹੈ। ਕਵਿਤਾ ਮਾਨਵ-ਜਾਤੀ ਦੇ ਕਲਿਆਣ ਲਈ ਯੁੱਧ ਲੜਦੀ ਹੈ। ਸਗੋਂ ਇਹ ਤਲਵਾਰ ਨਾਲੋਂ ਵੀ ਸ਼ਕਤੀਸ਼ਾਲੀ ਹਥਿਆਰ ਹੈ।

ਮੇਰੀ ਜਾਚੇ, ਕਵਿਤਾ ਨੂੰ ਅੱਜ ਦੁਰਗਾ ਵਾਂਗੂੰ, ਸ਼ੇਰ ਉਤੇ ਅਸਵਾਰੀ ਕਰਨੀ ਚਾਹੀਦੀ ਹੈ ਤੇ ਆਪਣੀ ਪੂਰੀ ਸ਼ਕਤੀ ਨਾਲ ਮਾਨਵ-ਦੋਖੀ ਦਾਨਵਾਂ ਦਾ ਨਾਸ਼ ਕਰਨਾ ਚਾਹੀਦਾ ਹੈ।

ਇਸੇ ਭਾਵ ਦੀ ਕਵਿਤਾ ਵੀ ਇਕ ਏਥੇ ਦਰਜ ਕਰਦਾ ਹਾਂ। ੧੯੮੭ ਵਿਚ ਮੈਂ ਇਸਦੀ ਰਚਨਾ ਕੀਤੀ ਸੀ। ਸਿਰਲੇਖ "ਕਵਿਤਾ" ਹੀ ਹੈ:

ਆਖਣ ਪੰਡਤ
ਮਹਾਂ ਗਿਆਨੀ
ਚੰਗੀ ਕਵਿਤਾ ਉਹੀਓ ਹੁੰਦੀ
ਜਿਹੜੀ ਬੋਲੇ ਹੌਲੀ ਹੌਲੀ
ਫੁੱਲਾਂ ਵਾਂਗੂੰ
ਕਲੀਆਂ ਵਾਂਗੂੰ
ਕੋਮਲ ਕੋਮਲ
ਧੀਮੀ ਧੀਮੀ
ਚੰਦਰਮਾ ਦੀਆਂ ਰਿਸ਼ਮਾਂ ਵਰਗੀ
ਮਧੁਰ ਮਧੁਰ ਜਿਹੀ ਵੀਣਾ ਵਰਗੀ
ਕਵਿਤਾ ਕੀ
ਜੇ ਉੱਚੀ ਬੋਲੇ?
ਕਵਿਤਾ ਕੀ
ਜੇ ਰੇਸ਼ਮ ਵਰਗੀ
ਕੂਲੀ ਕੂਲੀ ਨੀਂਦ ਨੂੰ ਤੋੜੇ?
ਕਵਿਤਾ ਸਾਨੂੰ
ਪੱਖੀਆਂ ਝੱਲੇ
ਕਵਿਤਾ ਸਾਨੂੰ
ਜਾਮ ਸੁਰਾਹੀਓਂ ਭਰ ਭਰ ਦੇਵੇ
ਲੋੜ ਪਵੇ ਤਾਂ ਸਾਡੇ ਅੱਗੇ
ਕਵਿਤਾ
ਨਾਚੀ ਬਣ ਬਣ ਨੱਚੇ
ਅਸੀਂ ਸ਼ਾਹਜ਼ਾਦੇ
ਕਵਿਤਾ ਦਾਸੀ
ਕਵਿਤਾ ਸਾਡਾ ਮਨ ਬਹਿਲਾਵੇ।

ਇਹ ਸੁਣ ਗਰਜੀ
ਬਾਬਰਵਾਣੀ
ਕਰੋਧਵਾਨ ਹੋਈ
ਵਾਰ ਚੰਡੀ ਦੀ
ਸੁਣ ਓ ਪੰਡਤ
ਸੁਣ ਓ ਗਿਆਨੀ!
ਸੁਣ ਓ ਹਉਮੈ ਵਿਚ ਗੜੁੱਚੇ!
ਮਹਾਂ ਅਭਿਮਾਨੀ!
ਬਾਬਰ ਆਵੇ

* ਜਪੁਜੀ ਵਿਚ ਨਹੀਂ, ਵਾਰ ਮਲਾਰ ਬਾਣੀ ਵਿਚ ਕਿਹਾ ਹੈ। —ਸੰਪਾਦਕ ਵਰਿਆਮ



Sri Satguru Jagjit Singh Ji eLibrary NamdhariElibrary@gmail.com

ਪਾਪ ਦੀਆਂ ਜੰਞਾਂ ਨੂੰ ਲੈ ਕੇ
ਕਵਿਤਾ ਉਸਨੂੰ
ਤੇ ਤੈਨੂੰ ਵੀ
ਪੱਖੀਆਂ ਝੱਲੇ ?
ਰਾਖਸ਼ ਤੇ ਮਹਿਖਾਸੁਰ
ਧਰਤੀ ਗਾਹੁੰਦੇ ਫਿਰਦੇ
ਕਵਿਤਾ
ਧੀਮੇ ਸੁਰ ਵਿਚ ਬੋਲੇ ?
ਜਿਥੇ ਧਰਤੀ
ਖ਼ੂਨ ਨਾਲ ਹੋ ਜਾਵੇ ਰੱਤੀ
ਕਵਿਤਾ ਉਥੇ
ਜਾਮ ਸੁਰਾਹੀਓਂ ਭਰ ਭਰ ਵੰਡੇ ?

ਸ਼ਰਮ ਕਰੋ
ਓ ਪੰਡਤ, ਗਿਆਨੀ !
ਸ਼ਰਮ ਕਰੋ
ਓ ਮਹਾਂ ਅਭਿਮਾਨੀ !
ਧਰਤੀ ਹੋਵੇ, ਛਾਰ ਚੁਫੇਰੇ, ਰੱਤੋ ਰੱਤੀ
ਕਵਿਤਾ ਬੋਲੇ
ਹੌਲੀ ਹੌਲੀ ?

ਕਵਿਤਾ ਵੀ ਅੱਜ
ਦੁਰਗਾ ਵਾਂਗੂੰ
ਸ਼ੇਰ ਦੀ ਪਿੱਠ ਉਤੇ ਬੈਠੇਗੀ।
ਕਵਿਤਾ ਵੀ ਅੱਜ
ਰੋਹਿਲੀ, ਬਿਫਰੀ
ਅਸ਼ਟ ਭੁਜਾਵਾਂ ਨਾਲ ਲੜੇਗੀ।
ਕਵਿਤਾ
ਕੂੜ ਦੀ ਕਾਇਆ ਉਤੇ
ਬਿਜਲੀ ਵਾਂਗੂੰ ਟੁੱਟ ਪਵੇਗੀ।
ਕਵਿਤਾ
ਕੂੜ ਦੇ ਫਲਸਫ਼ਿਆਂ ਨੂੰ
ਭਸਮ ਕਰੇਗੀ, ਭਸਮ ਕਰੇਗੀ।

ਕਵਿਤਾ ਵੀ ਅੱਜ
ਦੁਰਗਾ ਵਾਂਗੂੰ
ਸ਼ੇਰ ਦੀ ਪਿੱਠ ਉਤੇ ਬੈਠੇਗੀ।

੧੩

ਕਈ ਕਮਿਊਨਿਸਟ ਹਨ ਜੋ ਆਪਣੇ ਆਪ ਨੂੰ ਸਭ ਤੋਂ ਵਧ ਇਨਕਲਾਬੀ ਸਮਝਦੇ ਹਨ ; ਜਿਵੇਂ ਕਈ ਧਾਰਮਿਕ ਲੋਕ ਆਪਣੇ ਆਪ ਨੂੰ ਸਭ ਤੋਂ ਵਧ ਧਰਮੀ ਸਮਝਦੇ ਰਹਿੰਦੇ ਹਨ, ਪਰ ਇਹ ਉੱਕਾ ਗਲਤ ਹੈ। ਜਿਵੇਂ ਧਰਮ ਦਾ ਠੇਕੇਦਾਰ ਹੋਣਾ ਬੜਾ ਹੀ ਗਲਤ ਹੈ, ਉਸੇ ਤਰ੍ਹਾਂ ਇਨਕਲਾਬ ਦਾ ਠੇਕੇਦਾਰ ਹੋਣਾ ਵੀ। ਅਸਲ ਵਿਚ, ਇਹ ਦੋਵੇਂ ਵਿਚੋਂ ਬੜੇ ਹੀ ਕੱਚੇ ਹੁੰਦੇ ਹਨ।

੧੪

ਵੰਨ-ਸੁਵੰਨੀਆਂ ਕਲਪਣਾਵਾਂ ਸਵਰਗ ਦੀਆਂ ਕੀਤੀਆਂ ਗਈਆਂ ਹਨ ਤੇ ਚਿੱਤਰਕਾਰਾਂ ਨੇ ਵੰਨ-ਸੁਵੰਨੇ ਚਿੱਤਰ ਵਾਹੇ ਹੋਏ ਹਨ। ਪਰ ਮੇਰਾ ਅਨੁਭਵ ਇਹ ਹੈ ਬੰਦਾ ਕੰਮਾਂ ਨਾਲ ਲੱਦਿਆ ਹੋਵੇ ਤੇ ਕੰਮ ਲਈ ਦਿਲ ਕਰਦਾ ਹੋਵੇ। 'ਕੰਮ ਲਈ ਦਿਲ ਕਰਨ' ਨਾਲੋਂ ਵੱਡਾ ਹੋਰ ਕੋਈ ਸਵਰਗ ਨਹੀਂ।

੧੫

ਹਰ ਬੰਦੇ ਦੀ ਕੋਈ ਨਾ ਕੋਈ ਵੱਡੀ ਇੱਛਾ ਹੁੰਦੀ ਹੈ। ਮੇਰੀ ਇੱਛਾ ਇਹ ਹੈ—ਮੈਂ ਧਰਤੀ ਉਤੇ ਭੁੰਜੇ ਬੈਠਾ ਹੋਵਾਂ, ਤੇ ਰਚਨਾ ਮੇਰੀ ਆਕਾਸ਼ ਨੂੰ ਛੋਹੇ।

(('ਬ੍ਰਿਹਸਪਤੀ' ਸਵੰਜੀਵਨੀ 'ਚੋਂ ਧੰਨਵਾਦ ਸਹਿਤ)

---

ਓ ਮਨੁੱਖ ਵੀਰਾ ! ਆਪਣੇ ਭਰਾਵਾਂ ਵੀਰਾਂ ਨੂੰ ਦਿਲ ਨਾਲ ਲਾ ਲੈ। ਜਿਥੇ ਤਰਸ ਰਹਿਮ ਹੈ, ਉਥੇ ਈਸ਼ਵਰੀ-ਸ਼ਾਂਤੀ ਦਾ ਵਾਸ ਹੈ।

—ਵਿਟੀਅਰ, 'ਵਰਸ਼ਿਪ ਰਚਨਾਵਲੀ'

### ਤਰਕ

ਜੇਕਰ ਤੁਸੀਂ ਸਾਰੀਆਂ ਚੀਜ਼ਾਂ ਨੂੰ ਆਪਣੇ ਅਧੀਨ ਕਰਨਾ ਚਾਹੁੰਦੇ ਹੋ ਤਾਂ ਆਪਣੇ ਆਪ ਨੂੰ ਦਲੀਲ ਦੇ ਹਵਾਲੇ ਕਰ ਦਿਓ।

—ਸੈਨੇਕਾ

ਤੋਪਾਂ ਦੇ ਗੋਲੇ ਵੀ ਸ਼ਾਇਦ ਸੱਚਾਈ ਦੀ ਮਦਦ ਕਰ ਸਕਦੇ ਹੋਣ, ਪਰ ਤਰਕ ਇਹਨਾਂ ਨਾਲੋਂ ਵੀ ਤਕੜਾ ਹਥਿਆਰ ਹੈ।

—ਮੈਕੇ ਚਾਲਸ



Sri Satguru Jagjit Singh Ji eLibrary NamdhariElibrary@gmail.com

GOLD MEDAL WINNER
(1982-1983)

# JAYSON®

ELECTRIC MOTORS

FOR Agriculture, Domestic and Industrial Uses

EXHAUST FANS
9",12",15",18",24"
Our Range includes
ELECTRIC MOTORS
From 1/4 to 3 H.P. Single Phase and 1/12 H.P to 30 H.P. 3 Phase
Mono Block & Jet Pumps
1/2 H.P., 1 H.P., 2 H.P., 3 H.P.
Electric Motors can also be made according to Customer's Specifications




ONE YEAR GUARANTEE AGAINST ALL MANUFACTURING DEFECTS

Manufactured by.
**Jayson Electric Co. (Regd.)**
WH-2, Phase-1, Sat Guru Ram Singh Marg.
Maya Puri Indl. Area, New Delhi-110064
Phones: 594536,532536 Resi.501634

ਵਰਿਆਮ ਲਈ ਸ਼ੁਭ ਇਛਾਵਾਂ :

ਸ. ਅਜੀਤ ਸਿੰਘ ਨਾਮਧਾਰੀ

# ਨਾਮਧਾਰੀ ਬ੍ਰਦਰਜ਼

## ਡਾਲਟਨਗੰਜ (ਬਿਹਾਰ)

# Namdhari Brothers

## DALTON GANJ

**(Bihar)**

Prop. :
**S. AJIT SINGH NAMDHARI**

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

Turn Turn : 220010

**Makhan Singh Saggu**

# TECHNO INDUSTRIES

## ਟੈਕਨੋ ਇੰਡਸਟਰੀਜ਼

Manufacturers, Fabricators & Exporters

Industrial Chain Sprockets & Sugar Mill Spares All Types of Graded Casting & Machinery Parts

**E.D. 311, Old Railway Road, JALANDHAR-144001.**



Sri Satguru Jagjit Singh Ji eLibrary NamdhariElibrary@gmail.com

# ਸਤਿਗੁਰੂ ਨਾਨਕ ਦੇਵ ਜੀ ਦੀ ਬਾਣੀ

# 'ਓਅੰਕਾਰ' ਦਾ ਸਿੱਖਿਆ ਸਿਧਾਂਤ

—ਤਾਰਾ ਸਿੰਘ ਅਨਜਾਣ

ਸਤਿਗੁਰੂ ਨਾਨਕ ਦੇਵ ਜੀ ਪੰਦ੍ਰਵੀਂ-ਸੋਲ੍ਹਵੀਂ ਸ਼ਤਾਬਦੀ ਵਿਚ ਮਹਾਨ ਸਤਿਗੁਰੂ, ਚਿੰਤਕ, ਸਾਧਕ, ਬਾਣੀਕਾਰ, ਸਮਾਜ ਸੁਧਾਰਕ, ਵਿਦਵਾਨ ਤੇ ਤੀਰਥ-ਯਾਤਰੀ ਹੋਏ ਹਨ। ਉਹ ਉਸ ਸਮੇਂ ਦੇ ਹਿੰਦੂ-ਮੁਸਲਿਮ ਤੀਰਥਾਂ ਉਤੇ ਗਏ ; ਉਹਨਾਂ ਥਾਵਾਂ ਦੇ ਸ਼ਰਧਾਲੂਆਂ, ਸਾਧਕਾਂ ਤੇ ਵਿਦਵਾਨਾਂ ਨੂੰ ਮਿਲੇ, ਉਹਨਾਂ ਨਾਲ ਗਿਆਨ ਚਰਚਾ ਕੀਤੀ ਅਤੇ ਆਪਣੇ ਅਧਿਐਨ ਨੂੰ ਗੁਰਬਾਣੀ ਵਿਚ ਪੇਸ਼ ਕੀਤਾ।

ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਅਨੁਸਾਰ, ਸਤਿਗੁਰੂ ਨਾਨਕ ਦੇਵ ਜੀ, ਭਗਵਾਨ ਰਾਮ ਚੰਦਰ ਦੀ ਵੰਸ ਵਿਚ, ਵੇਦ ਪਾਠੀ ਅੰਮ੍ਰਿਤ ਰਾਏ ਜੀ ਦੀ ਕੁਲ ਵਿਚ ਪ੍ਰਗਟ ਹੋਏ। ਉਹਨਾਂ ਨੂੰ ਭਾਰਤ ਦੀ ਵੈਦਿਕ ਪ੍ਰੰਪਰਾ ਦਾ ਲਾਸਾਨੀ ਗਿਆਨ ਸੀ। ਉਹਨਾਂ ਦੀ ਬਾਣੀ ਅਤੇ ਹੋਰ ਸਹਿਗੁਰੂ ਸਾਹਿਬਾਨ, ਸੰਤਾਂ, ਭਗਤਾਂ, ਸੂਫ਼ੀ ਫਕੀਰਾਂ, ਭੱਟਾਂ ਆਦਿ ਦੀ ਬਾਣੀ ਨੂੰ ਪੰਜਵੇਂ ਪਾਤਸ਼ਾਹ ਸਤਿਗੁਰੂ ਅਰਜਨ ਦੇਵ ਜੀ ਨੇ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਇਕੱਤਰ ਕੀਤਾ। ਇਸ ਗ੍ਰੰਥ ਵਿਚ ਲਗਭਗ ਸਾਰੇ ਭਾਰਤ ਦੇ ਮੁੱਖ ਸਾਧਕਾਂ ਦੀਆਂ ਰਚਨਾਵਾਂ ਦੇ ਅੰਸ਼ ਜਾਂ ਉਹਨਾਂ ਦੇ ਅਧਿਆਤਮਕ ਅਧਿਐਨ ਨੂੰ ਪੇਸ਼ ਕੀਤਾ ਗਿਆ ਹੈ। ਸਤਿਗੁਰੂ ਨਾਨਕ ਦੇਵ ਜੀ ਦੀਆਂ ਛੋਟੀਆਂ ਬਾਣੀਆਂ ਦੋਹੇ, ਸਲੋਕ, ਸਬਦਾਂ ਦੇ ਰੂਪ ਵਿਚ ਹਨ। ਉਹਨਾਂ ਦੀਆਂ ਕੁਝ ਦਾਰਸ਼ਨਿਕ, ਲੰਮੀਆਂ ਬਾਣੀਆਂ ਜਪੁਜੀ, ਸਿਧ ਗੋਸ਼ਟ, ਵਾਰਾਂ, ਪਟੀ ਅਤੇ ਓਅੰਕਾਰ ਹਨ।

ਓਅੰਕਾਰ ਸਿੱਖਿਆ ਨਾਲ ਜੁੜੀ ਹੋਈ ਬਾਣੀ ਹੈ। ਇਸ ਵਿਚ ਸਮੇਂ ਅਨੁਸਾਰ ਕੇਹੋ ਜਹੀ ਸਿੱਖਿਆ ਹੋਵੇ ਬਾਰੇ ਅਧਿਐਨ ਪੇਸ਼ ਕੀਤਾ ਗਿਆ ਹੈ। ਇਹ ਬਾਣੀ ਅਧਿਆਪਕ ਲਈ ਹੈ। ਉਸ ਨੂੰ ਹੀ ਸੰਬੋਧਨ ਕਰਕੇ ਲਿਖੀ ਗਈ ਹੈ। ਇਸ ਅਨੁਸਾਰ ਗੁਰੂ, ਪਾਧਾ ਜਾਂ ਪੰਡਤ ਹੀ ਅਧਿਆਪਕ ਹੈ।

ਅਧਿਆਪਕ ਦਾ ਅਧਿਐਨ ਕੈਸਾ ਹੋਣਾ ਚਾਹੀਦਾ ਹੈ, ਕਿਹੋ ਜਿਹਾ ਚਰਿੱਤਰਵਾਨ ਅਧਿਆਪਕ ਹੋਣਾ ਚਾਹੀਦਾ ਹੈ? ਕਿਸ ਤਰ੍ਹਾਂ ਦਾ ਗਿਆਨ ਉਸਨੂੰ ਹੋਣਾ ਚਾਹੀਦਾ ਹੈ? ਆਦਿ ਬਾਰੇ ਇਸ ਬਾਣੀ ਵਿਚ ਦਿੱਤਾ ਗਿਆ ਹੈ। ਬਾਣੀ ਦਾ ਬੌਧਿਕ ਪੱਧਰ ਬਹੁਤ ਉੱਚਾ ਹੈ। ਇਸ ਦਾ ਅਧਿਐਨ ਅਧਿਆਪਕ ਦੇ ਸਦਾਚਾਰਕ ਪੱਖ ਨੂੰ ਪੇਸ਼ ਕਰਦਾ ਹੈ. ਉਸ ਦੀਆਂ ਮਾਨਸਿਕ ਕਮੀਆਂ-ਕਮਜ਼ੋਰੀਆਂ ਦਾ ਵਰਨਣ ਕਰਦਾ ਹੈ ਅਤੇ ਉਸ ਨੂੰ ਲੋਭ, ਲਾਲਚ ਤੇ ਚਾਪਲੂਸੀ ਤੋਂ ਦੂਰ ਰਹਿਣ ਲਈ ਪ੍ਰੇਰਨਾ ਦੇਂਦਾ ਹੈ। ਸਿੱਖਿਆ ਨੂੰ ਵਪਾਰ-ਧੰਦੇ ਤੋਂ ਉਪਰ ਉਠ ਕੇ ਸੁਣਨ, ਸਮਝਣ, ਗ੍ਰਹਿਣ ਕਰਨ ਅਤੇ ਆਪਣੇ ਵਿਦਿਆਰਥੀਆਂ ਵਿਚ ਉਸਨੂੰ ਪ੍ਰਚਲਿਤ ਕਰਨ ਵਿਚ ਆਪਣੇ ਕਾਰਜ ਦੀ ਸਿਧੀ ਸਮਝਦਾ ਹੈ।

ਓਅੰਕਾਰ ਬਾਣੀ ਵਿਚ ਅਧਿਆਪਕ ਨੂੰ ਪਾਧਾ ਜਾਂ ਪੰਡਤ ਕਿਹਾ ਗਿਆ ਹੈ। ਵਿਦਿਆਰਥੀ ਨੂੰ ਚਾਟੜਾ ਕਿਹਾ ਗਿਆ ਹੈ। ਉਸ ਸਮੇਂ ਅਧਿਆਪਕ ਦਾ ਕਿਰਦਾਰ ਕਿਹੋ ਜਿਹਾ ਸੀ ਸੰਬੰਧੀ ਸਤਿਗੁਰੂ ਜੀ ਸਿਰੀ ਰਾਗ ਵਿਚ ਲਿਖਦੇ ਹਨ :

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਪਾਰੁ ॥

ਦੂਜੇ ਨੂੰ ਸਿੱਖਿਆ ਦੇਣ ਵਾਲੇ, ਖ਼ੁਦ ਮਾਇਆ ਵਿਚ ਲਿਪਤ ਰਹਿਣ ਵਾਲੇ ਅਧਿਆਪਕ ਦੇ ਅਧਿਐਨ ਉੱਤੇ, ਕਥਨੀ, ਕਰਨੀ ਦੇ ਅੰਤਰ ਦਾ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। ਲਾਲਚੀ ਤੇ ਹੰਕਾਰੀ ਵਿਦਵਾਨ ਨੂੰ ਸਤਿਗੁਰੂ ਜੀ ਸਮਝਦਾਰ ਨਹੀਂ ਕਹਿੰਦੇ ਸਗੋਂ :

ਪੜਿਆ ਮੂਰਖੁ ਆਖੀਐ ਜਿਸੁ ਲਬੁ ਲੋਭੁ ਅਹੰਕਾਰਾ ॥

ਇਹਨਾਂ ਗੱਲਾਂ ਤੋਂ ਉੱਚਾ ਉੱਠਣ ਲਈ ਸਤਿਗੁਰੂ ਨਾਨਕ ਦੇਵ ਜੀ ਨੇ ਓਅੰਕਾਰ ਨਾਂ ਦੀ ਬਾਣੀ ਦੀ ਰਚਨਾ ਕੀਤੀ। ਇਹ ਬਾਣੀ ਰਾਗ ਰਾਮਕਲੀ ਦੱਖਣੀ ਵਿਚ ਹੈ। ਵਿਦਵਾਨਾਂ ਦਾ ਕਥਨ ਹੈ ਕਿ ਸਤਿਗੁਰੂ ਜੀ ਨੇ ਇਹ ਬਾਣੀ, ਨਰਮਦਾ ਨਦੀ ਕੰਢੇ ਓਅੰਕਾਰ ਮੰਦਰ ਵਿਚ ਉਚਾਰੀ।

ਸਤਿਗੁਰੂ ਜੀ, ਪਹਿਲੀ ਉਦਾਸੀ ਸਮੇਂ ਸੰਗਲਾ ਦੀਪ ਤੋਂ ਵਾਪਸ ਆਉਂਦੇ ਹੋਏ ਦੁਆਰਕਾ ਪਹੁੰਚੇ। ਉਥੋਂ ਨਰਮਦਾ ਨਦੀ ਦੇ ਕੰਢੇ ਕੰਢੇ ਓਅੰਕਾਰ ਮੰਦਰ ਵਿਚ ਦਾਖ਼ਲ ਹੋਏ। ਉਹਨਾਂ ਵੇਖਿਆ ਕਿ ਲੋਕ ਸ਼ਿਵ ਦੀ ਮੂਰਤੀ ਨੂੰ ਓਅੰਕਾਰ ਸਮਝ ਕੇ ਪੂਜ ਰਹੇ ਹਨ। ਮੰਦਰ ਨਾਲ ਜੁੜੀ ਪਾਠਸ਼ਾਲਾ ਵਿਚ ਵਿਦਿਆਰਥੀ ਓਮ ਨਮੋ ਸ਼ਿਵਾ ਲਿਖ ਕੇ, ਲਿਖਣ ਕਾਰਜ ਆਰੰਭ ਕਰਦੇ ਹਨ। ਉਹਨਾਂ ਦੇ ਧਿਆਨ ਵਿਚ ਵੀ ਓਮ ਸ਼ਿਵ ਦੀ ਮੂਰਤ ਹੀ ਹੈ।

ਸਤਿਗੁਰੂ ਜੀ ਨੇ ਓਅੰਕਾਰ ਬਾਣੀ ਵਿਚ, ਪਹਿਲੇ ਪਦ ਵਿਚ ਓਅੰਕਾਰ ਦੇ ਅਰਥਾਂ ਨੂੰ ਵਿਸਤ੍ਰਿਤ ਰੂਪ ਵਿਚ



Sri Satguru Jagjit Singh Ji eLibrary NamdhariElibrary@gmail.com

ਪੇਸ਼ ਕੀਤਾ ਹੈ। ਆਪ ਜੀ ਦਾ ਓਅੰਕਾਰ ਉਹ ਸ਼ਕਤੀ ਹੈ ਜਿਸ ਤੋਂ ਭਗਵਾਨ ਬ੍ਰਹਮਾ ਜੀ ਉਤਪੰਨ ਹੋਏ ਅਤੇ ਉਹਨਾਂ ਦੇ ਚਿੱਤ ਵਿਚ ਆਉਣ ਨਾਲ ਪਰਬਤ-ਜੁਗ-ਵੇਦ ਆਦਿ ਦਾ ਨਿਰਮਾਣ ਹੋਇਆ। ਸਤਿਗੁਰੂ ਨਾਨਕ ਦੇਵ ਜੀ ਦਾ ਓਅੰਕਾਰ ਸ਼ਬਦ ਹੈ, ਬ੍ਰਹਮ ਹੈ। ਓਹੀ ਬ੍ਰਹਮ ਜੋ ਗੀਤਾ ਅਨੁਸਾਰ ਇਕੋ ਈਸ਼ਵਰ ਹੈ। ਓਹੀ ਬ੍ਰਹਮ ਜੋ ਮਾਂਡੂਕ ਉਪਨਿਸ਼ਦ ਅਨੁਸਾਰ ਭੂਤ, ਵਰਤਮਾਨ ਤੇ ਭਵਿੱਖਤ ਵਿਚ ਤ੍ਰਿਕਾਲਦਰਸੀ ਹੈ। ਉਸ ਤੋਂ ਅਗੇ ਪਾਰਬ੍ਰਹਮ ਅਭਿਨਵ ਤੱਤ ਹੈ। ਵੈਦਿਕ ਦਰਸ਼ਨ ਵਾਂਗ ਧਰਮ ਸ਼ਾਸਤਰ, ਪੁਰਾਣ ਅਤੇ ਆਗਮ ਸਾਹਿਤ ਹੈ। ਓਮ ਦੀ ਮਹਿਮਾ ਸਭ ਪਾਸੇ ਹੈ। ਬੁੱਧ ਤੇ ਜੈਨ ਸੰਪਰਦਾਵਾਂ ਵਿਚ ਵੀ ਇਸ ਦੀ ਮਹਿਮਾ ਹੈ।

ਆਤਮਾ ਅੱਖਰ ਦੇ ਨਜ਼ਰੀਏ ਤੋਂ ਓਅੰਕਾਰ ਹੈ ਅਤੇ ਮਾਤਰਾ ਪੱਖੋਂ ਅ, ਓ, ਮ ਰੂਪ। ਇਹਨਾਂ ਤਿੰਨਾਂ ਪਦਾਂ ਤੋਂ ਅਗੇ ਚੌਥੇ ਪਦ ਵਿਚ ਮਾਤਰਾ ਨਹੀਂ ਹੈ। ਓਮ ਵਿਚ 'ਅ' ਬ੍ਰਹਮ ਵਾਚਕ ਹਿਰਦੇ ਤੋਂ ਤਿਆਗ 'ਓ' ਵਿਸ਼ਨੂੰ ਵਾਚਕ ਕੰਠ ਤੋਂ ਤਿਆਗ ਅਤੇ ਮਾ ਰੁਦਰ ਤਾਲੂ ਮੱਧ ਤੋਂ ਤਿਆਗ, ਬ੍ਰਹਮਾ, ਵਿਸ਼ਨੂੰ, ਮਹੇਸ਼ ਤਿੰਨ ਕਾਰਨ ਦੇਵਤਾ ਹਨ।

ਇਹ ਅਕਾਰ, ਉਕਾਰ, ਮਕਾਰ ਦੁਆਰ ਭੀ ਸਮਝੇ ਜਾ ਸਕਦੇ ਹਨ। ਅਕਾਰ ਵਿਰਾਟ ਈਸ਼ਵਰ ਵਿਸ਼ਵਜੀਤ ਦਾ ਸਥੂਲ ਸ਼ਰੀਰ ਅਤੇ ਜਾਗ੍ਰਿਤ ਅਵਸਥਾ ਦੇ ਸੁਆਮੀ ਜੀਵ ਦਾ ਨਾਂ ਹੈ। ਜੀਵ ਦਾ ਸਰੀਰ ਪਿੰਡ ਹੈ, ਪਿੰਡਾਂ ਦਾ ਸਮੁਦਾਏ ਬ੍ਰਹਿਮੰਡ ਹੈ। ਬ੍ਰਹਿਮੰਡ ਦਾ ਸੁਆਮੀ ਈਸ਼ਵਰ ਹੈ, ਇਹ ਸਤੋਗੁਣੀ ਹੈ।

ਉਕਾਰ ਪੰਜ ਇੰਦਰੀਆਂ, ਪੰਜ ਕਰਮ ਇੰਦਰੀਆਂ, ਪੰਜ ਪ੍ਰਾਣ ਮਨ, ਬੁਧੀ ਕੁਲ ੧੭ ਤੱਤਾਂ ਦਾ ਸੂਖਮ ਸਰੀਰ ਹੈ। ਇਹ ਸਪਨ ਅਵਸਥਾ ਹੈ। ਜਾਗ੍ਰਿਤ ਕਾਲ ਵਿਚ ਜਿਨ੍ਹਾਂ ਵਾਸਨਾਵਾਂ ਦਾ ਅਨੁਭਵ ਹੁੰਦਾ ਹੈ। ਸੁਪਨ ਅਵਸਥਾ ਵਿਚ ਇੰਦਰੀਆਂ ਨੂੰ ਉਹਨਾਂ ਦਾ ਭਾਨ ਹੁੰਦਾ ਹੈ। ਇਹ ਰਜੋਗੁਣੀ ਹੈ।

ਮਕਾਰ, ਸੁਸੁਪਤੀ ਅਵਸਥਾ ਦਾ ਸੁਆਮੀ ਹੈ। ਅਵਸਥਾਵਾਂ ਦੇ ਵਾਚਕ ਵਿਚ ਇਹ ਤਮਸ ਹੈ ਅਤੇ ਓਸੇ ਗੁਣ, ਤਮੋ ਗੁਣ ਦਾ ਧਾਰਨੀ ਹੈ।

ਸਤਿਗੁਰ ਜੀ ਨੇ ਓਅੰਕਾਰ ਨੂੰ ਓਨਮ ਭੀ ਲਿਖਿਆ ਹੈ। ਓਨਮ ਓਮ ਹੈ। ਉਹ ਆਪਣੀ ਇਸ ਬਾਣੀ ਵਿਚ ਸਿੱਖਿਆ ਦੇਣ ਸਮੇਂ ਪਾਂਧੇ ਨੂੰ ਸੰਬੋਧਨ ਹੁੰਦੇ ਹਨ ਕਿ ਪਹਿਲਾਂ ਤੂੰ:

ਓਨਮ ਅਖਰੁ ਸੁਣਹੁ ਵਿਚਾਰੁ ॥

ਇਹ ਵੀ ਕੇਵਲ ਸੁਣਨ ਤਕ ਸੀਮਿਤ ਨਹੀਂ ਇਸ ਉਤੇ ਵਿਚਾਰ ਵੀ ਕਰਨੀ ਹੈ। ਕਿਉਂਕਿ ਜਿਹੜਾ ਵਿਚਾਰ ਕੇ ਸੁਣਿਆ, ਸਮਝਿਆ ਜਾਏ ਅਤੇ ਜਿਸ ਦਾ ਅਨੁਕਰਨ ਕੀਤਾ ਜਾਏ, ਉਹ ਸੱਚੀ ਸਿੱਖਿਆ ਬਣਦੀ ਹੈ। ਉਸ ਸਮੇਂ ਦੇ ਅਧਿਆਪਕ ਸਿੱਖਿਆ ਪੜ੍ਹ ਕੇ ਵਾਦ-ਵਿਵਾਦ ਹੀ ਕਰਦੇ ਸਨ, ਸੋ ਸਤਿਗੁਰੂ ਜੀ ਲਿਖਦੇ ਹਨ:

ਪੜਿ ਪੜਿ ਪੰਡਿਤ ਬਾਦੁ ਵਖਾਣੈ ॥
ਭੀਤਰਿ ਹੋਦੀ ਵਸਤੁ ਨ ਜਾਣੈ ॥ (ਰਾਗ ਗਉੜੀ)

ਅਤੇ

ਪੰਡਿਤ ਵਾਚਹਿ ਪੋਥੀਆ ਨਾ ਬੂਝਹਿ ਵੀਚਾਰੁ ॥
ਅਨ ਕਉ ਮਤੀ ਦੇ ਚਲਹਿ ਮਾਇਆ ਕਾ ਵਾਪਾਰੁ ॥
(ਸਿਰੀ ਰਾਗ)

ਪੰਡਿਤ ਦੂਜੇ ਨੂੰ ਸਿੱਖਿਆ ਦੇਂਦਾ ਅਤੇ ਖੁਦ ਮਾਇਆ ਦੇ ਕੰਮ ਵਿਚ ਲਗਾ ਹੋਇਆ ਵੇਖ ਕੇ ਹੀ ਸਤਿਗੁਰੂ ਜੀ ਉਸ ਨੂੰ ਸਾਵਧਾਨ ਕਰਦੇ ਹੋਏ ਲਿਖਦੇ ਹਨ:

ਸੁਣਿ ਪਾਂਡੇ ਕਿਆ ਲਿਖਹੁ ਜੰਜਾਲਾ ॥
ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥

ਏਥੇ ਸਤਿਗੁਰੂ ਜੀ ਦੇ ਸਿੱਖਿਆ ਸਿਧਾਂਤ ਦਾ ਵਿਚਾਰਨਯੋਗ ਨੁਕਤਾ ਹੈ ਕਿ ਪੰਡਤ ਜੋ ਕੁਛ ਲਿਖ ਰਿਹਾ ਹੈ, ਉਸ ਨੂੰ ਜੰਜਾਲ ਕਿਹਾ ਗਿਆ ਹੈ। ਉਸ ਦੀ ਥਾਂ ਉਤੇ ਗੁਰੂ ਦੀ ਕਿਰਪਾ ਨਾਲ ਰਾਮ ਨਾਮ ਲਿਖਣਾ ਹੈ।

ਇਸ ਤੋਂ ਪਹਿਲਾਂ ਕਿ ਉਕਤ ਅਧਾਰ ਉਤੇ ਸੰਬੰਧਿਤ ਬਾਣੀ ਬਾਰੇ ਚਰਚਾ ਕੀਤੀ ਜਾਏ, ਆਪ ਜੀ ਦੀ ਰਚਨਾ ਵਿਧੀ ਨੂੰ ਵਿਚਾਰਨਾ ਵੀ ਉਚਿਤ ਹੋਵੇਗਾ।

ਓਅੰਕਾਰ ਵਰਣਮਾਲਾ ਦੀ ਤਰਤੀਬ ਨਾਲ ਲਿਖੀ ਹੋਈ ਬਾਣੀ ਹੈ। ਇਸ ਵਿਚ ੫੪ ਪਦ ਹਨ।

ਓਅੰਕਾਰਿ ਬ੍ਰਹਮਾ ਉਤਪਤਿ ॥
ਓਅੰਕਾਰੁ ਕੀਆ ਜਿਨਿ ਚਿਤਿ ॥

ਨਾਲ ਇਸ ਬਾਣੀ ਦਾ ਆਰੰਭ ਹੋਂਦਾ ਹੈ। ਇਸ ਨੂੰ ਲਿਖਣ ਵਿਚ ਅੱਖਰ ਕਰਮ ਨਾਲ ਪਹਿਲਾਂ ਸਿੱਧਮ ਸਬਦ ਬਣਦਾ ਹੈ ਇਹ ਦੂਜੇ, ਤੀਜੇ ਤੇ ਚੌਥੇ ਪਦ ਦੇ ਪਹਿਲੇ ਪਹਿਲੇ ਦਿਤੇ ਅੱਖਰਾਂ ਨੂੰ ਮਿਲਾ ਕੇ ਬਣਦਾ ਹੈ ਅਤੇ ਓਮ ਸਿੱਧਮ ਇਸ ਦੀ



Sri Satguru Jagjit Singh Ji eLibrary NamdhariElibrary@gmail.com

ਸ਼ੁਰੂਆਤ ਹੈ। ਜਾਂ ਇਹ ਆਖਿਆ ਜਾਏ ਕਿ ਈਸ਼ਵਰ ਬੰਦਨਾ ਵਾਕ ਹੈ, ਜਿਹੜੀ ਸਾਡੀ ਪਰੰਪਰਾ ਵਿਚ ਰਹੀ ਹੈ। ਪਹਿਲਾਂ ਲਿਖਣ ਕਾਰਜ ਤਖ਼ਤੀ ਉਤੇ ਲਿਖਣ ਨਾਲ ਸ਼ੁਰੂ ਹੁੰਦਾ ਸੀ। ਸੋ ਫੱਟੀ (ਤਖ਼ਤੀ) ਉਤੇ ਪਹਿਲਾਂ ਓਮ ਸਿਧੰ ਲਿਖਿਆ ਜਾਂਦਾ ਸੀ, ਪਰ ਸਤਿਗੁਰੂ ਨਾਨਕ ਦੇਵ ਜੀ ਦਾ

—ਸਸੈ ਸਭੁ ਜਗੁ ਸਹਜ ਉਪਾਇਆ ॥

—ਧਧੈ ਧਰਮੁ ਧਰੇ ਧਰਮਾ ਪੁਰਿ ॥

ਅਤੇ 'ਗਿਆਨ ਗਵਾਇਆ ਦੂਜਾ' ਭਾਇਆ ਸਿਧੰ ਦਾ ਪ੍ਰਤੀਕ ਬਣਨ ਨਾਲ ਸਿੱਖਿਆ ਦਾ ਮੁੱਢ ਵੀ ਹੈ। ਇਸ ਤੋਂ ਹੀ ਦਿਸ਼ਾ ਨਿਰਦੇਸ਼ ਮਿਲਣਾ ਸ਼ੁਰੂ ਹੋ ਜਾਂਦਾ ਹੈ ਕਿ ਤ੍ਰਿਲੋਕ ਵਿਚ ਇਕ ਹੀ ਜੋਤ ਹੈ। ਪੜ੍ਹਨ ਤੇ ਗਿਆਨ ਪ੍ਰਾਪਤ ਕਰਨ ਨਾਲ ਇਹ ਸਮਝ ਆਉਂਦੀ ਹੈ ਕਿ ਉਸ ਜੋਤ ਬਿਨਾਂ ਸਮਸਤ ਵਿਸ਼ਵ ਕੱਚਾ ਹੈ, ਝੂਠਾ ਹੈ, ਨਸ਼ਵਰ ਹੈ ਅਤੇ ਉਸ ਨੂੰ ਜਾਣਨ ਨਾਲ ਮਨ ਨੂੰ ਧੀਰਜ ਮਿਲਦਾ ਹੈ, ਮਨੂਰ ਕੰਚਨ ਹੋ ਜਾਂਦਾ ਹੈ, ਪਰ ਉਸ ਨੂੰ ਪੂਰੀ ਤਰ੍ਹਾਂ ਜਾਣ ਸਕਣਾ ਅਸੰਭਵ ਹੈ। ਆਪਣੀ ਲੀਲ੍ਹਾ ਦੀ ਗਹਿਰਾਈ ਜਾਂ ਉਚਾਈ ਜਾਂ ਗਤਿ ਮਿਤਿ ਨੂੰ ਉਹ ਆਪ ਹੀ ਜਾਣਦਾ ਹੈ ਜਾਂ ਉਸ ਦਾ ਧਿਆਨ ਕਰਨ ਵਾਲਾ ਗੁਰੂ। ਗੁਰੂ ਤੋਂ ਬਿਨਾਂ ਅਤੇ ਹੋਰ ਗੱਲਾਂ ਕਰਨ ਵਾਲਾ ਹੰਕਾਰ ਕਰਨ ਵਾਲਾ ਵਿਅਕਤੀ ਦੂਈ ਭਾਵਨਾ ਵਾਲਾ ਹੈ। ਉਹ ਵਿਸ਼ ਖਾ ਰਿਹਾ ਹੈ। ਦੂਜੇ ਪਾਸੇ ਗੁਰੂ ਦਾ ਸਿੱਖ ਅੰਮ੍ਰਿਤ-ਪਾਨ ਕਰਦਾ ਹੈ—ਗੁਰੂ-ਬਚਨਾਂ ਦਾ ਅੰਮ੍ਰਿਤ।

ਸ਼ੁਰੂ ਦੇ ਚਾਰ ਪਦਾਂ ਵਿਚ ਸਿਧਮ ਲਿਖਣ ਪਿਛੋਂ ਹਰ ਪਦ ਦਾ ਪਹਿਲਾ ਅੱਖਰ, ਵਰਣ ਮਾਤ੍ਰਿਕਾ ਨੂੰ ਪ੍ਰਗਟ ਕਰਦਾ ਹੈ। ਇਸ ਵਿਚ ਏ, ਈ, ਇ, ਉ, ਉ, ਰਿ, ਰੀ, ਲਰਿ, ਲਰੀ ਅਤੇ ਅ ਸਵਰ ਹਨ। ਵਰਣ ਜ, ਵਿ, ਗੁ ਪਿਛੋਂ ਕਵਰਗ, ਚਵਰਗ, ਟਵਰਗ, ਤਵਰਗ, ਪਵਰਗ ਆਦਿ ਅੱਖਰ ਕ੍ਰਮ ਰਖਿਆ ਗਿਆ ਹੈ। ਇਸ ਵਿਚ ਙ ਦੀ ਥਾਂ ਗ ਲਿਖਿਆ ਗਿਆ ਹੈ ਅਤੇ ਉਸ ਤੋਂ ਅੱਗੇ ਯ ਨੂੰ ਜ ਲਿਖ ਕੇ ਰ. ਲ, ਵ (ਬ) ਸ਼, ਸ਼, ਸ ਹ ਇਹ ਕ੍ਰਮ ਹੈ। ਇਹ ਸਾਰੇ ਵਿਅੰਜਨ ਹਨ।

ਸ਼ਾਸਤਰਾਂ ਅਨੁਸਾਰ ੫੨ ਅੱਖਰਾਂ ਦੀ ਮਾਤ੍ਰਿਕਾ ਨਾਲ ਸ੍ਰਿਸ਼ਟੀ ਮੰਨੀ ਗਈ ਹੈ। ਇਹ ਬਾਣੀ ਇਹਨਾਂ ੫੨ ਅੱਖਰਾਂ ਦੀ ਮਾਤ੍ਰਿਕਾ ਹੈ, ਪਰ ਕੀ ਇਹ ਸਿੱਖਿਆ ਦਾ ਅੰਤ ਹੈ? ਇਸ ਬਾਰੇ ਸਤਿਗੁਰੂ ਜੀ ਲਿਖਦੇ ਹਨ ਕਿ ਇਹ ਤਾਂ ਆਪਣੇ ਸਮਝਣ, ਗ੍ਰਹਿਣ ਕਰਨ, ਅਤੇ ਅਪਨਾਉਣ ਦੀ ਸੀਮਾ ਹੈ। ਅਸਲ ਵਿਚ ਤਾਂ

ਜੇਤਾ ਕੀਤਾ ਤੇਤਾ ਨਾਉ ॥

ਸਾਰੀ ਬਾਣੀ ਵਿਚ ਵਰਣਾਂ ਦੇ ਨਾਂ ਨਹੀਂ ਲਿਖੇ ਹੋਏ, ਲੇਕਿਨ ਸੱਸਾ, ਧੱਧਾ, ਮੱਮਾ ਨਾਮ ਦਿਤੇ ਹਨ। ਇਹਨਾਂ ਤੋਂ ਇਲਾਵਾ ਗੁਰਮੁਖੀ ਦੇ ਵਿਲੱਖਣ ਪਛਾਣ ਵਾਲੇ ਅੱਖਰ ੜ ਦਾ ਵੀ ਨਾਂ ਦਿਤਾ ਹੋਇਆ ਹੈ

ੜਾੜੈ ਰੂੜਾ ਹਰਿ ਜੀਉ ਸੋਈ ॥

ਸਤਿਗੁਰੂ ਜੀ ਦੇ ਜੀਵਨ-ਕਾਲ ਸਮੇਂ ਰਾਜਨੀਤਕ ਕਾਰਨਾਂ ਕਰਕੇ ਸਭਿਆਚਾਰਕ ਸੰਕਟ ਪੈਦਾ ਹੋ ਗਿਆ ਸੀ। ਉਸ ਸਮੇਂ ਦੇ ਆਗੂ ਉਸ ਰਾਜਨੀਤਕ ਉਠਾ-ਪਟਕ ਤੋਂ ਪ੍ਰਭਾਵਿਤ ਹੋ ਗਏ ਸਨ। ਸਤਿਗੁਰੂ ਜੀ ਉਸ ਸੰਕਟ ਤੋਂ ਛੁਟਕਾਰ ਦੁਆਉਣ ਗਈ ਸਾਹਮਣੇ ਆਉਂਦੇ ਸਨ। ਆਪ ਗਿਆਨ ਚਰਚਾ ਕਰਦੇ ਅਤੇ ਸਮਸਤ ਹਿੰਦੋਸਤਾਨ ਨੂੰ ਇਕ ਲੜੀ ਵਿਚ ਪਰੋਣ ਲਈ ਦਥੋਂ ਦੇ ਸਿੱਖਾਂ, ਜੋਗੀਆਂ, ਨਾਥਾਂ ਸਾਧਕਾਂ ਆਦਿ ਨੂੰ ਮਿਲਦੇ ਸਨ। ਉਹਨਾਂ ਵਿਚ ਹਿੰਦੂ ਵੀ ਸਨ, ਮੁਸਲਮਾਨ ਵੀ, ਸੂਫ਼ੀ ਫ਼ਕੀਰ ਵੀ। ਸਤਿਗੁਰੂ ਜੀ ਸੰਦੇਸ਼ ਦੇਂਦੇ ਸਨ ਕਿ ਇਸ ਹਿੰਦੁਸਤਾਨੀ ਸਭਿਅਤਾ ਅਤੇ ਰਾਜਨੀਤੀ ਵਿਚ ਖੁਰਾਸਾਨ ਤੋਂ ਆਏ ਲੋਕ ਦਖਲ ਦੇ ਰਹੇ ਸਨ। ਉਹ ਹਮਲੇ ਕਰ ਰਹੇ ਸਨ ਉਹਨਾਂ ਦੀ ਦਖਲ-ਅੰਦਾਜ਼ੀ ਤੋਂ ਦੇਸ ਨੂੰ ਬਚਾਉਣਾ ਸੀ। ਇਹ ਕਾਰਜ ਗਿਆਨਵਾਨ ਵਿਅਕਤੀ ਹੀ ਕਰ ਸਕਦਾ ਸੀ। ਵਿਅਕਤੀ ਨੂੰ ਸਿੱਖਿਆ ਦਾ ਵੀ ਤਾਂ ਲਾਭ ਹੋ ਸੀ, ਜੇ ਉਹ ਜਨ-ਕਲਿਆਣ ਲਈ ਹੋਵੇ

—ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥

(ਰਾਗ ਆਸਾ)

—ਪੜਿਆ ਬੂਝੈ ਸੋ ਪਰਵਾਣੁ ॥ (ਰਾਗ ਧਨਾਸਰੀ)

ਲੇਕਿਨ ਪੜ੍ਹਨ ਪਿਛੋਂ ਆਪਣੀ ਭਾਵਨਾ ਕਿਸੇ ਨੂੰ ਬੁਰਾ ਨਾ ਕਹਿਣ ਦੀ ਬਣਨੀ ਜ਼ਰੂਰੀ ਸੀ। ਕਿਸੇ ਅਗਿਆਨੀ ਨਾਲ ਝਗੜਾ ਜਾਂ ਵਾਦ-ਵਿਵਾਦ ਨਹੀਂ ਕਰਨਾ

ਮੰਦਾ ਕਿਸੈ ਨ ਆਖੀਐ<br>ਪੜਿ ਅਖਰੁ ਏਹੋ ਬੁਝੀਐ<br>ਮੂਰਖੈ ਨਾਲਿ ਨ ਲੁਝੀਐ ॥

ਗੁਰੂ ਨਾਨਕ ਅਨੁਸਾਰ ਚੰਗਾ ਪੜ੍ਹਨ ਵਾਲਾ ਕੌਣ ਹੋ ਸਕਦਾ ਹੈ? ਉਸ ਵਿਚ ਕੀ ਗੁਣ ਹੋ ਸਕਦੇ ਹਨ?, ਦਾ ਉੱਤਰ



Sri Satguru Jagjit Singh Ji eLibrary NamdhariElibrary@gmail.com

ਓਅੰਕਾਰ ਬਾਣੀ ਵਿਚ ਦਿਤਾ ਗਿਆ ਹੈ। ਅਤੇ ਸਿੱਖਿਆ ਸਿਧਾਂਤ ਦਾ ਕੇਂਦਰ-ਬਿੰਦੂ ਵੀ ਇਹੀ ਹੈ ਕਿ

ਲਿਖੁ ਰਾਮ ਨਾਮ ਗੁਰਮੁਖਿ ਗੋਪਾਲਾ ॥

ਕਹਿਣ ਦਾ ਭਾਵ ਇਹ ਹੈ ਕਿ ਸਤਿਗੁਰੂ ਦੇ ਸਨਮੁਖ ਹੋ ਕੇ ਸ੍ਰਿਸ਼ਟੀ ਦੇ ਰਚਣਹਾਰੇ ਪ੍ਰਭੂ ਦਾ ਨਾਮ ਆਪਣੇ ਹਿਰਦੇ ਵਿਚ ਵੀ ਲਿਖ।

ਇਹ ਬਾਣੀ ਦਾ 'ਰਾਮ' ਉਹ ਰਾਮ ਹੈ, ਜੋ ਘਟ-ਘਟ ਵਿਚ ਹੈ, ਜੋ ਬ੍ਰਹਮ ਹੈ। ਹੋ ਸਕਦਾ ਹੈ ਇਸ ਦੇ ਨਾਲ ਸਤਿਗੁਰੂ ਜੀ ਨੇ ਆਪਣੇ ਪੂਰਵਜ ਭਗਵਾਨ ਰਾਮ ਨੂੰ ਵੀ ਮਨ ਵਿਚ ਵਸਾਇਆ ਹੋਵੇ।

ਬਾਣੀ ਪਵਿੱਤਰ ਤੇ ਨੇਕ ਜੀਵਨ ਬਤੀਤ ਕਰਨ ਦੀ ਸਿਖਿਆ ਦੇਂਦੀ ਹੈ। ਇਸ ਤਰਾਂ ਦਾ ਜੀਵਨ ਬਤੀਤ ਕਰਨ ਲਈ ਮਨੁੱਖਾਂ ਵਾਸਤੇ ਸਤੋ-ਗੁਣੀ ਸੁਭਾਅ ਵਾਲੇ ਹੋਣਾ ਜ਼ਰੂਰੀ ਹੈ। ਸੋ, ਮਨੁੱਖ ਦੇ ਮਨ ਵਿਚ ਸਦਭਾਵਨਾ ਹੋਵੇ ਅਤੇ ਉਹ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਤੋਂ ਉੱਚਾ ਉਠਿਆ ਹੋਵੇ। ਸਦਾਚਾਰੀ, ਇਮਾਨਦਾਰ ਅਤੇ ਪ੍ਰਮਾਤਮਾ ਦੇ ਕੀਤੇ ਤੇ ਭਰੋਸਾ ਰੱਖਣ ਵਾਲਾ ਹੋਵੇ। ਉਹ ਚੰਗਾ ਸ਼ਹਿਰੀ ਤੇ ਜ਼ੁੰਮੇਵਾਰ ਵਿਅਕਤੀ ਹੋਵੇ। ਉਹ ਦੂਸਰੇ ਜੀਵਾਂ ਨੂੰ ਆਪਣੀ ਆਤਮਾ, ਪਰਮਾਤਮਾ ਦੇ ਪ੍ਰਤੀ, ਦੇਸ਼ ਤੇ ਸਮਾਜ ਦੇ ਪ੍ਰਤੀ ਫ਼ਰਜ਼ਾਂ ਨੂੰ ਪਛਾਣਦਾ ਹੋਵੇ ਪਰ ਐਸਾ ਨਜ਼ਰੀਆ ਬਣਾਉਣ ਲਈ, ਐਸੀ ਹੀ ਸਿੱਖਿਆ ਜ਼ਰੂਰੀ ਹੈ। ਸਿੱਖਿਆ ਕੌਣ ਦੇਵੇਗਾ। ਕਿਵੇਂ ਪ੍ਰਾਪਤ ਕੀਤੀ ਜਾ ਸਕਦੀ ਹੈ? ਬਾਰੇ ਸਤਿਗੁਰੂ ਜੀ ਦਾ ਕਥਨ ਹੈ:

ਗੁਰ ਪਰਸਾਦੀ ਵਿਦਿਆ ਵੀਚਾਰੈ
ਪੜਿ ਪੜਿ ਪਾਵਹਿ ਮਾਨੁ ॥

ਅਤੇ ਜਿਸ ਗੁਰੂ ਦੀ ਕਿਰਪਾ ਨਾਲ ਸਿਖਿਆ ਪ੍ਰਾਪਤ ਕਰਨੀ ਹੈ ਅਤੇ ਜਿਸ ਨੂੰ ਗ੍ਰਹਿਣ ਕਰਕੇ ਸਨਮਾਨ ਪ੍ਰਾਪਤ ਕਰਨਾ ਹੈ, ਉਹ ਗੁਰੂ, ਅਧਿਆਪਕ, ਪਾਂਧਾ ਜਾਂ ਪੰਡਤ ਕੈਸਾ ਹੋਵੇ? ਉਸਦਾ ਆਦਰਸ਼ ਕੀ ਹੋਵੇ? ਇਹ ਅਧਿਆਪਕ ਸਾਹਮਣੇ ਬੜਾ ਵੱਡਾ ਸੁਆਲ ਹੈ ਜਿਸ ਦੇ ਜਵਾਬ ਨੂੰ ਦਿਸ਼ਾ ਦੇਣ ਲਈ ਸਤਿਗੁਰੂ ਜੀ ਦਾ ਨਜ਼ਰੀਆਂ ਹੈ ਕਿ ਐਸੇ ਵਿਅਕਤੀ ਦਾ, ਪਰਮਾਰਥ ਅਤੇ ਸਦਾਚਾਰ ਦੀ ਸਿਖਿਆ ਨਾਲ ਓਤ-ਪੋਤ ਹੋਣਾ ਜ਼ਰੂਰੀ ਹੈ। ਉਸ ਦੀ ਕਥਨੀ ਤੇ ਕਰਨੀ ਵਿਚ ਫ਼ਰਕ ਨਹੀਂ ਹੋਣਾ ਚਾਹੀਦਾ।

ਇਸ ਗੱਲ ਨੂੰ ਲੈ ਕੇ ਗੁਰੂ ਨਾਨਕ ਜੀ ਨੇ ਲਿਖਿਆ ਹੈ:

ਪਾਧਾ ਗੁਰਮੁਖਿ ਆਖੀਐ ਚਾਟੜਿਆ ਮਤਿ ਦੇਇ ॥
ਨਾਮੁ ਸਮਾਲਹੁ, ਨਾਮੁ ਸੰਗਰਹੁ ਲਾਹਾ ਜਗ ਮਹਿ ਲੇਇ ॥

ਆਪ ਨੇ ਆਪਣੇ ਸਿੱਖਾਂ ਨੂੰ ਦੇਣ ਵਾਲੀ ਅਤੇ ਸੰਸਾਰ ਵਿਚ ਲਾਹੇਵੰਦ ਰਹਿਣ ਵਾਲੀ ਸਿੱਖਿਆ, ਓਅੰਕਾਰ ਬਾਣੀ ਵਿਚ ਦਿੱਤੀ ਹੈ।

ਇਸ ਬਾਣੀ ਅਨੁਸਾਰ ਮਾਇਆ ਵਿਚ ਲਿਪਤ, ਲੋਭ ਵਿਚ ਰਮੇ ਲੋਕ ਪ੍ਰਮਾਤਮਾ ਦਾ ਭੇਦ, ਅੰਤ ਨਹੀਂ ਜਾਣਦੇ। ਪਰ ਉਹਨਾਂ 'ਪ੍ਰਭੂ ਨੇੜੇ ਹਰਿ ਦੂਰਿ' ਨਹੀਂ ਸਮਝਣਾ ਚਾਹੀਦਾ। ਉਹ ਸਭਨੀ ਥਾਈਂ, ਸਭ ਰੰਗਾਂ, ਸਭ ਰੂਪਾਂ ਵਿਚ ਹੈ। ਆਦਿ ਅੰਤ ਤੇ ਤਿੰਨਾਂ ਲੋਕਾਂ ਵਿਚ ਉਹ ਹੀ ਹੈ। ਪਵਨ, ਪਾਣੀ, ਅਗਨੀ ਉਸਦੇ ਰੂਪ ਹਨ। ਪਰ ਕੋਈ ਸਤਿਗੁਰੂ ਦੀ ਕਿਰਪਾ ਨਾਲ ਹੀ ਉਸਨੂੰ ਜਾਣ ਸਕਦਾ ਹੈ, ਸਮਝ ਸਕਦਾ ਹੈ। ਉਹ ਵੀ ਕੇਵਲ ਮਨ ਨਾਲ ਨਹੀਂ, ਕੇਵਲ ਮੁਖ ਨਾਲ ਨਹੀਂ, ਸਗੋਂ ਮਨ ਤੇ ਮੁਖ ਨਾਲ ਉਸ ਦਾ ਸਿਮਰਨ ਕਰਕੇ। ਸਤਿਗੁਰੂ ਦੁਆਰਾ ਸਿਖਿਆ ਮਿਲਣ ਨਾਲ ਹੀ ਇਹ ਗਿਆਨ ਹੁੰਦਾ ਹੈ ਕਿ ਨਿਰੰਦਕ ਸ਼ਬਦ ਰਾਮ ਤੋਂ ਬਿਨਾਂ ਸਭ ਬਿਨਸਨਹਾਰ ਹੈ!

ਇਹ ਸੋਚਕੇ ਕਿ ਪੈਸੇ ਨਾਲ ਸਭ ਮਾਨ ਸਨਮਾਨ ਵਧਦਾ ਹੈ, ਸਭ ਪੈਸਾ ਕਮਾ ਕੇ ਸਮਝਦਾਰ ਦਿਸਣਾ ਚਾਹੁੰਦੇ ਹਨ। ਉਹ ਕਮਲੇ ਹੋਏ ਭਟਕ ਰਹੇ ਹਨ, ਇਕ ਪ੍ਰਮਾਤਮਾ ਦੀ ਭਗਤੀ ਤੋਂ ਬਿਨਾਂ। ਉਹ ਨਹੀਂ ਸਮਝਦੇ ਕਿ ਪ੍ਰਭੂ ਹੀ ਮਾਨ-ਸਨਮਾਨ ਦੇਂਦਾ ਹੈ। ਉਹੀ ਸਾਰੇ ਸੰਸਾਰ ਨੂੰ ਚਲਾ ਰਿਹਾ ਹੈ। ਉਸ ਦਾ ਨਾਂ ਲੈਣ ਵਿਚ ਹੀ ਲਾਭ ਹੈ। ਗਿਆਨੀ ਉਹੀ ਹੈ ਜਿਹੜਾ ਉਕਤ ਗੁਣਾਂ ਨੂੰ ਜਾਣਦਾ ਹੈ, ਸਮਝਦਾ ਹੈ:

ਗੁਣ ਵੀਚਾਰੇ ਗਿਆਨੀ ਸੋਇ ॥

ਮਨੁੱਖ ਚੰਗੇ ਬੁਰੇ ਕਰਮਾਂ ਨਾਲ ਜੁੜਿਆ ਰਹਿੰਦਾ ਹੈ। ਬੁਰੇ ਕਰਮ ਜ ਲੋਭ-ਲਾਲਚ ਮਨੁੱਖ ਨੂੰ ਮਾਇਆ ਵਿਚ ਲਿਪਤ ਕਰਦੇ ਹਨ ਅਤੇ ਉਹ ਪ੍ਰਭੂ ਦੀ ਮਾਇਆ ਨੂੰ ਸਮਝਣ ਵਿਚ ਅਸਮਰਥ ਰਹਿੰਦਾ ਹੈ ਪਰ ਸਤਿਗੁਰੂ ਦੀ ਕਿਰਪਾ ਨਾਲ ਉਹ ਚੰਗੇ-ਮਾੜੇ ਕਰਮਾਂ ਦੇ ਭੇਦ ਨੂੰ ਸਮਝਣ ਲਗਦਾ ਹੈ। ਉਹਨਾਂ ਨੂੰ ਪਛਾਣਦਾ ਹੈ। ਸਤਿਗੁਰੂ ਉਹਨਾਂ ਨੂੰ ਨਾਮ ਰੂਪੀ ਅੰਮ੍ਰਿਤ ਪ੍ਰਦਾਨ ਕਰਦਾ ਹੈ। ਸਤਿਗੁਰੂ ਦੀ ਕਿਰਪਾ ਨਾਲ ਵਿਅਕਤੀ ਪਰਮਾਤਮਾ ਦੀ ਮਹਿਮਾ ਕਰਦਾ ਹੈ। ਉਹ ਉਸਦੇ



Sri Satguru Jagjit Singh Ji eLibrary NamdhariElibrary@gmail.com

ਧਿਆਨ ਵਿਚ ਬਿਰਤੀ ਲਾਉਂਦਾ ਹੈ। ਹਰੀ ਦੇ ਗੁਣਾਂ ਦਾ ਬਖਾਣ ਕਰਦਾ ਹੈ। ਚੰਚਲ ਮਨ ਨੂੰ ਵਿਸ਼ੇ ਵਿਕਾਰਾਂ ਵਲੋਂ ਤੋੜਦਾ ਹੈ। ਉਹ ਸਮਝਦਾ ਹੈ ਕਿ ਕੱਚਾ ਗੁਰੂ ਨਹੀਂ ਸਗੋਂ ਸੱਚਾ ਗੁਰੂ ਜਨਮ-ਜਨਮ ਦੇ ਚੱਕਰਾਂ ਤੋਂ ਮੁਕਤੀ ਦਿਵਾ ਸਕਦਾ ਹੈ।

ਮਾਇਆ ਵਿਚ ਲਿਪਤ ਮਨੁੱਖ ਕੁਝ ਸੁੱਖ ਮਿਲਣ ਨਾਲ ਖ਼ੁਸ਼ ਹੋ ਜਾਂਦਾ ਹੈ ਅਤੇ ਦੁੱਖ ਪ੍ਰਾਪਤ ਹੋਣ ਨਾਲ ਵਿਚਲਿਤ ਹੋ ਜਾਂਦਾ ਹੈ। ਉਹ ਦੋਹਾਂ ਨੂੰ ਸਮਾਨ ਦ੍ਰਿਸ਼ਟੀ ਨਾਲ ਨਹੀਂ ਵੇਖਦਾ ਪਰ ਗਿਆਨੀ ਦੀ ਸਥਿਤੀ ਵੱਖਰੀ ਹੈ। ਉਹ ਸਮਝਦਾ ਹੈ ਕਿ ਪ੍ਰਭੂ ਨੂੰ ਜਪਣ ਨਾਲ ਦੁਖ ਸੁਖ ਦੇ ਅਹਿਸਾਸ ਤੋਂ ਮੁਕਤ ਹੋਇਆ ਜਾ ਸਕਦਾ ਹੈ। ਪ੍ਰਭੂ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਸਭ ਤੋਂ ਵੱਡੇ ਦੁੱਖ-ਕਾਲ ਤੋਂ ਬਚਿਆ ਜਾ ਸਕਦਾ ਹੈ। ਐਸੇ ਵਿਅਕਤੀ ਨੂੰ ਬਚਪਨ, ਜਵਾਨੀ ਪਾਰ ਕਰਕੇ ਆਉਂਦਾ ਬੁਢਾਪਾ ਤੇ ਮੌਤ ਦਾ ਡਰ ਨਹੀਂ ਸਤਾਉਂਦਾ। ਉਹ ਪ੍ਰਭੂ ਦੇ ਨਾਮ ਦਾ ਸਿਮਰਨ ਕਰਦਾ ਹੈ ਤੇ ਸੰਸਾਰ ਦੀ ਕਿਸੇ ਵੀ ਵਸਤੂ—ਧਨ ਦੌਲਤ ਦੀ ਪਰਵਾਹ ਨਹੀਂ ਕਰਦਾ। ਉਹ ਉਹ ਹੱਦਾਂ ਪਾਰ ਕਰ ਜਾਂਦਾ ਹੈ।

ਗਿਆਨੀ ਗੁਰੂ ਦਾ ਬਚਨ ਮੰਨਦਾ ਹੈ। ਉਹ ਕਿੰਤੂ ਪ੍ਰੰਤੂ ਨਹੀਂ ਕਰਦਾ ਕਿਉਂਕਿ ਉਸਨੂੰ ਪਤਾ ਹੈ ਕਿ ਅਗੋਂ ਬੋਲਣ ਨਾਲ ਪ੍ਰੀਤਿ ਟੁੱਟਦੀ ਹੈ। ਗੁਰੂ ਦਾ ਸ਼ਬਦ ਅਪਨਾਉਣ ਵਿਚ ਸੁੱਖ ਹੈ। ਉਹ ਗੁਰੂ ਦੀ ਸਿੱਖਿਆ ਮੰਨ ਕੇ ਸੁੱਖ ਨੂੰ ਗ੍ਰਹਿਣ ਕਰਦਾ ਹੈ। ਉਹ ਸਮਝਦਾ ਹੈ ਕਿ ਗੁਰੂ ਦੀ ਸਿਖਿਆ ਨਾ ਮੰਨਣ ਵਾਲਾ ਅਗਿਆਨੀ ਹੈ।

ਗੁਰੂ ਪਰਮਾਤਮਾ ਨੂੰ ਮਿਲਾਉਂਦਾ ਹੈ, ਪਰਮਾਤਮਾ ਜੋ ਦਿਆਲੂ ਹੈ। ਲੇਕਿਨ ਕਿਰਪਾ ਤਾਂ ਕਿਰਪਾ ਹੀ ਹੈ :

ਠਾਕੁਰ ਹਾਥਿ ਵਡਿਆਈਆਂ ਜੈ ਭਾਵੈ ਤੈ ਦੇਇ ॥
ਬਾਣੀ ਬਿਰਲਉ ਬੀਚਾਰਸੀ ਜੇ ਕੋ ਗੁਰਮੁਖਿ ਹੋਇ ॥

ਪ੍ਰਭੂ ਹੀ ਬਣਾਉਣ ਵਾਲਾ ਹੈ, ਉਹ ਹੀ ਮਿਟਾਉਣ ਵਾਲਾ ਹੈ। ਮਰਨਾ ਤੇ ਜੀਣਾ ਉਸਦੇ ਆਪਣੇ ਹੱਥ ਵਿਚ ਹੈ। ਉਥੇ ਅਮੀਰ-ਗਰੀਬ, ਛੋਟਾ-ਵੱਡਾ, ਇਸਤਰੀ-ਪੁਰਸ਼, ਬੱਚਾ-ਬੁੱਢਾ ਸਭ ਇਕੋ ਜਿਹੇ ਹਨ ਕਿਸੇ ਨੇ ਸਦਾ ਲਈ ਨਹੀਂ ਰਹਿਣਾ, ਸਾਰੇ ਨਾਸ਼ਵਾਨ ਹਨ :

ਰਾਣਾ ਰਾਉ ਨ ਕੋ ਰਹੈ ਰੰਗੁ ਨ ਤੁੰਗੁ ਫਕੀਰੁ ॥
ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ ॥

ਸੋ ਉਸਦਾ ਕੀਤਾ ਸਿਰ ਮੱਥੇ ਮੰਨਿਆ ਜਾਏ ਤਾਂ ਸੁੱਖ ਮਿਲਦਾ ਹੈ, ਅਹਿਮ ਭਾਵ ਮਿਟ ਜਾਂਦਾ ਹੈ। ਸੋਨਾ ਜਾਂ ਰੁਪਾ ਜ਼ਹਿਰ ਲਗਦਾ ਹੈ। ਉਸ ਪ੍ਰਭੂ ਦਾ ਨਾਮ ਅੰਮ੍ਰਿਤ ਲਗਦਾ ਹੈ ਪਰ ਉਸ ਨੂੰ ਮਿਲ ਕੇ, ਪ੍ਰਾਪਤ ਕਰਕੇ ਅੰਮ੍ਰਿਤ ਤੇ ਜ਼ਹਿਰ ਸਮਾਨ ਲਗਦੇ ਹਨ! ਹੰਕਾਰ ਤੰਗ ਨਹੀਂ ਕਰਦਾ।

ਸਤਿਗੁਰੂ ਨਾਨਕ ਦੇਵ ਜੀ ਅਨੁਸਾਰ ਅਧਿਆਪਕ ਜਾਂ ਪੰਡਤ ਉਹੀ ਗਿਆਨੀ ਹੈ ਜਿਹੜਾ ਇਸ ਤੱਤ ਨੂੰ ਸਮਝ ਲੈਂਦਾ ਹੈ ਕਿ ਸੱਚੀ ਸਿੱਖਿਆ ਨਾਮ ਹੈ। ਹਰੀ ਦਾ ਨਾਮ ਅਤੇ ਸਿੱਖਿਆ ਦੇ ਨਜ਼ਰੀਏ ਨਾਲ ਉਹੀ ਧਰਮ ਬਣਦਾ ਹੈ।

ਹਰਿ ਪੜਣਾ ਹਰਿ ਬੁਝਣਾ ਹਰਿ ਸਿਉ ਰਖਹੁ ਪਿਆਰੁ ॥

ਜੇ ਉਸ ਨਾਲ ਪਿਆਰ ਹੈ ਤਾਂ ਇਹ ਅਵਸਥਾ ਬਣ ਸਕਦੀ ਹੈ :

ਹਰਿ ਜਪੀਐ ਹਰਿ ਧਿਆਈਐ ਹਰਿ ਕਾ ਨਾਮੁ ਅਧਾਰੁ ॥

ਲੇਕਿਨ ਇਹ ਜਪਣਾ ਜਾਂ ਧਿਆਉਣਾ ਸੁਤੇ-ਸਿਧ ਨਹੀਂ ਹੁੰਦਾ। ਪਰ ਮਨਮੁਖ ਇਸ ਗੱਲ ਨੂੰ ਨਹੀਂ ਸਮਝਦਾ ਹੈ ਕਿ ਸੁਤੇ-ਸਿਧ ਹੋਣ ਦੀ ਥਾਂ ਉਸ ਦੀ ਕਿਰਪਾ ਨਾਲ ਹੁੰਦਾ ਹੈ ਜਾਂ ਸਤਿਗੁਰੂ ਦੀ ਕਿਰਪਾ ਨਾਲ ਉਹ ਸ਼ੁਧ ਹਿਰਦੇ ਵਿਚ ਦਿਖਾਈ ਦੇਂਦਾ ਹੈ।

ਜਿਸ ਦਾ ਹਿਰਦਾ ਮਲੀਨ ਹੁੰਦਾ ਹੈ, ਉਸ ਅੰਦਰ ਦੂਸਰੇ ਵਿਅਕਤੀਆਂ ਪ੍ਰਤੀ ਈਰਖਾ, ਦਵੈਤ ਦੀ ਭਾਵਨਾ ਹੁੰਦੀ। ਉਹ ਹੋਰ ਵਿਅਕਤੀਆਂ ਦੀ ਤਰੱਕੀ ਤੋਂ ਦੁਖੀ ਹੁੰਦਾ ਹੈ। ਉਹ ਦੂਜਿਆਂ ਨੂੰ ਦੁਖੀ ਵੇਖ ਕੇ ਖੁਸ਼ ਹੁੰਦਾ ਹੈ। ਉਸ ਦੀ ਐਸੀ ਭਾਵਨਾ ਬਣ ਜਾਂਦੀ ਹੈ ਕਿ ਉਸ ਦੀ ਭਾਵੇਂ ਇਕ ਅੱਖ ਜਾਏ ਦੂਜੇ ਦੀਆਂ ਦੋਵੇਂ ਜਾਣੀਆਂ ਚਾਹੀਦੀਆਂ ਹਨ। ਸੰਸਾਰ ਵਿਚ ਐਸੇ ਨਜ਼ਰੀਏ ਵਾਲੇ ਵਿਅਕਤੀ ਦੂਜਿਆਂ ਨੂੰ ਹੀ ਨਹੀਂ ਆਪਣਿਆਂ ਨੂੰ ਵੀ ਨੁਕਸਾਨ ਪਹੁੰਚਾਉਂਦੇ ਹਨ। ਪਰ ਜਿਸ ਦੀ ਭਾਵਨਾ ਸ਼ੁਧ ਹੈ, ਜੋ ਤੱਤ ਨੂੰ ਪਛਾਣਦਾ ਹੈ ਉਹ ਦੂਜਿਆਂ ਨੂੰ ਸੁਖੀ ਦੇਖ ਕੇ ਖੁਸ਼ ਰਹਿੰਦਾ ਹੈ ਅਤੇ ਉਹਨਾਂ ਦੇ ਦੁਖ ਦਰਦ ਵਿਚ ਸਹਾਇਤਾ ਕਰਦਾ ਹੈ।

ਸਾਡੀ ਸਿਖਿਆ ਦਾ ਮੂਲ ਆਧਾਰ ਵੀ, ਸਤਿਗੁਰੂ ਨਾਨਕ ਦੇਵ ਜੀ ਅਨੁਸਾਰ ਸ਼ੁਧ ਹਿਰਦੇ ਨਾਲ ਨਾਮ ਜਪਣਾ ਹੈ। ਇਹ ਤਾਂ ਹੀ ਸੰਭਵ ਹੈ ਜੇ ਅਧਿਆਪਕ ਏਸੇ ਦਿਸ਼ਾ ਵਿਚ ਚਿੰਤਨ ਕਰੇ, ਏਸੇ ਦਿਸ਼ਾ ਵਿਚ ਗਿਆਨ ਪ੍ਰਾਪਤ ਕਰੇ। ਏਸੇ ਦਿਸ਼ਾ ਵਿਚ ਪੜ੍ਹੇ, ਸੋਚੇ ਸਮਝੇ ਤੇ ਚਰਚਾ ਕਰੇ।



Sri Satguru Jagjit Singh Ji eLibrary NamdhariElibrary@gmail.com

ਉਸ ਨੂੰ ਖੁਦ ਨੂੰ ਤੱਤਵ ਗਿਆਨ ਹੋਵੇਗਾ ਅਤੇ ਜਿਸ ਨੂੰ ਤੱਤਵ ਗਿਆਨ ਹੋਵੇਗਾ ਤੇ ਉਹ ਆਪ ਸਹੀ ਦਿਸ਼ਾ ਵਿਚ ਚਲਦਾ ਹੈ ਤਾਂ ਉਹੀ ਪੜ੍ਹਿਆ ਲਿਖਿਆ ਪਾਧਾ ਜਾਂ ਅਧਿਆਪਕ ਕਹਾਉਣ ਦਾ ਹੱਕਦਾਰ ਹੈ :

ਪਾਧਾ ਪੜਿਆ ਆਖੀਐ
ਬਿਦਿਆ ਬਿਚਾਰੈ ਸਹਜਿ ਸੁਭਾਇ ॥
ਵਿਦਿਆ ਸੋਧੈ ਤਤੁ ਲਹੈ
ਰਾਮ ਨਾਮ ਲਿਵ ਲਾਇ ॥

ਜੇ ਇਹ ਨਹੀਂ ਤਾਂ :

ਲਿਖਿ ਲਿਖਿ ਪੜਿਆ ਤੇਤਾ ਕੜਿਆ ॥
(ਰਾਗ ਆਸਾ)

ਤੇਤੇ ਕੜੇ ਅਧਿਆਪਕ ਨੂੰ ਸਤਿਗੁਰੂ ਜੀ ਮਨਮੁਖ ਕਹਿੰਦੇ ਹਨ; ਕਿਉਂਕਿ ਉਹ ਵਿਅਕਤੀ ਸਿਖਿਆ ਨੂੰ ਵੇਚਦਾ ਹੈ ਸਵਾਰਥ-ਸਿਧੀ ਲਈ । ਸਵਾਰਥ-ਸਿਧੀ ਲਈ ਵਿਦਿਆ ਵੇਚ ਕੇ ਧਨ ਇਕੱਠਾ ਕਰਨਾ, ਸਤਿਗੁਰੂ ਜੀ ਨੂੰ ਜ਼ਹਿਰ ਦੀ ਕਮਾਈ ਕਰਨਾ ਤੇ ਜ਼ਹਿਰ ਖਾਣਾ ਲਗਦਾ ਹੈ ।

ਸਿੱਖਿਆ ਦਾ ਉਦੇਸ਼ ਸਵਾਰਥ ਨਹੀਂ ਪਰਮਾਰਥ ਹੈ । ਕੇਵਲ ਆਪਣੇ ਆਪ ਲਈ ਕੁਝ ਕਰਨਾ ਨਹੀਂ ਲੋਕ ਭਲਾਈ ਲਈ ਕੁਝ ਕਰਨਾ ਹੈ । ਜਿਹੜੇ ਇਹ ਨਹੀਂ ਕਰਦੇ ਉਹ 'ਸ਼ਬਦ' ਨੂੰ ਨਹੀਂ ਪਛਾਣਦੇ ਤੇ ਅਗਿਆਨੀ ਹੁੰਦੇ ਹਨ । ਸਤਿਗੁਰੂ ਜੀ ਦੇ ਸ਼ਬਦਾਂ ਵਿਚ :

ਮਨਮੁਖੁ ਬਿਦਿਆ ਬਿਕ੍ਰਦਾ ਬਿਖੁ ਖਟੇ ਬਿਖੁ ਖਾਇ ॥
ਮੂਰਖੁ ਸਬਦੁ ਨ ਚੀਨਈ ਸੂਝ ਬੂਝ ਨਹ ਕਾਇ ॥

ਬਸੰਤ ਰਾਗ ਵਿਚ ਵੀ ਗੁਰੂ ਨਾਨਕ ਦੇਵ ਜੀ ਪੰਡਿਤ ਅਥਵਾ ਅਧਿਆਪਕ ਨੂੰ ਕਹਿੰਦੇ ਹਨ ਕਿ ਓਹੀ ਪੰਡਿਤ ਸਹੀ ਦ੍ਰਿਸ਼ਟੀ ਰਖਦਾ ਹੈ ਜੋ ਇਕ ਅੱਖਰ ਨੂੰ ਸਮਝਦਾ ਹੈ । ਉਹ ਇਕ ਅੱਖਰ ਹੀ ਕਲਿਆਣਕਾਰੀ ਹੈ :

ਜੇ ਤੂੰ ਪੜਿਆ ਪੰਡਿਤੁ ਬੀਨਾ
ਦੁਇ ਅਖਰ ਦੁਇ ਨਾਵਾ ॥
ਪ੍ਰਣਵਤਿ ਨਾਨਕੁ ਏਕੁ ਲੰਘਾਇ
ਜੇ ਕਰਿ ਸਚਿ ਸਮਾਵਾ ॥

ਅਤੇ ਏਸੇ ਗਿਆਨਵਾਨ ਅਧਿਆਪਕ ਨੂੰ ਓਅੰਕਾਰ ਵਿਚ ਪਾਧਾ ਕਿਹਾ ਗਿਆ ਹੈ ਜਿਸ ਨੇ ਆਪਣੇ ਸਿੱਖਾਂ ਨੂੰ ਰਾਮ ਨਾਮ ਦੀ ਸਿਖਿਆ ਦੇਣੀ ਹੈ ਅਤੇ ਓਸੇ ਨੂੰ ਖੁਦ, ਹਾਰ ਵਾਂਗ, ਗਲ ਵਿਚ ਪਹਿਨਣਾ ਹੈ । ਇਹ ਸੱਚੀ ਸਿਖਿਆ ਸੱਚੀ ਪੱਟੀ ਹੈ :

ਸਚੀ ਪਟੀ ਸਚੁ ਮਨਿ ਪੜੀਐ ਸਬਦੁ ਸੁ ਸਾਰੁ ॥
ਨਾਨਕ ਸੋ ਪੜਿਆ ਸੋ ਪੰਡਿਤੁ ਬੀਨਾ
ਜਿਸੁ ਰਾਮ ਨਾਮ ਗਲਿਹਾਰੁ ॥

ਉਤੇ ਲਿਖੀਆਂ ਕਾਵਿ ਪੰਕਤੀਆਂ ਹੀ ਓਅੰਕਾਰ ਬਾਣੀ ਦਾ ਨਿਚੋੜ ਹੈ, ਤੱਤ ਹੈ ਕਿ ਪਾਧਾ ਤੱਤਵ ਗਿਆਨੀ ਹੋਵੇ । ਸਾਧਾਰਨ ਸ਼ਬਦਾਂ ਵਿਚ ਅੱਖਰ ਗਿਆਨੀ ਜਾਂ ਗਿਆਤ ਅਗਿਆਨੀ ਨਾ ਹੋਵੇ ।

ਇਸ ਤਰ੍ਹਾਂ ਓਅੰਕਾਰ ਬਾਣੀ ਵਿਚ ਗੁਰੂ ਨਾਨਕ ਦੇਵ ਜੀ ਇਹ ਸਪਸ਼ਟ ਕਰਦੇ ਹਨ ਕਿ ਜੀਵ ਇਹ ਸਮਝੇ ਕਿ ਸ੍ਰਿਸ਼ਟੀ ਦੇ ਸਾਰੇ ਪ੍ਰਾਣੀ ਛੋਟੇ-ਵੱਡੇ, ਉੱਚੇ-ਨੀਵੇਂ, ਪੜ੍ਹੇ-ਅਨਪੜ੍ਹ ਓਅੰਕਾਰ ਦੇ ਬਣਾਏ ਹੋਏ ਹਨ । ਸਾਰਿਆਂ ਨੇ ਇਕ ਦਿਨ ਸ੍ਰਿਸ਼ਟੀ ਦੀ ਦ੍ਰਿਸ਼ਟੀ ਤੋਂ ਓਹਲੇ ਹੋ ਜਾਣਾ ਹੈ । ਮਨੁਖ ਦੇ ਕੀਤੇ ਹੋਏ ਕਰਮ ਉਸ ਨੂੰ ਸਹੀ ਦਿਸ਼ਾ ਵੱਲ ਤੋਰਦੇ ਹਨ । ਗੁਰੂ ਦੀ ਕਿਰਪਾ ਨਾਲ ਮਨੁਖ ਆਪਣੇ ਸਹੀ ਮਾਰਗ ਨੂੰ ਪਹਿਚਾਨਦਾ ਹੈ ਅਤੇ ਉਸ ਉਤੇ ਚਲਦਾ ਹੈ । ਸਹੀ ਰਾਹ ਸਹੀ ਗੁਰੂ, ਪਾਧਾ, ਪੰਡਿਤ ਜਾਂ ਅਧਿਆਪਕ ਹੀ ਦੱਸ ਸਕਦਾ ਹੈ । ਇਸ ਤਰ੍ਹਾਂ ਗੁਰੂ ਨਾਨਕ ਜੀ ਸਿੱਖਿਆ ਦੀ ਵਾਸਤਵਿਕਤਾ, ਇਸ ਦੀ ਸਹੀ ਵਰਤੋਂ, ਸਿਖਿਆ ਪ੍ਰਾਪਤੀ ਸਿਖਿਆ ਤੇ ਸਿੱਖਣ ਅਤੇ ਅਧਿਆਪਕ ਤੇ ਵਿਦਿਆਰਥੀ ਦੇ ਸੰਬੰਧਾਂ ਨੂੰ ਇਕ ਦਿਸ਼ਾ ਪ੍ਰਦਾਨ ਕਰਦੇ ਹਨ । ਉਹਨਾਂ ਦੀ ਬਾਣੀ ਅਨੁਸਾਰ ਅਧਿਆਪਕ ਸਾਧਾਰਨ ਨਹੀਂ ਅਸਾਧਾਰਨ ਵਿਅਕਤੀ ਹੈ । ਉਹ ਅਸਾਧਾਰਨ ਵਿਅਕਤੀ ਉੱਚੇ ਆਦਰਸ਼ ਵਾਲਾ, ਚੰਗੇ ਚਾਲ-ਚਲਣ ਵਾਲਾ, ਦਾਰਸ਼ਨਿਕ ਅਤੇ ਧਾਰਮਿਕ ਗੁਣਾਂ ਨਾਲ ਲਬਰੇਜ਼ ਹੋਣਾ ਚਾਹੀਦਾ ਹੈ । ਉਹ ਸੰਪਰਦਾਈ ਤਾਂ ਹੋ ਸਕਦਾ ਹੈ ਸੰਪਰਦਾਇਕ ਨਹੀਂ । ਉਸ ਦਾ ਕੋਈ ਫਿਰਕਾ ਤਾਂ ਹੋ ਸਕਦਾ ਹੈ, ਪਰ ਉਹ ਫਿਰਕਾਪ੍ਰਸਤ ਨਾ ਹੋਵੇ । ਉਹ ਮਨੁੱਖਤਾ ਹੀ ਨਹੀਂ ਪ੍ਰਾਣੀ-ਮਾਤਰ ਦਾ ਧਰਮ ਸਮਝੇ ।

ਜਿਵੇਂ ਸ਼ੁਰੂ ਵਿਚ ਦਸਿਆ ਗਿਆ ਹੈ, ਇਸ ਬਾਣੀ ਦਾ ਓਅੰਕਾਰ (ਓਮ) 'ਭਾਰਤੀ ਦਰਸ਼ਨ ਸ਼ਾਸਤਰ' ਵਿਚ ਵਿਆਪਤ ਓਮ ਹੀ ਹੈ । ਸਤਿਗੁਰੂ ਨਾਨਕ ਦੇਵ ਜੀ ਨੇ ਜਿਥੇ ਓਅੰਕਾਰ ਕਿਹਾ ਹੈ ਉਥੇ ਓਨਮ ਵੀ ਲਿਖਿਆ ਹੈ :

ਓਨਮ ਅਖਰੁ ਸੁਣਹੁ ਬੀਚਾਰੁ ॥
ਓਨਮ ਅਖਰੁ ਤ੍ਰਿਭਵਣ ਸਾਰੁ ॥

ਇਹ ਓਨਮ ਅੱਖਰ ਜਾਂ ਓਮ ਲਿਪੀ ਸੰਕੇਤ ਅੱਖਰ ਨਹੀਂ ਸਗੋਂ ਅਵਿਨਾਸ਼ੀ ਹੈ, ਅਪਰਿਵਰਤਨਸ਼ੀਲ ਹੈ, ਨਾ ਘਟਦਾ ਹੈ ਨਾ ਵਧਦਾ ਹੈ । 'ਮਾਂਡੂਕ' ਅਤੇ 'ਛਾਂਦੋਗ'



Sri Satguru Jagjit Singh Ji eLibrary NamdhariElibrary@gmail.com

ਉਪਨਿਸ਼ਦਾਂ ਵਿਚ ਇਸ ਨੂੰ ਇਹਨਾਂ ਹੀ ਅਰਥਾਂ ਵਿਚ ਲਿਆ ਗਿਆ ਹੈ। 'ਭਗਵਤ ਗੀਤਾ' ਦੇ ੧੭ਵੇਂ ਅਧਿਆਇ ਵਿਚ ਵਿਚ ਵੀ ਦ੍ਰਿਸ਼ਟਮਾਨ ਤੇ ਅਦ੍ਰਿਸ਼ਟਮਾਨ ਦਾ ਮੂਲ-ਸਰੋਤ 'ਓਮ' ਹੀ ਹੈ, ਜੋ ਈਸ਼ਵਰ ਦੇ ਸਦ-ਚਿਤ-ਅਨੰਦ ਸਰੂਪ ਦਾ ਹੀ ਨਾਂ ਹੈ।

ਪਤੰਜਲੀ ਨੇ 'ਯੋਗ ਦਰਸ਼ਨ' ਵਿਚ ਸਪਸ਼ਟ ਲਿਖਿਆ ਹੈ ਕਿ ਇਹ ਪਦ ਈਸ਼ਵਰ ਦਾ ਹੀ ਵਾਚਕ ਹੈ।

ਦਾਰਸ਼ਨਿਕ ਨਜ਼ਰੀਏ ਤੋਂ ਓਅੰਕਾਰ ਬਾਣੀ ਦੀ ਸਮੱਸਿਆ ਉਸ ਵਿਅਕਤੀ ਦੀ ਵੀ ਸਮੱਸਿਆ ਹੈ ਜੋ ਪਰਮਾਤਮਾ ਵਿਚ ਵਿਸ਼ਵਾਸ਼ ਰਖਦਾ ਹੈ। ਉਸੇ ਨਾਲ ਸੰਬੰਧ ਸਥਾਪਤ ਕਰਨਾ ਚਾਹੁੰਦਾ ਹੈ। ਉਸੇ ਦਾ ਸਿਮਰਨ ਕਰਨਾ ਚਾਹੁੰਦਾ ਹੈ। ਉਹ ਆਪਣੇ ਆਪ ਨੂੰ ਅਧਿਆਤਮਕ ਦ੍ਰਿਸ਼ਟੀ ਨਾਲ ਐਨਾ ਉੱਚਾ ਕਰ ਲੈਂਦਾ ਹੈ ਕਿ ਉਹ ਹੱਸਦਾ-ਖੇਡਦਾ, ਕੰਮ-ਧੰਦਾ ਕਰਦਾ, ਖਾਂਦਾ-ਪੀਂਦਾ ਓਅੰਕਾਰ ਨਾਲ ਜੁੜਿਆ ਰਹਿੰਦਾ ਹੈ। ਮੋਹ ਮਾਇਆ ਉਹਨੂੰ ਬੰਨ ਨਹੀਂ ਸਕਦੇ। ਉਹ ਚਿੱਕੜ ਵਿਚ ਕਮਲ ਵਾਂਗ ਖਿੜਿਆ ਰਹਿੰਦਾ ਹੈ। ਮੌਤ ਦਾ ਉਸਨੂੰ ਭੈ ਨਹੀ ਰਹਿੰਦਾ।

ਇਸ ਟੀਚੇ ਦੀ ਪ੍ਰਾਪਤੀ ਲਈ ਮਨੁੱਖ ਨੂੰ ਉਸਦੇ ਅੰਦਰ ਦੇ ਅਹੰਮ ਭਾਵ ਤੋਂ ਵੀ ਮੁਕਤ ਕਰਾਉਣਾ ਹੋਵੇਗਾ। ਕਿਉਂਕਿ ਜਦੋਂ ਮਨੁੱਖ ਕੋਈ ਐਸਾ ਵੈਸਾ ਕੰਮ ਕਰਦਾ ਹੈ ਤਾਂ ਉਸਦਾ ਕਾਰਨ ਉਸਦੇ ਅੰਦਰ ਘਰ ਕਰੀ ਬੈਠਾ ਅਹੰਮ ਹੀ ਹੈ। ਇਸ ਅਹੰਮ ਦੇ ਨਿਵਾਰਨ ਦੀ ਜੁਗਤ ਗੁਰੂ ਹੀ ਜਾਣਦਾ ਹੈ, ਉਹ ਹੀ ਅਹੰਮ ਦਾ ਨਿਵਾਰਨ ਕਰ ਸਕਦਾ ਹੈ।

ਗੁਰੂ ਨਾਨਕ ਦਾ ਪਾਧਾ, ਗੁਰੂ ਹੀ ਹੈ। ਉਸੇ ਨੇ ਆਪ ਖ਼ੁਦ ਜੋ ਨਾਮ ਧਨ ਇਕੱਠਾ ਕੀਤਾ ਹੈ ਤਾਂ ਅਨੁਯਾਈਆਂ ਵਿਚ ਉਸ ਦਾ ਬੀ ਬੀਜ ਸਕਦਾ ਹੈ।

ਜਿਸ ਰਾਮ ਨਾਮ, ਓਅੰਕਾਰ, ਓਮ (ॐ) ਆਦਿ ਨੂੰ ਸਮਾਨ ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ ਉਸਨੂੰ ਸਮਝਣ ਵਿਚ ਇਹ ਚਿੱਤਰ ਸਹਾਈ ਹੋ ਸਕਦਾ ਹੈ:



ਓਮ ਦਾ ਉਤੇ ਦਿਤਾ ਗਿਆ ਚਿੱਤਰ ਅਤੇ ਉਸਦੇ ਨਾਲ ਦਿੱਤੇ ਗਏ ਸੰਕੇਤ, ਬਿੰਦੂ ਤੋਂ ਅਰਧ ਚੰਦਰ ਰਾਹੀਂ ਉਨਮਨਾ ਤੱਕ ਦੀ ਯਾਤ੍ਰਾ ਲਈ ਸਾਧਕ ਨੂੰ ਤਿਆਰ ਕਰ ਸਕਦੇ ਹਨ। ਕੋਈ ਕਿੰਨੀ ਤਪ-ਸਾਧਨਾ ਕਰਦਾ ਹੈ, ਕਿਸ ਪੱਧਰ ਤਕ ਪ੍ਰਾਪਤੀ ਕਰ ਲੈਂਦਾ ਹੈ, ਕਿੰਨੇ ਲੰਮੇ ਸਮੇਂ ਤੱਕ ਧਿਆਨ ਵਿਚ ਰਹਿੰਦਾ ਹੈ ਉਸਦੀ ਸਮਰਥਾ ਹੈ। ਮੋਹ ਮਾਇਆ ਨੂੰ ਛੱਡਕੇ ਕਰਮ ਇੰਦਰੀਆਂ, ਗਿਆਨ ਇੰਦਰੀਆਂ ਨੂੰ ਵੱਸ ਵਿਚ ਕਰਕੇ, ਸੰਸਾਰਕ ਬੰਧਨਾਂ ਤੋਂ ਕਿੰਨਾ ਉੱਚਾ ਉਠ ਸਕਦਾ ਹੈ। ਇਹ ਤਾਂ ਸਾਧਨਾ ਦੀ ਇਕਾਗਰਤਾ ਦੀ ਗੱਲ ਹੈ ਪਰ ਜੇ ਅਧਿਆਪਕ ਆਪ ਇਹ ਮੰਨ ਲਵੇ ਕਿ ਉਸ ਦਾ ਵਜੂਦ ਜਿਸ ਕਰਕੇ ਹੈ ਉਸੇ ਨੇ ਦੂਸਰਿਆਂ ਨੂੰ ਹੋਂਦ ਵਿਚ ਲਿਆਂਦਾ ਹੈ ਤਾਂ ਮਨੁੱਖ ਦੇ ਅੰਦਰ ਦੀ ਮੈਲ ਸਾਫ਼ ਹੋ ਸਕਦੀ ਹੈ। ਆਮ ਤੌਰ ਤੇ ਮਨੁੱਖ ਬਾਹਰ ਦੇ ਪਲੀਤ ਵਾਤਾਵਰਨ ਨੂੰ ਸੁਧ ਕਰਨ ਦੀ ਗੱਲ ਤਾਂ ਕਰਦਾ ਹੈ। ਉਹ ਚਾਹੁੰਦਾ ਹੈ ਕਿ ਉਸਦਾ ਘਰ ਆਲਾ-ਦੁਆਲਾ, ਗਲੀ-ਗੁਆਂਢ, ਸੜਕ-ਬਾਜ਼ਾਰ, ਪਿੰਡ-ਸ਼ਹਿਰ ਸਾਰੇ ਗੰਦਗੀ ਤੇ ਬਦਬੋ ਤੋਂ ਮੁਕਤ ਹੋਣ ਪਰ ਅੰਦਰ ਦੀ ਪਲੀਤੀ।

ਉਸਦੀ ਇੱਛਾ ਹੁੰਦੀ ਹੈ ਕਿ ਹਵਾ-ਪਾਣੀ ਅਤੇ ਅਵਾਜ਼ ਦੂਸ਼ਿਤ ਨਾ ਹੋਵੇ ਅਤੇ ਉਹਨੂੰ ਸਰੀਰਕ ਕਸ਼ਟ ਨਾ ਦੇਵੇ। ਦੂਸਰ ਉਸ ਦਾ ਭਲਾ ਕਰਨ, ਨਿਸ਼ਕਾਮ ਸੇਵਾ। ਪਰ ਭਲਾ ਕਰਨ ਨਾਲ ਭਲਾ ਹੁੰਦਾ ਹੈ ਤੇ ਭਲਾ ਕਰਨ ਦੀ ਭਾਵਨਾ ਸ਼ੁਧ ਮਨ ਤੋਂ ਹੀ ਉਪਜਦੀ ਹੈ। ਸ਼ੁਧ ਮਨ ਸ਼ੁਧ ਵਿਚਾਰਾਂ ਨਾਲ ਬਣਦਾ ਹੈ, ਸ਼ੁਧ ਸਾਧਨਾ ਨਾਲ ਬਣਦਾ ਹੈ ਤੇ ਸ਼ੁਧਤਾ ਤੇ ਪਵਿੱਤਰਤਾ ਨਾਲ ਜੁੜਨ ਨਾਲ ਬਣਦਾ ਹੈ। ਜੇ ਇਹ ਸ਼ੁਧਤਾ ਮਨੁੱਖ ਵਿਚ ਆ ਜਾਏ ਤਾਂ ਕਦਰਾਂ ਕੀਮਤਾਂ ਤੇ ਸਦਾਚਾਰ ਦੀ ਸਿੱਖਿਆ ਦੇਣ ਦੀ ਲੋੜ ਨਹੀਂ ਰਹਿ ਜਾਂਦੀ ਸਗੋਂ ਉਹ ਸਹਿਜੇ ਹੀ ਆਪਣੇ ਆਪ ਅਮਲ ਵਿਚ ਆਉਂਦੀ ਰਹੇਗੀ।

ਇਹ ਕਾਰਜ ਆਦਰਸ਼ ਅਧਿਆਪਕ ਹੀ ਕਰ ਸਕਦਾ ਹੈ। ਓਮ ਸਿੱਧਮ।



Sri Satguru Jagjit Singh Ji eLibrary NamdhariElibrary@gmail.com

ਈਸਟ ਅਫ਼ਰੀਕਾ ਦੀ ਯਾਤਰਾ-੪

# ਅਫ਼ਰੀਕਾ ਦੀ ਹਿੰਦੂ ਕਾਨਫਰੰਸ

—ਜਗਦੀਸ਼ ਸਿੰਘ

੭-੮-੯ ਅਗਸਤ ੧੯੯੮ ਨੂੰ ਕੀਨੀਆ ਦੀ ਰਾਜਧਾਨੀ ਨੈਰੋਬੀ ਵਿਚ ਦੂਸਰੀ ਆਲ ਅਫਰੀਕਾ ਹਿੰਦੂ ਕਾਨਫਰਸ ਦਾ ਪ੍ਰਗਰਾਮ ਸੀ। ਕਈ ਦਿਨਾਂ ਤੋਂ ਸਤਿਗੁਰੂ ਜੀ ਨੂੰ ਮਿਲਣ ਵਾਸਤੇ ਕਾਨਫ਼ਰੰਸ ਦੇ ਮੁੱਖ ਲੀਡਰ ਆਉਂਦੇ ਰਹੇ ਸਨ। ਪਹਿਲੇ ਦੋ ਦਿਨ ਤਾਂ ਪ੍ਰੋਗਰਾਮ ਸਨਾਤਨ ਧਰਮ ਦੇ ਵਿਸ਼ਾਲ ਮੰਦਰ ਵਿਚ ਹੋਣਾ ਸੀ ਅਤੇ ਅੰਤਲੇ ਦਿਨ ਜਲੂਸ ਝਾਕੀਆਂ ਅਤੇ ਖੁਲ੍ਹਾ ਸਮਾਗਮ ਸਟੇਡੀਅਮ ਵਿਚ ਹੋਣਾ ਸੀ ਜਿਸ ਵਿਚ ਕੀਨੀਆ ਦੇਸ਼ ਦੇ ਪ੍ਰਧਾਨ ਸਾਹਿਬ (ਪ੍ਰੈਜ਼ੀਡੈਂਟ) ਨੇ ਆਉਣਾ ਸੀ। ਕੀਨੀਆ ਦੇ ਰਾਜ ਪ੍ਰਬੰਧ ਵਿਚ ਪ੍ਰੈਜ਼ੀਡੈਂਟ ਦਾ ਅਹੁਦਾ ਸਰਵ ਉੱਚ ਹੈ। ਇਸ ਕਰਕੇ ਹੋਰ ਸਭ ਸੰਸਥਾਵਾਂ ਦੇ ਪ੍ਰਧਾਨਾਂ ਨੂੰ ਚੇਅਰਮੈਨ ਹੀ ਆਖਿਆ ਜਾਂਦਾ ਹੈ, ਪ੍ਰਜ਼ੀਡੈਂਟ ਨਹੀਂ। ਕੀਨੀਆ ਦੀ ਆਜ਼ਾਦੀ ਤੋਂ ਬਾਦ ਪਹਿਲੇ ਪ੍ਰਧਾਨ ਸ੍ਰੀ ਜੋਮੋ ਕਨਿਆਟਾ ਬਣੇ ਸਨ ਜਿਨ੍ਹਾਂ ਆਪਣੇ ਦੇਸ਼ ਦੀ ਆਜ਼ਾਦੀ ਵਾਸਤੇ ਭਾਰੀ ਸ਼ਾਂਤਮਈ ਸੰਘਰਸ਼ ਕੀਤਾ ਸੀ। ਉਹਨਾਂ ਜੇਹਲਾਂ ਦੀਆਂ ਕੈਦਾਂ ਅਤੇ ਹੋਰ ਕਸ਼ਟ ਝੱਲੇ ਸਨ। ਉਹ ਮਹਾਤਮਾ ਗਾਂਧੀ ਜੀ ਤੋਂ ਵੀ ਬਹੁਤ ਪ੍ਰਭਾਵਿਤ ਸਨ।

ਜੋਮੋ ਕਨਿਆਟਾ ਸੰਸਾਰ ਪੱਧਰ ਦੇ ਨੇਤਾ ਸਨ ਅਤੇ ਦੇਸ਼ ਵਿਚ ਬਹੁਤ ਹਰਮਨ ਪਿਆਰੇ ਸਨ। ਅੱਜ ਕਲ ਕੀਨੀਆ ਦੇ ਪ੍ਰਧਾਨ ਸ੍ਰੀ ਡੈਨੀਅਲ ਅਰਪਮੋਈ ਹਨ। ਨਾਮਧਾਰੀ ਭਾਈਚਾਰੇ ਨਾਲ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਨਾਲ ਪ੍ਰਧਾਨ ਜੋਮੋ ਕਨਿਆਟਾ ਦਾ ਡੂੰਘਾ ਸਨੇਹ ਸੀ ਅਤੇ ਮੌਜੂਦਾ ਪ੍ਰਧਾਨ ਵੀ ਆਪ ਨੂੰ ਜਾਣਦੇ ਅਤੇ ਆਦਰ ਦਿੰਦੇ ਹਨ। ਹਿੰਦੂ ਕਾਨਫਰੰਸ ਵਿਚ ਦੇਸ਼ ਦੇ ਪ੍ਰਧਾਨ ਦਾ ਆਉਣਾ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦਾ ਉਸ ਵਿਚ ਉਚੇਚਿਆਂ ਸ਼ਾਮਲ ਹੋਣਾ ਨਿਰਸੰਦੇਹ ਇਹ ਕਾਨਫਰੰਸ ਵਾਸਤੇ ਬਹੁਤ ਸੁਭਾਗ ਭਰੀ ਗੱਲ ਸੀ।

੭ ਤਾਰੀਖ ਨੂੰ ਕਾਨਫਰੰਸ ਦਾ ਅਰੰਭ ਸੀ। ਇਹ ਆਲ ਅਫ਼ਰੀਕਾ ਕਾਨਫਰੰਸ ਹਿੰਦੂ ਕੌਂਸਲ ਆਫ ਕੀਨੀਆ ਦੀ ਮੇਜ਼ਬਾਨੀ ਵਿਚ ਹੋ ਰਹੀ ਸੀ। ਕੀਨੀਆ ਦੀ ਹਿੰਦੂ ਕੌਂਸਲ ਪ੍ਰਭਾਵਸ਼ਾਲੀ ਜਥੇਬੰਦੀ ਹੈ। ਹਿੰਦੂ ਦੇ ਅਰਥਾਂ ਵਿਚ ਇਥੇ ਸਿੱਖ ਅਤੇ ਹੋਰ ਭਾਰਤੀ ਧਰਮ ਵੀ ਸ਼ਾਮਲ ਹੀ ਹੁੰਦੇ ਹਨ। ਇਹ ਉਥੋਂ ਦੀ ਲੋੜ ਦੇ ਮੁਤਾਬਕ ਹੀ ਹੈ।

ਇਸ ਕਾਨਫਰੰਸ ਵਿਚ ਕੁਲ ੧੩ ਦੇਸ਼ਾਂ ਦੇ ਪ੍ਰਤੀਨਿਧ ਸ਼ਾਮਲ ਹੋਏ। ਇਹਨਾਂ 'ਚੋਂ ੯ ਦੇਸ਼ ਤਾਂ ਅਫ਼ਰੀਕਾ ਦੇ ਜਾਂ ਅਫਰੀਕਾ ਦੇ ਨਾਲ ਦੇ ਸਨ ਅਤੇ ਬਾਕੀ ਚਾਰ ਵਿਚ ਭਾਰਤ, ਜਰਮਨੀ, ਇੰਗਲੈਂਡ ਅਤੇ ਯੂ.ਐਸ.ਏ. (ਅਮਰੀਕਾ) ਸ਼ਾਮਲ ਸਨ। ਅਫ਼ਰੀਕੀ ਦੇਸ਼ਾਂ ਵਿਚੋਂ ਸਭ ਤੋਂ ਭਾਰੀ ਹਾਜ਼ਰੀ ਤਾਂ ਕੀਨੀਆ ਦੀ ਹੀ ਸੀ। ਉਸ ਤੋਂ ਬਾਦ ਮਾਰੀਸ਼ਸ ਤੋਂ ਵੀ ਤਗੜਾ ਡੈਲੀਗੇਸ਼ਨ ਆਇਆ ਸੀ। ਸਾਊਥ ਅਫਰੀਕਾ ਦੇ ਦੇਸ਼ ਚੋਂ ਵੀ ਭਾਰੀ ਪ੍ਰਤੀਨਿਧੀ ਮੰਡਲ ਆਇਆ ਸੀ। ਬੋਤਸਵਾਨਾ ਘਾਨਾ, ਮਡਗਾਸਕਰ, ਤਨਜ਼ਾਨੀਆ, ਯੂਗੰਡਾ, ਜ਼ਾਂਬੀਆ ਤੋਂ ਵੀ ਪ੍ਰਤੀਨਿਧ ਆਏ ਸਨ। ਇਹ ਕਾਨਫਰੰਸ ਅਖਬਾਰਾਂ ਵਿਚ ਬਹੁਤ ਚਰਚਾ ਦਾ ਵਿਸ਼ਾ ਸੀ ਦਰਅਸਲ ਇਹ ਭਾਰਤੀ ਮੂਲ ਦੇ ਸਾਰੇ ਹੀ ਲੋਕਾਂ ਵਾਸਤੇ ਅਹਿਮੀਅਤ ਰਖਦੀ ਸੀ। ਬਦਲਦੇ ਹੋਏ ਰਾਜਸੀ ਅਤੇ ਆਰਥਿਕ ਪਰਸੰਗਾਂ 'ਵਿਚ ਇਸ ਦੀ ਅਹਿਮੀਅਤ ਹੋਰ ਵੀ ਵੱਧ ਸੀ। ਸਤਿਗੁਰੂ ਜੀ ਵਲੋਂ ਉਸ ਕਾਨਫਰੰਸ ਵਿਚ ਜਾਣਾ ਕਾਨਫ਼ਰੰਸ ਦੀ ਸਫਲਤਾ ਦੀ ਕੁੰਜੀ ਸੀ। ਦਰਅਸਲ ਬਹੁਤ ਸਾਰੇ ਪ੍ਰੋਗਰਾਮਾਂ ਨੂੰ ਲਾਂਭੇ ਕਰਕੇ ਇਸ ਕਾਨਫਰੰਸ ਵਿਚ ਸ਼ਮੂਲੀਅਤ ਨੇ ਕੀਨੀਆ ਹਿੰਦੂ ਕੌਂਸਲ ਦੇ ਮੈਂਬਰਾਂ ਦਾ ਮਨ ਮੋਹ ਲਿਆ ਸੀ। ਕੀਨੀਆ ਹਿੰਦੂ ਕੌਂਸਲ ਦੇ ਇਕ ਸਮੇਂ ਪ੍ਰਧਾਨ ਪ੍ਰਸਿੱਧ ਨਾਮਧਾਰੀ ਸ. ਹਰਭਜਨ ਸਿੰਘ ਸੀਹਰਾ ਵੀ ਰਹਿ ਚੁੱਕੇ ਹਨ।

ਇਸ ਕਾਨਫ਼ਰੰਸ ਵਾਸਤੇ ਅਸੀਂ ਸਤਿਗੁਰੂ ਜੀ ਦੇ ਨਾਲ ਵੱਖ ਵੱਖ ਗੱਡੀਆਂ ਵਿਚ ਸੂਬਾ ਸਤਨਾਮ ਸਿੰਘ ਜੀ ਦੇ ਘਰ ਤੋਂ ਚੱਲੇ। ਸਾਰੀ ਸੰਗਤ ਤਾਂ ਨਹੀਂ ਚੋਣਵੇਂ ਡੈਲੀਗੇਟ ਹੀ ਨਾਲ ਗਏ। ਰਸਤੇ ਵਿਚ ਹੀ ਕਾਨਫ਼ਰੰਸ ਅਸਥਾਨ ਤੋਂ ਆਪਣੇ ਬੰਦੇ ਦਾ ਸੰਦੇਸ਼ ਆਇਆ, ਜੋ ਸਾਡੀ ਗੱਡੀ ਦੇ ਚਾਲਕ ਸੂਬਾ ਜੀ ਦੇ ਭਾਈ ਸਾਹਿਬ ਨੇ ਸੁਣਿਆ। ਸੰਦੇਸ਼ ਇਹ ਸੀ ਕਿ ਸਤਿਗੁਰੂ ਜੀ ਠਹਿਰਕੇ ਆਉਣ...ਅਜੇ ਇਥੇ ਬਹੁਤ ਘੱਟ ਬੰਦੇ ਪੁਜੇ ਹਨ। ਮੋਬਾਈਲ ਫੋਨ ਤੇ ਸੂਬਾ ਜੀ ਨਾਲ ਸੰਪਰਕ ਕੀਤਾ ਗਿਆ। ਸੜਕ ਤੇ ਗੱਡੀਆਂ ਤਾਂ ਰੁਕ ਨਹੀਂ ਸਨ ਸਕਦੀਆਂ। ਇਕ ਪੈਟਰੋਲ ਸਟੇਸ਼ਨ ਤੇ ਗੱਡੀਆਂ ਖੜ੍ਹੀਆਂ ਕਰਕੇ ਸਤਿਗੁਰੂ ਜੀ ਨੂੰ ਅਰਜ਼ ਕੀਤੀ ਗਈ। ਸਤਿਗੁਰੂ ਜੀ ਨੇ ਇਸ਼ਾਰਾ ਕੀਤਾ ਕਿ 'ਰੁਕਣਾ ਨਹੀਂ ਚੱਲਣਾ



Sri Satguru Jagjit Singh Ji eLibrary NamdhariElibrary@gmail.com

ਹੀ ਹੈ। ਮੇਰੇ ਮਨ ਵਿਚ ਖਿਆਲ ਆਇਆ ਕਿ ਜੇ ਕੋਈ ਹੋਰ ਸਿਆਸੀ ਲੀਡਰ ਹੁੰਦਾ ਤਾਂ ਉਹ ਕਦੇ ਵੀ ਪਹਿਲੋਂ ਨਾ ਜਾਂਦਾ, ਪਰ ਸਤਿਗੁਰੂ ਜੀ ਨੂੰ ਤਾਂ ਇਸ ਗੱਲ ਦੀ ਕੋਈ ਪ੍ਰਵਾਹ ਨਹੀਂ ਸੀ ਕਿ ਉਥੇ ਸੁਆਗਤਾਰਥੀ ਕਿੰਨੇ ਹਨ। ਉਹ ਤਾਂ ਕੇਵਲ ਉਸ ਕਾਰਜ ਨਾਲ ਸੰਬੰਧਤ ਸਨ।

ਸ੍ਰੀ ਸਨਾਤਨ ਧਰਮ ਸਭਾ ਮੰਦਿਰ ਕੋਈ ਸਾਧਾਰਨ ਮੰਦਿਰ ਨਹੀਂ ਸੀ। ਕਈ ਏਕੜਾਂ ਵਿਚ ਫੈਲਿਆ ਇਹ ਪਰੀਸਰ ਸੀ। ਇਸ ਵਿਚ ਕਾਰਾਂ ਖੜ੍ਹੀਆਂ ਕਰਨ ਲਈ ਬਹੁਤ ਖੁਲ੍ਹੀ ਥਾਂ ਸੀ, ਸੜਕਾਂ ਸਨ, ਘਾਹ ਦੇ ਲਾਅਨ ਸਨ। ਇਕ ਸ਼ਾਨਦਾਰ ਮੰਦਿਰ ਸੀ। ਨਾਲ ਹੀ ਇਕ ਬਹੁਤ ਵਿਸ਼ਾਲ ਹਾਲ ਸੀ। ਉਸ ਦੇ ਨਾਲ ਬਰਾਂਡੇ, ਲੰਗਰ ਆਦਿ ਲਈ ਸ਼ੈੱਡ ਸਨ ਅਤੇ ਹੋਰ ਬਹੁਤ ਸਾਰੇ ਕਾਰਜਾਂ ਲਈ ਰਾਖਵੀਆਂ ਥਾਵਾਂ ਅਤੇ ਕਮਰੇ ਸਨ। ਇਹ ਕੇਵਲ ਇਕ ਮੰਦਿਰ ਹੀ ਨਹੀਂ ਸਗੋਂ ਲੋਕਾਂ ਦੇ ਸਮਾਜਕ ਕਾਰਜਾਂ, ਵਿਆਹ ਸ਼ਾਦੀਆਂ ਅਤੇ ਮਰਨੇ-ਪਰਨੇ ਤੇ ਵੱਡੇ-ਵੱਡੇ ਇਕੱਠਾਂ ਵਾਸਤੇ ਵਿਸ਼ਾਲ ਥਾਂ ਸੀ। ਇਕਾਂਤ ਵੀ ਸੀ ਅਤੇ ਮੁਖ ਸੜਕ ਉਤੇ ਹੁੰਦਾ ਹੋਇਆ ਵੀ ਉਸ ਤੋਂ ਹਟਵਾਂ ਸੀ। ਸਾਰਾ ਹੀ ਕਾਨਫਰੰਸ ਦਾ ਇਲਾਕਾ ਖੂਬ ਸਜਾਇਆ ਗਿਆ ਸੀ।

ਜਦੋਂ ਅਸੀਂ ਪਹੁੰਚੇ ਤਾਂ ਅਸਾਂ ਵੇਖਿਆ ਕਿ ਸੂਚਨਾ ਦੇ ਉਲਟ ਕਾਫੀ ਲੋਕ ਉਥੇ ਹਾਜ਼ਰ ਸਨ। ਹਲਕੀ ਠੰਡ ਵਿਚ ਹਲਕੀ ਧੁੱਪ ਬਹੁਤ ਸੁਖਦਾਈ ਲਗ ਰਹੀ ਸੀ। ਸਤਿਗੁਰੂ ਜੀ ਦੇ ਸੁਆਗਤ ਵਾਸਤੇ ਵਿਸ਼ਵ ਹਿੰਦੂ ਪ੍ਰੀਸ਼ਦ ਦੇ ਕਾਰਜਕਾਰੀ ਪ੍ਰਧਾਨ ਸ੍ਰੀ ਅਸ਼ੋਕ ਸਿੰਗਲ, ਹਿੰਦੂ ਕੌਂਸਲ ਕੀਨੀਆ ਦੇ ਮੀਤ ਪ੍ਰਧਾਨ, ਸ੍ਰੀ ਪ੍ਰਭੂ ਦਾਸ ਪਟਨੀ, ਸ. ਹਰਭਜਨ ਸਿੰਘ ਸੀਹਰਾ ਸਾਬਕਾ ਨੈਸ਼ਨਲ ਪ੍ਰਧਾਨ ਅਤੇ ਹੋਰ ਅਧਿਕਾਰੀ ਉਥੇ ਹਾਜ਼ਰ ਸਨ। ਬਹੁਤ ਅਧੀਨਗੀ, ਬਹੁਤ ਸਨਮਾਨ ਨਾਲ ਸਿੰਗਲ ਹੋਰਾਂ ਸੁਆਗਤ ਕੀਤਾ। ਅਤੇ ਸਤਿਕਾਰ ਸਹਿਤ ਸਤਿਗੁਰੂ ਜੀ ਨੂੰ ਅੰਦਰ ਲੈ ਗਏ।

ਸਟੇਜ ਤੇ ਸਸ਼ੋਭਿਤ ਹੋਏ ਤਾਂ ਕਾਨਫਰੰਸ ਦੇ ਮੁਖ ਆਯੋਜਕ ਵਿਸ਼ਵ ਵਿਖਿਆਤ ਸੰਨਿਆਸੀ ਅਤੇ ਸਾਬਕਾ ਸ਼ੰਕਰਾਚਾਰੀਯ ਸ੍ਰੀ ਸੁਆਮੀ ਸਤਿਆਨੰਦ ਗਿਰੀ ਜੀ ਮਹਾਰਾਜ ਆ ਗਏ ਅਤੇ ਸਤਿਗੁਰੂ ਜੀ ਦਾ ਹਾਰਦਿਕ ਅਭਿਨੰਦਨ ਕਰਦਿਆਂ ਆਪ ਜੀ ਨੂੰ ਵਿਸ਼ੇਸ਼ ਕੁਰਸੀ ਤੇ ਬੈਠਣ ਲਈ ਬੇਨਤੀ ਕੀਤੀ।

ਸੁਆਮੀ ਜੀ ਤੋਂ ਇਲਾਵਾ ਸਤਿਗੁਰੂ ਜੀ ਨਾਲ ਭਾਰਤ ਦੇ ਹਾਈ ਕਮਿਸ਼ਨਰ ਸ੍ਰੀ ਰਾਜੀਵ ਭਾਟੀਆ ਜੀ ਵੀ ਬੈਠੇ। ਹੌਲੀ ਹੌਲੀ ਸਟੇਜ ਤੇ ਬਹੁਤ ਪ੍ਰਸਿੱਧ ਲੀਡਰ ਵੀ ਵੱਖ ਵੱਖ ਕੁਰਸੀਆਂ ਤੇ ਬੈਠ ਗਏ। ਇਹਨਾਂ 'ਚੋਂ ਕੁਝ ਸਨ, ਸ੍ਰੀ ਅਸ਼ੋਕ ਸਿੰਗਲ ਜੀ, ਸੁਆਮੀ ਘਾਨਾਨੰਦ ਜੀ ਸਰਸਵਤੀ ਘਾਨਾ ਦੇਸ਼ ਤੋਂ (ਇਹ ਅਫਰੀਕੀ ਮੂਲ ਦੇ ਹਿੰਦੂ ਹਨ), ਗੋਰੇ ਹਿੰਦੂਆਂ ਦੀ ਸੰਸਥਾ ਇਸਕੌਨ ਵਲੋਂ ਸ੍ਰੀ ਗੋਪਾਲ ਕ੍ਰਿਸ਼ਨਾ ਗੋਸੁਆਮੀ ਅਤੇ ਹਿੰਦੂ ਕੌਂਸਲ ਆਫ ਕੀਨੀਆ ਦੇ ਪਦ ਅਧਿਕਾਰੀ ਬੈਠੇ ਸਨ। ਇਹਨਾਂ ਵਿਚ ਸ੍ਰੀ ਮੂਲਜੀ ਭਾਈ ਪਿੰਡੋਲੀਆ ਚੇਅਰਮੈਨ, ਸ੍ਰੀ ਰਸਨੀ ਭਾਈ ਕੰਟਾਰੀਆ ਸਾਬਕਾ ਚੇਅਰਮੈਨ ਅਤੇ ਟਰਸਟੀ ਸ੍ਰੀ ਐਸ.ਐਮ. ਪਟੇਲ, ਸ੍ਰੀ ਮ.ਮ. ਭੰਡਾਰੀਆ, ਸ੍ਰੀ ਸ.ਕ. ਰਾਵਲ, ਸ੍ਰੀ ਪ੍ਰੇਮ ਚੰਦ ਭਾਈ ਸ਼ਾਹ, ਸ੍ਰੀ ਟ.ਕ. ਪਟੇਲ, ਸ੍ਰੀ ਪ.ਡ. ਪਟਨੀ, ਸ੍ਰੀ ਆਰ.ਸੀ. ਸ਼ਰਮਾ ਅਤੇ ਸ੍ਰੀ ਰ.ਪ. ਚਿਟਨਿਸ (ਸਕੱਤਰ) ਸ਼ਾਮਲ ਸਨ।

ਸਾਨੂੰ ਨਾਲ ਗਿਆਂ ਨੂੰ ਰਜਿਸਟਰ ਕੀਤਾ ਗਿਆ ਬੈਜ ਅਤੇ ਬੈਗ ਦਿਤੇ ਗਏ ਫੁੱਲ ਲਾਏ ਗਏ। ਮੈਨੂੰ ਤੇ 'ਸਰਬ' ਨੂੰ ਭਾਰਗਵ ਗਰੁਪ ਅਲਾਟ ਕੀਤਾ ਗਿਆ। ਸਾਰੇ ਡੈਲੀਗੇਟ ਛੇ ਮੁਨੀਆਂ ਦੇ ਨਾਮ ਤੇ ਗਰੁਪਾਂ ਵਿਚ ਵੰਡੇ ਗਏ। ਇਹ ਸਨ ਵਿਆਸ, ਵਾਲਮੀਕੀ, ਭਾਰਗਵ, ਮੈਤਰੇਈ, ਗਾਰਗੀ ਅਤੇ ਸਾਵਿਤਰੀ। ਹਾਲ ਵਿਚ ਬੈਠਣ ਵਾਸਤੇ ਹਰ ਡੈਲੀਗੇਟ ਕੋਲ ਕੁਰਸੀ ਤਾਂ ਸੀ ਹੀ ਅਗੇ ਮੇਜ਼ ਸੀ ਜਿਸ ਤੇ ਸਫੈਦ ਕਪੜਾ ਸੀ।

ਕਾਨਫਰੰਸ ਦਾ ਆਰੰਭ ਸ੍ਰੀ ਪ੍ਰਸ਼ੋਤਮ ਰਾਓ ਵਲੋਂ ਗਾਈ ਪ੍ਰਾਰਥਨਾ ਨਾਲ ਹੋਇਆ। ਪ੍ਰਾਰਥਨਾ ਭਗਵਾਨ ਅਗੇ ਸੀ ਜਿਸ ਦੇ ਕਈ ਨਾਮ ਹਨ।

ਹਿੰਦੂ ਕੌਂਸਲ ਦੇ ਸਕੱਤਰ ਸ੍ਰੀ ਚਿਟਨਿਸ ਨੇ ਕਾਨਫਰੰਸ ਦੀ ਭੂਮਿਕਾ ਬੰਨੀ। ਬਹੁਤੀ ਕਾਰਵਾਈ ਅੰਗਰੇਜ਼ੀ ਵਿਚ ਹੋ ਰਹੀ ਸੀ। ਸਤਿਗੁਰੂ ਜੀ ਦਾ ਭਾਰਤੀ ਵੇਸ ਸੀ, ਸੁਆਮੀ ਸਤਿਆਨੰਦ ਜੀ ਦਾ ਸਨਿਆਸੀ ਵੇਸ ਸੀ। ਘਾਨਾ ਦੇ ਸ੍ਰੀ ਘਾਨਾਨੰਦ ਦਾ ਵੇਸ ਅਫਰੀਕੀ ਵਾਸੀਆਂ ਵਾਲਾ ਸੀ। ਇਸਕੌਨ ਵਾਲੇ ਮਹਾਂਪੁਰਖ ਗੋਸੁਆਮੀ ਗੋਪਾਲ ਕ੍ਰਿਸ਼ਨਾ ਵੀ ਧੋਤੀ ਨਾਲ ਸਨ। ਨਾਮਧਾਰੀਆਂ ਅਤੇ ਇਕ ਦੋ ਹੋਰ ਨੂੰ ਛਡ ਕੇ ਸਭ ਡੈਲੀਗੇਟ ਅੰਗਰੇਜ਼ੀ ਸੂਟ ਪਾ ਕੇ ਅਤੇ ਟਾਈਆਂ ਲਾ ਕੇ ਆਏ ਸਨ। ਸ੍ਰੀ ਚਿਟਨਿਸ ਕੋਮਲ ਭਾਵੀ ਮਨੁੱਖ ਹਨ ਅਤੇ ਉਹਨਾਂ ਨੇ ਇਥੇ ਸਾਧੂ ਮਹਾਤਮਾਵਾਂ ਦੇ ਆਉਣ ਨੂੰ ਬਹੁਤ ਹੀ ਸ਼ੁਭ ਅਵਸਰ ਦਸਿਆ।

ਹਿੰਦੂ ਕੌਂਸਲ ਆਫ ਕੀਨੀਆ ਦੇ ਚੇਅਰਮੈਨ ਸ੍ਰੀ ਪਿੰਡੋਲੀਆ ਨੇ ਸਟੇਜ ਤੇ ਸ਼ਸ਼ੋਭਿਤ ਸਭ ਮਹਾਂਪੁਰਖਾਂ ਦੇ ਗਲੇ



Sri Satguru Jagjit Singh Ji eLibrary NamdhariElibrary@gmail.com

ਵਿਚ ਹਾਰ ਪਾ ਕੇ ਸੁਆਗਤ ਕੀਤਾ।

ਕਾਨਫਰੰਸ ਦਾ ਕੁੰਜੀਵਤ ਭਾਸ਼ਨ ਸ੍ਰੀ ਅਸ਼ੋਕ ਸਿੰਗਲ ਹੋਰਾਂ ਦਿਤਾ। ਉਹਨਾਂ ਕਿਹਾ ਕਿ ਸਾਡੀ ਸੰਸਕ੍ਰਿਤੀ ਸਰਵ ਸ੍ਰੇਸ਼ਠ ਰਹੀ ਹੈ ਪਰ ਉਸ ਨਾਲ ਸੰਗਠਨ ਨਹੀਂ। ਸ਼ਕਤੀ ਸੰਗਠਨ ਵਿਚ ਹੁੰਦੀ ਹੈ। ਕਾਨਫਰੰਸ ਦਾ ਮੁਖ ਮੰਤਵ ਅਫਰੀਕਾ ਦੇ ਸਾਰੇ ਹਿੰਦੂਆਂ ਨੂੰ ਇਕ ਵਿਸ਼ਾਲ ਪੱਧਰ ਦੀ ਸੰਸਥਾ ਵਿਚ ਇਕੱਠਿਆਂ ਕਰਨਾ ਹੈ। ਹਿੰਦੂਆਂ ਨੇ ਜਾਤ ਪਾਤ ਅਤੇ ਸੰਪਰਦਾਵਾਂ ਦੀਆਂ ਵੰਡੀਆਂ ਤੋਂ ਬਹੁਤ ਨੁਕਸਾਨ ਉਠਾਇਆ ਹੈ ਇਹ ਹੁਣ ਨਹੀਂ ਹੋਣਾ ਚਾਹੀਦਾ। ਹਿੰਦੂਆਂ ਦੀ ਗਿਣਤੀ ੮੫ ਕਰੋੜ ਹੈ ਉਹਨਾਂ ਨੂੰ ਚਾਹੀਦਾ ਹੈ ਕਿ ਬਾਕੀ ਦੁਨੀਆ ਵਿਚ ਆਪਣੀ ਪਛਾਣ ਬਨਾਉਣ। ਭਾਰਤ ਵਿਚ ਰਾਸ਼ਟਰੀ ਸੇਵਕ ਸੰਘ ਨੇ ਹਿੰਦੂਆਂ ਨੂੰ ਇਕੱਠਿਆਂ ਕਰਨ ਵਿਚ ਬਹੁਤ ਕੰਮ ਕੀਤਾ ਹੈ। ਜੇ ਅਫ਼ਰੀਕਾ ਅਤੇ ਹੋਰ ਦੇਸ਼ਾਂ ਵਿਚ ਵੀ ਇਹ ਸੰਗਠਿਤ ਹੋ ਜਾਣ ਤਾਂ ਇਹਨਾਂ ਦਾ ਭਵਿਖ ਖੁਸ਼ੀ ਭਰਿਆ ਅਤੇ ਚਮਕਦਾਰ ਹੋ ਜਾਵੇਗਾ।

ਭਾਰਤ ਦੇ ਹਾਈ ਕਮਿਸ਼ਨਰ ਸ੍ਰੀ ਰਾਜੀਵ ਭਾਈਆ ਨੇ ਇਸ ਕਾਨਫ਼ਰੰਸ ਦੇ ਆਯੋਜਨ ਨੂੰ ਹਿੰਦੂ ਕੌਂਸਲ ਦੀ ਭਾਰੀ ਸਫਲਤਾ ਦਸਿਆ। ਉਹਨਾਂ ਕਿਹਾ ਕਿ ਹਿੰਦੂ ਧਰਮ ਸਭ ਤੋਂ ਪੁਰਾਣਾ ਧਰਮ ਹੈ ਅਤੇ ਇਸ ਦਾ ਦੂਸਰਿਆਂ ਧਰਮਾਂ ਪ੍ਰਤੀ ਸਤਿਕਾਰ ਅਤੇ ਬਰਦਾਸ਼ਤ ਕਰਨ ਦੀ ਭਾਵਨਾ ਦਾ ਲੰਮਾ ਰਿਕਾਰਡ ਹੈ ਅਤੇ ਇਸ ਦਾ ਮੂਲ ਅਧਿਆਤਮਵਾਦ ਅਤੇ ਸੈਕੂਲਰਿਜ਼ਮ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪਣੇ ਆਸ਼ੀਰ-ਵਾਦੀ ਪ੍ਰਵਚਨ ਵਿਚ ਫੁਰਮਾਇਆ ਕਿ ਜਿਹੜੇ ਭਾਰਤੀ ਕੀਨੀਆ ਵਿਚ ਆਏ ਹਨ ਉਹਨਾਂ ਨੂੰ ਆਪਣਾ ਪਵਿੱਤਰ ਧਰਮ ਸੇਵਾ ਨੂੰ ਬਨਾਉਣਾ ਚਾਹੀਦਾ ਹੈ। ਪਰੇਮ ਨਾਲ ਸੇਵਾ ਹਰ ਇਕ ਦਾ ਆਦਰਸ਼ ਹੋਣਾ ਚਾਹੀਦਾ ਹੈ। ਸਿਮਰਨ ਅਤੇ ਸੇਵਾ ਧਰਮ ਦੇ ਮੁਖ ਅੰਗ ਹਨ। ਆਪ ਨੇ ਗੁਰਬਾਣੀ ਦੀਆਂ ਤੁਕਾਂ ਦੇ ਆਧਾਰ ਤੇ ਦਸਿਆ ਕਿ ਗੁਰੂ ਨਾਨਕ ਦੇਵ ਜੀ ਨੇ ਵੱਖ ਵੱਖ ਧਰਮਾਂ ਅਤੇ ਜਾਤੀਆਂ ਦੇ ਪ੍ਰਮੁਖ ਲੱਛਣ ਦੱਸੇ ਹਨ ਜਿਨ੍ਹਾਂ ਨੂੰ ਗ੍ਰਹਿਣ ਕਰਨਾ ਚਾਹੀਦਾ ਹੈ। ਆਪ ਨੇ ਦਸਿਆ ਕਿ ਨਾਮਧਾਰੀ ਸਮਾਜ ਦੇ ਇਸ ਦੇਸ਼ ਵਿਚ ਯਥਾ ਯੋਗ ਸੇਵਾ ਕਾਰਜ ਕੀਤੇ ਹਨ। ਇਸ ਦੇਸ਼ ਦੇ ਪਹਿਲੇ ਪ੍ਰਧਾਨ ਸ੍ਰੀ ਯੋਮੋ ਕਨਿਆਟਾ ਦੇ ਪਿੰਡ ਗੁਟੁੰਗੂ ਵਿਚ ਹਸਪਤਾਲ ਦਾ ਇਕ ਵਿੰਗ ਨਾਮਧਾਰੀਆਂ ਵਲੋਂ ਬਣਾਇਆ ਗਿਆ ਅਤੇ ਇਕ ਨਾਮਧਾਰੀ ਡਾਕਟਰ ਸ. ਦਲੀਪ ਸਿੰਘ ਖੜਬੰਦਾ ਸੇਵਾ ਹਿਤ ਹਸਪਤਾਲ ਨੂੰ ਦਿਤਾ ਗਿਆ। ਆਪ ਨੇ ਕਿਹਾ ਕਿ ਸਾਨੂੰ ਆਪਣੀ ਭਾਰਤੀ ਸੰਸਕ੍ਰਿਤੀ ਨੂੰ ਨਹੀਂ ਭੁਲਣਾ ਚਾਹੀਦਾ। ਸਾਡੀ ਬੋਲ ਬਾਣੀ, ਸਾਡੇ ਪਹਿਰਾਵੇ ਅਤੇ ਰਹਿਣ ਸਹਿਣ ਤੋਂ ਭਾਰਤੀ ਸੰਸਕ੍ਰਿਤੀ ਦੀ ਖੁਸ਼ਬੋ ਆਉਣੀ ਚਾਹੀਦੀ ਹੈ। ਆਪ ਨੇ ਜ਼ੋਰ ਦੇ ਕੇ ਕਿਹਾ ਕਿ ਆਪਣੇ ਆਪਣੇ ਅਕੀਦੇ ਅਨੁਸਾਰ ਪ੍ਰਭੂ ਚਿੰਤਨ ਜ਼ਰੂਰ ਕਰਨਾ ਚਾਹੀਦਾ ਹੈ ਅਤੇ ਮਾਸ ਮਦਰਾ ਦਾ ਤਿਆਗ ਕਰਨਾ ਚਾਹੀਦਾ ਹੈ। ਸਾਡੀ ਸੰਸਕ੍ਰਿਤੀ ਅਤੇ ਧਰਮ ਬਹੁਤ ਪੁਰਾਣਾ ਹੈ। ਵਿਦੇਸ਼ੀ ਰਾਜ ਨੇ ਸਾਨੂੰ ਪਾੜਣ ਦਾ ਜਤਨ ਕੀਤਾ। ਭਾਰਤੀ ਵਿਚ ਬਹੁਤ ਸ੍ਰੇਣੀਆਂ ਹਨ। ਛੋਟੀ ਛੋਟੀ ਨਦੀਆਂ ਨਾਲ ਹੀ ਤਾਲ ਭਰ ਜਾਂਦਾ ਹੈ। ਅਲਹਿਦਗੀ ਦੀ ਗੱਲ ਨਹੀਂ ਆਉਣੀ ਚਾਹੀਦੀ। ਗੁਰੂ ਨਾਨਕ ਦੇਵ ਜੀ ਨੇ ਸਾਂਝ ਦਾ ਪਰਚਾਰ ਕੀਤਾ। ਜਦੋਂ ਆਪ ਨੇ ਸਰੀਰ ਤਿਆਗਿਆ ਤਾਂ ਉਥੇ ਹਿੰਦੂ ਮੁਸਲਮਾਨਾਂ ਵਿਚ ਸਰੀਰ ਲਈ ਝਗੜਾ ਹੋ ਗਿਆ। ਉਥੇ ਕੇਵਲ ਚਾਦਰ ਸੀ। ਸਰੀਰ ਨਹੀਂ ਸੀ। ਇਹ ਗੱਲ ਦੱਸਦੀ ਹੈ ਕਿ ਭਿੰਨ ਭਿੰਨ ਜਾਤੀਆਂ ਦੇ ਲੋਕਾਂ ਨਾਲ ਪਿਆਰ ਕਰੋ।

ਹਿੰਦੂ ਕੌਂਸਲ ਕੀਨੀਆ ਦੇ ਚੇਅਰਮੈਨ ਸ੍ਰੀ ਮੂਲਜੀ ਭਾਈ ਪਿੰਡੋਲੀਆ ਨੇ ਬਾਦ ਵਿਚ ਇਕ ਛੋਟੀ ਤਕਰੀਰ ਕੀਤੀ ਪਰ ਇਹਦੇ ਵਿਚ ਉਹਨਾਂ ਹਿੰਦੂ ਕੌਂਸਲ ਅਤੇ ਕਾਨਫਰੰਸ ਦੇ ਉਦੇਸ਼ਾਂ ਬਾਰੇ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਉਹਨਾਂ ਸੌ ਸਾਲ ਪਹਿਲਾਂ ਭਾਰਤੀਆਂ ਦੇ ਆਉਣ ਦਾ ਜ਼ਿਕਰ ਕੀਤਾ। ਉਹਨਾਂ ਨੇ ੨੫ ਸਾਲ ਪਹਿਲਾਂ ਹਿੰਦੂਆਂ ਵਲੋਂ ਹਿੰਦੂ ਕੌਂਸਲ ਦੇ ਗਠਨ ਦਾ ਮੰਤਵ ਕੀਨੀਆ ਅਤੇ ਆਲੇ-ਦੁਆਲੇ ਸਮਾਜਿਕ, ਆਰਥਿਕ ਅਤੇ ਸਿਆਸੀ ਤਬਦੀਲੀਆਂ ਤੋਂ ਪੈਦਾ ਹੋਏ ਹਾਲਾਤ ਦਾ ਮੁਕਾਬਲਾ ਕਰਨਾ ਦਸਿਆ। ਉਹਨਾਂ ਕਿਹਾ ਕਿ ਅਫਰੀਕੀ ਦੇਸ਼ ਜ਼ਾਇਰੇ, ਯੂਗੰਡਾ, ਬਰੂਨੀ ਵਿਚ ਹਿੰਦੂਆਂ ਦਾ ਸ਼ੋਸ਼ਣ ਕੀਤਾ ਗਿਆ ਉਹਨਾਂ ਦੀ ਜਾਇਦਾਦ ਅਤੇ ਇੱਜ਼ਤ ਖੋਹੀ ਗਈ। ਹਿੰਦੂ ਕੌਂਸਲ ਆਫ ਕੀਨੀਆ ਨੇ ਆਵਾਜ ਤਾਂ ਉਠਾਈ ਪਰ ਇਹ ਮਜ਼ਬੂਤੀ ਨਾਲ ਤਦ ਹੀ ਉਠ ਸਕਦੀ ਜੇਕਰ ਇਹ ਵੱਡੀ ਅਤੇ ਵਿਸ਼ਾਲ ਸੰਸਥਾਗਤ ਕਾਰਜ ਰਾਹੀਂ ਹੁੰਦੀ। ਉਹਨਾਂ ਦਾ ਭਾਵ ਸਾਰੇ ਅਫ਼ਰੀਕਾ ਦੇ ਹਿੰਦੂ ਸੰਗਠਨ ਵਲ ਸੀ। ਸ੍ਰੀ ਪਿੰਡੋਲੀਆ ਨੇ ਦਸਿਆ ਕਿ ਕੀਨੀਆ ਹਿੰਦੂ ਕੌਂਸਲ ਸਵਾਮੀ ਸਤਿਆ ਮਿਤਰਾ ਨੰਦ ਜੀ ਦੀ ਦੂਰਦਰਸ਼ਤਾ ਦਾ ਹੀ ਸਿੱਟਾ ਸੀ। ਸੁਆਮੀ ਜੀ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ ਸਆਮੀ ਜੀ ਨੇ ਹਿੰਦੂਆਂ



Sri Satguru Jagjit Singh Ji eLibrary NamdhariElibrary@gmail.com

ਵਿਚੋਂ ਛੂਆ-ਛਾਤ ਮਿਟਾਉਣ, ਗਊ ਹਤਿਆ ਬੰਦ ਕਰਾਉਣ ਅਤੇ ਅਯੁਧਿਆ ਵਿਚ ਰਾਮ ਮੰਦਰ ਬਣਾਉਣ ਦੀ ਮੁਹਿੰਮ ਵਿਚ ਅਹਿਮ ਹਿੱਸਾ ਪਾਇਆ ਹੈ। ਸੁਆਮੀ ਜੀ ਨੇ ਸਮੁੰਦਰੋਂ ਪਾਰਲੇ ਦੇਸ਼ਾਂ ਵਿਚ ਹਿੰਦੂਆਂ ਦੇ ਭਲੇ ਵਾਸਤੇ ਕੰਮ ਕਰਨ ਲਈ ਭਾਨੂ ਪੁਰਾ ਪੀਠ ਦੇ ਸ਼ੰਕਰਾਚਾਰੀਆ ਦੀ ਉਚੀ ਪਦਵੀ ਨੂੰ ਵੀ ਤਿਆਗ ਦਿਤਾ।

ਇਸ ਤੋਂ ਬਾਦ ਸੁਆਮੀ ਸਤਿਆ ਮਿਤਰਾ ਨੰਦ ਗਿਰੀ ਜੀ ਮਹਾਰਾਜ ਬੋਲੇ। ਉਹ ਬਹੁਤ ਪੜ੍ਹੇ ਲਿਖੇ ਸਿਆਣੇ, ਵਿਦਵਾਨ ਅਤੇ ਅਨੁਭਵੀ ਵਕਤਾ ਵਾਂਗ ਬੋਲੇ। ਉਹਨਾਂ ਕਿਹਾ ਕਿ ਆਦਮੀ ਨੂੰ ਗੰਗਾ ਦਰਿਆ ਵਾਂਗ ਨਿਰੰਤਰ ਚਲਦੇ ਰਹਿਣਾ ਚਾਹੀਦਾ ਹੈ ਅਤੇ ਖੁਸ਼ੀਆਂ ਆਲੇ-ਦੁਆਲੇ ਬਖੇਰਨੀਆਂ ਚਾਹੀਦੀਆਂ ਹਨ। ਅਸੀਂ ਕਿਸੇ ਨੂੰ ਵੀ ਹਿੰਦੂ ਬਨਣ ਵਾਸਤੇ ਮਜਬੂਰ ਨਹੀਂ ਕਰਦੇ ਪਰ ਕੇਵਲ ਹਿੰਦੂਤਵ ਹੀ ਸੰਸਾਰ ਦੀ ਅਧਿਆਤਮਕ ਪਿਆਸ ਬੁਝਾ ਸਕਦਾ ਹੈ। ਪੱਛਮ ਵਿਚ ਦਰਜ਼ੀ ਮਨੁੱਖ ਨੂੰ ਵਧੀਆ ਮਨੁੱਖ (ਜੈਂਟਲਮੈਨ) ਬਣਾਉਂਦਾ ਹੈ ਪਰ ਸਾਡੇ ਵਿਚ ਮਨੁੱਖ ਦਾ ਚਰਿਤਰ ਅਜਿਹਾ ਕੰਮ ਕਰਦਾ ਹੈ। ਸਾਡਾ ਆਦਰਸ਼ ਸਤਿਅੰਮ ਸ਼ਿਵੰਮ ਸੁੰਦਰਮ ਹੈ। ਇਹ ਹੀ ਕਾਰਨ ਹੈ ਕਿ ਪੱਛਮ ਦੇ ਵਿਦਵਾਨਾਂ ਮੈਕਸ ਮੂਲਰ ਅਤੇ ਰੋਮਾ ਰੋਲਾਂ ਨੇ ਸਾਡੇ ਗ੍ਰੰਥਾਂ ਵਿਚ ਗੂਹੜ ਦਿਲਚਸਪੀ ਦਿਖਾਈ। ਸਾਡਾ ਮਤਵ ਕਵਲ ਸਸਥਾ ਬਨਾਉਣਾ ਨਹੀਂ ਇਕ ਕਾਰਜ ਤਾਂ ਮਾੜੀਆ ਰੂਹਾਂ ਵੀ ਕਰ ਲੈਂਦੀਆ ਹਨ "ਚਾਰਾ ਖਾਣ ਜਾਣ ਵਾਲ ਜ਼ਿਆਦਾ ਸੰਗਠਿਤ ਹੋ ਜਾਂਦੇ ਹਨ ਅਤੇ ਵਧੇਰੀ ਸਫਲਤਾ ਨਾਲ ਵੀ" ਅਸੀਂ ਤਾਂ ਆਪਣੇ ਨੌਜਵਾਨਾਂ ਨੂੰ ਜਥੇਬੰਦ ਕਰਕੇ ਉਹਨਾਂ ਨੂੰ ਸਮਾਜ ਸੇਵਾ ਵਾਸਤੇ ਚਗ ਸਸਕਾਰ ਦੇਣਾ ਚਾਹੁੰਦੇ ਹਾਂ। ਸੇਵਾ ਹੀ ਪ੍ਰਮੁਖ ਧਰਮ ਹੈ। ਮੇਰੀ ਪ੍ਰਬਲ ਇਛਾ ਹੈ ਕਿ ਅਗਲੇ ੨੫ ਸਾਲਾ ਵਿਚ ਸੇਵਾ ਦੇ ਖੇਤਰ ਵਿਚ ਹਿੰਦੂ ਈਸਾਈਆਂ ਤੋਂ ਵੀ ਅਗੇ ਹੋਣ। ਹਿੰਦੂਆਂ ਨੂੰ ਫਜ਼ੂਲ ਗੱਲਾਂ ਤੇ ਪੈਸੇ ਨਹੀਂ ਖਰਚਣੇ ਚਾਹੀਦੇ ਅਤੇ ਇਹ ਹੀ ਮਾਇਆ ਸੇਵਾ ਕਾਰਜਾਂ ਵਿਚ ਲਾਉਣੀ ਚਾਹੀਦੀ ਹੈ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸੇਵਾ ਕਰਨ ਲਈ ਕਿਹਾ ਹੈ। ਉਹ ਜਿਸ ਦੇਸ਼ ਵਿਚ ਜਾਂਦੇ ਹਨ ਇਹ ਉਪਦੇਸ਼ ਦਿੰਦੇ ਹਨ। ਅਸੀਂ ਸੇਵਾ ਤੋਂ ਦੂਰ ਰਹੇ ਹਾਂ। ਸੇਵਾ ਦੇ ਨਾਲ ਸਿਮਰਨ ਛੁਟਣਾ ਨਹੀਂ ਚਾਹੀਦਾ। ਸੇਵਾ, ਉਪਾਸਨਾ, ਸਿਮਰਨ ਅਤੇ ਗਿਆਨ ਵਾਸਤੇ ਕਕਸ਼ਾਵਾਂ ਲਗਣੀਆਂ ਚਾਹੀਦੀਆਂ ਹਨ ਕਿ ਸੇਵਾ ਅਤੇ ਸਿਮਰਨ ਇਕਠੇ ਹੀ ਕਰਨੇ ਚਾਹੀਦੇ ਹਨ। ਜੇ ਅਸੀਂ ਸਿਮਰਨ ਛੱਡ ਦਿੰਦੇ ਹਾਂ ਤਾਂ ਇਕਲੀ ਸੇਵਾ ਸਾਨੂੰ ਹੰਕਾਰੀ ਬਣਾ ਦਿੰਦੀ ਹੈ ਅਤੇ ਕਿਸੇ ਵੇਲੇ ਵੀ ਆਵਾਰਾ ਹੋ ਸਕਦੇ ਹਾਂ। ਸੇਵਾ ਸਿਮਰਨ ਹੀ ਅਸਰਦਾਇਕ ਜਥੇਬੰਦੀ ਅਤੇ ਸੰਸਾਰ ਅਮਨ ਵਾਸਤੇ ਸਹੀ ਰਸਤਾ ਹੈ। ਆਲ ਅਫਰੀਕਾ ਹਿੰਦੂ ਕੌਂਸਲ ਬਨਣੀ ਚਾਹੀਦੀ ਹੈ।

ਕੁਝ ਰਸਮੀ ਕਾਰਵਾਈਆਂ ਤੋਂ ਬਾਦ ਸਵੇਰ ਦਾ ਉਦਘਾਟਨੀ ਸਮਾਗਮ ਸਮਾਪਤ ਹੋਇਆ। ਸਤਿਗੁਰੂ ਜੀ ਆਪਣ ਡੇਰੇ ਵਾਸਤ ਵਿਦਾ ਹੋ ਗਏ ਪਰ ਸਾਨੂੰ ਆਗਿਆ ਸੀ ਕਿ ਸਾਰਾ ਦਿਨ ਕਾਨਫਰੰਸ ਵਿਚ ਰਹੀਏ।

ਵਿਵਹਾਰੀ ਪਹਿਲੇ ਸਮਾਗਮ ਦੇ ਮੁਖ ਬੁਲਾਰੇ ਸ੍ਰੀ ਯਸ਼ਵੰਤ ਜੀ ਪਾਠਕ ਸਨ। ਇਕ ਸਾਦੇ ਜਿਹੇ ਨੌਜਵਾਨ ਭਾਰਤੀ ਪਹਿਰਾਵੇ ਵਾਲੇ, ਧੋਤੀ ਅਤੇ ਕੁੜਤੀ ਵਾਲੇ। ਉਹ ਸ਼ਾਇਦ ਦੱਖਣੀ ਅਫ਼ਰੀਕਾ ਤੋਂ ਆਏ ਸਨ। ਵਿਦਵਾਨ ਪੁਰਸ਼ ਸਨ। ਪਹਿਲਾਂ ਉਹ ਸੰਸਕ੍ਰਿਤ ਵਿਚ ਬੋਲੇ ਅਤੇ ਫੇਰ ਡੈਲੀਗੇਟਾਂ ਦੀ ਮੰਗ ਤੇ ਅੰਗਰੇਜ਼ੀ ਵਿਚ। ਦੋਹਾਂ ਜ਼ਬਾਨਾਂ ਵਿਚ ਮਾਹਰ ਸਨ। ਇਸ ਸਮਾਗਮ ਦਾ ਮੁਖ ਵਿਸ਼ਾ ਸੀ : ਅਫ਼ਰੀਕਾ ਵਿਚ ਹਿੰਦੂ ਸਮੱਸਿਆਵਾਂ ਤੇ ਸਮਾਧਾਨ। ਉਹਨਾਂ ਆਪਣੇ ਭਾਸ਼ਨ ਵਿਚ ਜਿਨ੍ਹਾਂ ਸਮੱਸਿਆਵਾਂ ਦਾ ਜ਼ਿਕਰ ਕੀਤਾ, ਉਹ ਸਨ—ਮਜ਼ਹਬ ਦੀ ਤਬਦੀਲੀ, ਪੱਛਮੀਕਰਨ, ਭਾਸ਼ਾ ਦੀ ਹਾਨੀ, ਭਾਸ਼ਾ ਦਾ ਹੌਲੀ ਹੌਲੀ ਗਵਾਚ ਹੀ ਜਾਣਾ, ਹਿੰਦੂ ਜੀਵਨ ਪੰਧ ਦਾ ਢਿੱਲਾ ਹੋਣਾ, ਪਰਿਵਾਰਾ ਦਾ ਟੁੱਟਣਾ, ਤਲਾਕ ਆਦਿ ਆਦਿ ਅਤੇ ਇਹਨਾਂ ਦੇ ਸਮਾਧਾਨ ਵਾਸਤੇ ਮਜ਼ਬੂਤ ਰਹਿਨੁਮਾਈ ਦੀ ਲੋੜ ਤੇ ਗੱਲ ਕੀਤੀ। ਇਸ ਭਾਸ਼ਨ ਦੇ ਆਧਾਰ ਤੇ ਅੱਗੋਂ ਸਾਰੇ ਡੈਲੀਗੇਟ ਛੇ ਗਰੁਪਾਂ ਵਿਚ ਵੰਡ ਕੇ ਵਖ ਵਖ ਥਾਵਾਂ ਤੇ ਬੈਠ ਗਏ ਅਤੇ ਇਹਨਾਂ ਛੇਆਂ ਗਰੁਪਾਂ (ਵਿਆਸ ਮੁਨੀ, ਵਾਲਮੀਕੀ, ਭਾਰਗਵ ਮੁਨੀ, ਮੈਤਰੀ, ਗਾਰਗੀ ਅਤੇ ਸਵਿਤਰੀ ਗਰੁਪ) ਨੇ ਅਗੋਂ ਛੇ ਉਪ-ਵਿਸ਼ਿਆਂ ਤੇ ਵੀਹ-ਵੀਹ ਮਿੰਟ ਬਹਿਸ ਕਰਕੇ ਆਪਣੇ ਆਪਣੇ ਗਰੁਪ 'ਚੋਂ ਇਕ ਸਕੱਤਰ ਚੁਣ ਕੇ ਉਸ ਰਾਹੀਂ ਰਿਪੋਰਟ ਸਟੇਜ ਤੇ ਪੇਸ਼ ਕੀਤੀ ਅਤੇ ਸਮਾਗਮ ਦੇ ਪ੍ਰਧਾਨ ਨੇ ਇਹਨਾਂ ਦੀ ਰੌਸ਼ਨੀ ਸਾਰੀ ਗੱਲ ਕੱਥ ਨੂੰ ਇਕੱਠਿਆਂ ਕੀਤਾ। ਇਸ ਸੈਸ਼ਨ ਦੇ ਮੁਖ ਵਿਸ਼ੇ "ਅਫਰੀਕਾ ਵਿਚ ਹਿੰਦੂ" ਨੂੰ ਅਗੋਂ ਇਹਨਾਂ ਛੇ ਉਪ-ਵਿਸ਼ਿਆਂ ਵਿਚ ਵੰਡਿਆ ਗਿਆ ਸੀ—ਹਿੰਦੂਆਂ ਨੂੰ ਏਕਤਾ ਵਿਚ ਪ੍ਰੋਣਾ, ਸਿਆਸਤ ਵਿਚ ਹਿੰਦੂ, ਅਰਥਚਾਰੇ ਵਿਚ ਹਿੰਦੂ, ਯਕਜਹਿਤੀ ਅਤੇ ਬਹੁ-ਸਭਿਆਚਾਰਕ ਭਾਈਚਾਰਾ, ਪਰੰਪਰਾਵਾਂ ਅਤੇ ਰੀਤੀ ਰਿਵਾਜ



Sri Satguru Jagjit Singh Ji eLibrary NamdhariElibrary@gmail.com

ਵਿਚ ਇਕਸੁਰਤਾ, ਹਿੰਦੂ ਅਤੇ ਪਰਿਵਾਰ।

ਦੋ ਦਿਨਾਂ ਵਿਚ ਕੁਲ ਅੱਠ ਵਿਸ਼ੇ ਵਿਚਾਰੇ ਜਾਣੇ ਸਨ ਅਤੇ ਇਹਨਾਂ ਦੇ ਆਧਾਰ ਤੇ ਅੰਤਮ ਰਿਪੋਰਟ ਤਿਆਰ ਹੋਣੀ ਸੀ। ਦੂਸਰੇ ਸਮਾਗਮ ਦਾ ਵਿਸ਼ਾ ਸੀ: ਅਫਰੀਕਾ ਵਿਚ ਹਿੰਦੂ ਧਰਮ—ਸਹੀ ਪਛਾਣ ਦਾ ਪਰਸਾਰ। ਤੀਸਰੇ ਸਮਾਗਮ ਦਾ ਵਿਸ਼ਾ ਸੀ: ਹਿੰਦੂ ਕੌਮੀ ਸੰਗਠਨ। ਚੌਥੇ ਸਮਾਗਮ ਦਾ ਵਿਸ਼ਾ ਸੀ: ਹਿੰਦੂ ਕੌਂਸਲ ਆਫ ਅਫਰੀਕਾ—ਵਿਚਾਰ ਅਤੇ ਸਰੂਪ। ਪੰਜਵੇਂ ਸੈਸ਼ਨ ਵਿਚ: ਅਗਲੀ ਸਦੀ ਬਾਰੇ ਯੋਜਨਾ। ਛੇਵੇਂ ਸਮਾਗਮ ਵਿਚ: ਅਫਰੀਕਾ ਵਿਚ ਹਿੰਦੂ ਸਰਗਰਮੀਆਂ। ਸੱਤਵੇਂ ਵਿਚ ਖੁਲ੍ਹੇ ਵਿਚਾਰ। ਅੱਠਵੇਂ ਵਿਚ: ਮਤੇ ਅਤੇ ਸਮਾਪਨ ਸੀ। ਇਹਨਾਂ ਸਾਰੇ ਵਿਸ਼ਿਆਂ ਅਤੇ ਉਪ-ਵਿਸ਼ਿਆਂ ਨੂੰ ਰਿੜਕਣ ਵਾਸਤੇ ਫੇਰ ਗਰੁਪ ਮੀਟਿੰਗਾਂ ਹੋਣੀਆਂ ਸਨ। ਅਤੇ ਉਹ ਹੋਈਆਂ ਵੀ ਪਰ ਇਕ ਫਰਕ ਨਾਲ।

ਦੁਪਹਿਰ ਦੇ ਖਾਣੇ ਵਾਸਤੇ ਜਦ ਅਸੀਂ ਬਾਹਰ ਆਏ ਤਾਂ ਦੂਸਰੇ ਦੇਸ਼ਾਂ ਤੋਂ ਆਏ ਵਖ ਵਖ ਲੋਕਾਂ ਨੂੰ ਮਿਲੇ। ਸਾਊਥ ਅਫਰੀਕਾ ਅਤੇ ਮਾਰੀਸ਼ਸ ਤੋਂ ਆਏ ਡੈਲੀਗੇਟਾਂ ਵਿਚ ਸਰਕਾਰੀ ਅਰਧ ਸਰਕਾਰੀ ਲੋਕ ਸਨ—ਮਜਿਸਟਰੇਟ ਡਾਕਟਰ, ਸਾਬਕਾ ਮੰਤਰੀ ਆਦਿ। ਸਾਡੇ ਕੋਲ ਵੀ ਸ. ਹਰਵਿੰਦਰ ਸਿੰਘ ਹੰਸਪਾਲ ਸਨ ਜੋ ਭਾਰਤ ਦੀ ਪਾਰਲੀਮੈਂਟ ਵਿਚ ੧੨ ਸਾਲ ਸੇਵਾ ਕਰ ਚੁਕੇ ਸਨ। ਫੇਰ ਹਮਾਤੜ ਦੋ 'ਪ੍ਰਮੁਖ' ਪੱਤਰਕਾਰ ਵੀ ਸਨ। ਤਨਜ਼ਾਨੀਆ, ਜਰਮਨੀ ਤੋਂ ਆਏ ਨਾਮਧਾਰੀ ਵੀ ਸਨ। ਸਾਡੇ ਡੈਲੀਗੇਸ਼ਨ ਵਿਚ ਕੀਨੀਆ ਦੀ ਨੈਸ਼ਨਲ ਕੌਂਸਲ ਦੇ ਸਾਬਕਾ ਚੇਅਰਮੈਨ ਸ. ਹਰਭਜਨ ਸਿੰਘ ਸੀਹਰਾ ਵੀ ਸਨ ਅਤੇ ਸ. ਗੁਰਮੁਖ ਸਿੰਘ ਵੀ ਡੀ ਓ. ਫਿਲਮ ਬਨਾਉਣ ਲਈ ਲਿਸ਼ਕਾਰੇ ਵੀ ਮਾਰ ਰਹੇ ਸਨ। ਇਹ ਸਾਰੇ ਕਿਸੇ ਵੀ ਅੰਤਰ-ਰਾਸ਼ਟਰੀ ਕਾਨਫਰੰਸ ਵਿਚ ਜਲਵਾ ਬੰਨ੍ਹਣ ਵਾਸਤੇ ਕਾਫੀ ਸਨ। ਅਜ ਦੇ ਗਰੁਪ ਵਾਰਤਾਲਾਪਾਂ ਵਿਚ ਵੀ ਗੱਲਾਂ ਹੋਈਆਂ ਕਿ ਮਾਰੀਸ਼ਸ ਵਾਲਿਆਂ ਕੋਲ ਰਾਜ ਅਧਿਕਾਰ ਤਾਂ ਹਨ (ਉਥੇ ਪ੍ਰਧਾਨ ਮੰਤਰੀ ਵੀ ਹਿੰਦੂ ਹੈ), ਪਰ ਮਾਇਆ ਵਲੋਂ ਜੋ ਲੋਕ ਅੱਗੇ ਹਨ ਜਿਵੇਂ ਕੀਨੀਆ ਵਾਲੇ ਇਹਨਾਂ ਕੋਲ ਰਾਜ-ਭਾਗ ਦੇ ਅਧਿਕਾਰ ਨਹੀਂ। ਜੇ ਇਹ ਲੋਕ ਮਾਇਆ ਦਾ ਵਿਖਾਵਾ ਨਹੀਂ ਕਰਦੇ ਹਨ ਤਾਂ ਰਾਜ ਦਰਬਾਰ ਵਿਚ ਦਬਦਬਾ ਨਹੀਂ ਬਣਦਾ। ਜੇ ਕਰਦੇ ਹਨ ਦੂਜੇ ਲੋਕ (ਮੂਲ ਵਸਨੀਕ) ਉਂਝ ਲੁੱਟ ਲੈਂਦੇ ਹਨ। ਇਸ ਵਾਸਤੇ ਆਪਸੀ ਮਿਲਵਰਤੋਂ ਬਹੁਤ ਜ਼ਰੂਰੀ ਹੈ। ਮਾਰੀਸ਼ਸ ਅਤੇ ਦੱਖਣੀ ਅਫਰੀਕਾ ਵਾਲੇ ਆਪਣੇ ਆਪਣੇ ਛਪੇ ਹੋਏ ਸੋਵੀਨਰ ਵੀ ਲਿਆਏ ਸਨ। ਹੋਰ ਵੀ ਕਈ ਪ੍ਰਕਾਰ ਦੀ ਆਦਾਨ-ਪ੍ਰਦਾਨ ਵਾਲੀ ਤੋਹਫ਼ਾ ਸਮੱਗਰੀ ਵੀ ਸੀ। ਸੋਵੀਨਰ ਪੁਸਤਕਾਂ ਦੀ ਛਪਾਈ, ਕਾਗਜ਼, ਸੋਹਣੇ ਸੋਹਣੇ ਮੰਦਰਾਂ, ਭਵਨਾਂ ਦੀਆਂ ਰੰਗੀਨ ਤਸਵੀਰਾਂ, ਮੰਦਰਾਂ ਅਤੇ ਸਕੂਲ ਦੇ ਵੇਰਵਿਆਂ 'ਚੋਂ ਦਿਸ ਰਿਹਾ ਸੀ ਕਿ ਇਹ ਸੰਗਠਨ ਬਹੁਤ ਸਰਗਰਮੀ ਨਾਲ ਕੰਮ ਕਰ ਰਹੇ ਹਨ। ਮਾਰੀਸ਼ਸ ਵਾਲਿਆਂ ਦੇ ਸੋਵੀਨਰ ਪੁਸਤਕਾਂ ਤਾਂ ਦੇਸ਼ ਦੇ ਪ੍ਰਧਾਨ, ਪ੍ਰਧਾਨ ਮੰਤਰੀਆਂ ਅਤੇ ਹੋਰ ਰਾਜਸੀ ਆਗੂਆਂ ਦੇ ਸੰਦੇਸ਼ਾਂ ਨਾਲ ਭਰੀਆਂ ਪਈਆਂ ਸਨ। ਇਹਨਾਂ ਵਿਚਲੀ ਸਮੱਗਰੀ ਵਿਚ ਹਿੰਦੂ ਭਾਈਚਾਰੇ ਦੀਆਂ ਕਮਜ਼ੋਰੀਆਂ ਤੇ ਵੀ ਉਂਗਲ ਰਖੀ ਗਈ ਸੀ। ਮਾਰੀਸ਼ਸ ਨੂੰ ਛੋਟਾ ਭਾਰਤ ਵੀ ਕਿਹਾ ਜਾਂਦਾ ਹੈ। ਹਿੰਦੂਆਂ ਵਿਚੋਂ ਇਥੇ ਸਨਾਤਨ ਧਰਮ, ਆਰੀਆ ਸਮਾਜ, ਤਾਮਿਲ ਫੈਡਰੇਸ਼ਨ, ਆਂਧਰਾ ਮਹਾਂ ਸਭਾ, ਮਰਾਠੀ ਮੰਡਲ ਅਤੇ ਸਾਈਂ ਬਾਬਾ ਨਾਲ ਸਬੰਧਤ ਮੁਖ ਧਿਰਾਂ ਹਨ। ਹਿੰਦੀ, ਸੰਸਕ੍ਰਿਤ, ਉਰਦੂ, ਅਰਬੀ, ਤਾਮਿਲ, ਤੇਲਗੂ, ਮਰਾਠੀ, ਗੁਜਰਾਤੀ ਭਾਸ਼ਾਵਾਂ ਪੜ੍ਹਾਈਆਂ ਜਾਂਦੀਆਂ ਹਨ। ਕੁਲ ਮਿਲਾਕੇ ਲਗਦਾ ਸੀ ਕਿ ਬਹੁਤਾ ਫਿਕਰ ਹਿੰਦੂ ਧਰਮ ਦੇ ਅਧਿਆਤਮਕ ਪਹਿਲੂ ਜਾਂ ਲੋਕਾਂ ਦੇ ਅਧਿਆਤਮਕ ਉਥਾਨ ਵਲ ਨਹੀਂ ਸੀ, ਬਲਕਿ ਹਿੰਦੂ ਧਰਮ ਦੇ ਨਾਮ ਹੇਠ ਸਿਆਸੀ, ਆਰਥਿਕ ਅਤੇ ਸਮਾਜਕ ਦਬਦਬਾ ਹਾਸਲ ਕਰਨਾ ਸੀ ਜੋ ਉਹਨਾਂ ਕਰ ਵੀ ਲੈਣਾ ਹੈ। ਸੰਮੇਲਨ ਵਿਚ ਸਿੱਖ ਸਮਾਜ ਵੀ ਆਇਆ ਸੀ। ਕੀਨੀਆ ਦੀ ਸਿੱਖ ਸੁਪਰੀਮ ਕੌਂਸਲ ਦੇ ਚੇਅਰਮੈਨ ਸ. ਹਰਜੀਤ ਸਿੰਘ ਰਨੋਤਾ ਵੀ ਆਏ ਸਨ ਜੋ ਕੀਨੀਆ ਦੀ ਹਿੰਦੂ ਕੌਂਸਲ ਦੇ ਵਾਈਸ ਚੇਅਰਮੈਨ ਵੀ ਹਨ। ਸ. ਤਰਲੋਕ ਸਿੰਘ ਨੰਦੜਾ ਵੀ ਆਏ ਸਨ ਜੋ ਦੋਹਾਂ ਹੀ ਸੰਸਥਾਵਾਂ ਦੇ ਉੱਘੇ ਰੁਕਨ ਹਨ। ਇਥੋਂ ਦੇ ਪਰਮੁਖ ਰਾਮਗੜ੍ਹੀਆ ਸਭਾ, ਨਾਮਧਾਰੀ ਸੰਗਤ ਅਤੇ ਹੋਰ ਸਿੱਖ ਸੰਸਥਾਵਾਂ ਹਿੰਦੂ ਕੌਂਸਲ ਆਫ ਕੀਨੀਆਂ ਦੀਆਂ ਮੈਂਬਰ ਹਨ। ਸਾਰੀਆਂ ਸਿੱਖ ਸੰਸਥਾਵਾਂ ਦੀ ਇਕ ਵੱਖਰੀ ਸਿੱਖ ਸੁਪਰੀਮ ਕੌਂਸਲ ਵੀ ਹੈ। ਸਿੱਖ ਆਪਣੀਆਂ ਵੱਖਰੀਆਂ ਸਰਗਰਮੀਆਂ ਵੀ ਜਾਰੀ ਰਖਦੇ ਹਨ। ਅਤੇ ਹਿੰਦੂਆਂ ਨਾਲ ਰਲਕੇ ਵੀ। ਅਜੇ ਸਾਂਝਾ-ਮਾਂਝਾ ਸਭਿਆਚਾਰ ਹੈ।

ਕਾਨਫਰੰਸ ਵਲੋਂ ਪ੍ਰਕਾਸ਼ਤ ਸੋਵੀਨਰ ਵਿਚ ਛਪੀਆਂ ਤਸਵੀਰਾਂ ਵਿਚ ਸਿੱਖਾਂ ਦੀਆਂ ਕਾਫੀ ਤਸਵੀਰਾਂ ਸਨ। ਇਨ੍ਹਾਂ ਵਿਚ ਏਅਰ ਮਾਰਸ਼ਲ ਅਰਜਨ ਸਿੰਘ ਦੀ ਵੀ ਭਾਸ਼ਨ



Sri Satguru Jagjit Singh Ji eLibrary NamdhariElibrary@gmail.com

ਕਰਦਿਆਂ ਦੀ ਤਸਵੀਰ ਹੈ। ਸ. ਅਜਨ ਸਿੰਘ ਕੀਨੀਆ ਵਿਚ ਭਾਰਤੀ ਦੂਤ ਰਹੇ ਹਨ। ਹਿੰਦੂ ਕੌਂਸਲ ਦੀਆਂ ਸਰਗਰਮੀਆਂ ਵਿਚ ਪਹਿਲੇ ਪ੍ਰਧਾਨ ਜੋਮੋ ਕਨਿਆਟਾ ਦੇ ਨਿਧਨ ਬਾਅਦ ਉਹਨਾਂ ਦੀ ਦੇਹ ਕੋਲ ੨੫ ਅਗਸਤ ੧੯੭੮ ਨੂੰ ਸਿਖ ਅਰਦਾਸਾ ਕਰਦੇ ਦਿਸਦੇ ਹਨ। ਇਹ ਸੋਵੀਨਰ ਬਹੁਤ ਕੀਮਤੀ ਸੀ। ਸਾਰਾ ਹੀ ਆਰਟ ਪੇਪਰ ਤੇ ਛਧਿਆ ਇਸ਼ਤਿਹਾਰਾਂ ਨਾਲ ਭਰਪੂਰ ਸਭ ਸੰਸਥਾਵਾਂ ਬਾਰੇ ਅਤੇ ਸ਼ਖਸੀਅਤਾਂ ਬਾਰੇ ਭਰਵੀਂ ਜਾਣਕਾਰੀ ਇਸ ਵਿਚ ਦਰਜ ਸੀ, ਰੰਗੀਨ ਅਤੇ ਕਾਲੀਆਂ ਚਿੱਟੀਆਂ ਤਸਵੀਰਾਂ ਸਹਿਤ।

ਅਸੀਂ ਅਜੇ ਲੰਗਰ ਪਾਣੀ ਵਾਲੇ ਪਾਸੇ ਹੀ ਸਾਂ ਕਿ ਇਕ ਖਬਰ ਨੇ ਸਭ ਨੂੰ ਸੁੰਨ ਕਰ ਦਿਤਾ—"ਅੱਜ ਅਮਰੀਕਨ ਅੰਬੈਸੀ ਵਿਚ ਜ਼ਬਰਦਸਤ ਬੰਬ ਧਮਾਕਾ ਹੋਇਐ!" ਬਹੁਤ ਸਾਰੇ ਬੰਦੇ ਮਰ ਗਏ ਹਨ। ਯਕਦਮ ਮਾਹੌਲ ਬਦਲ ਗਿਆ। ਕਾਨਫਰੰਸ ਤਾਂ ਜਾਰੀ ਰਹੀ, ਪਰ ਧਿਆਨ ਬੰਬ ਵਲ ਰਿਹਾ। ਜਾਰੀ ਕਾਰਵਾਈ ਨੂੰ ਰੋਕ ਕੇ ਸਟੇਜ ਤੋਂ ਦਸਿਆ ਗਿਆ ਕਿ ਪ੍ਰਾਪਤ ਸੂਚਨਾ ਅਨੁਸਾਰ ਪੰਜ ਦੇਸ਼ਾਂ ਵਿਚ ਬੰਬ ਧਮਾਕੇ ਹੋਏ ਹਨ...ਅਸੀਂ ਤਜਵੀਜ਼ ਕੀਤਾ ਕਿ ਅਜ ਸ਼ਾਮ ਹੋਣ ਵਾਲਾ ਸਭਿਆਚਾਰਕ ਪ੍ਰੋਗਰਾਮ ਮੁਲਤਵੀ ਕਰ ਦਿਤਾ ਜਾਵੇ।

ਵਾਪਸ ਡੇਰੇ ਆਏ ਤਾਂ ਹਰ ਪਾਸੇ ਬੰਬ ਦੀ ਹੀ ਚਰਚਾ ਸੀ। ਟੀ. ਵੀ. ਤੇ ਅਮਰੀਕਨ ਅੰਬੈਸੀ ਦੇ ਨਾਲ ਦੀ ਬਿਲਡਿੰਗ ਤਬਾਹ ਹੋਈ ਦਿਖਾਈ ਜਾ ਰਹੀ ਸੀ। ਪਰ ਅਮਰੀਕਨ ਅੰਬੈਸੀ ਬਚੀ ਪਈ ਸੀ। ਉਹ ਬਣਾਈ ਹੀ ਬੰਬ-ਪਰਫ ਸੀ।

ਅੱਜ ਸ਼ਾਮ ਦੇ ਦੀਵਾਨ ਵਿਚ ਸਤਿਗੁਰਾਂ ਉਪਦੇਸ਼ ਕਰਦਿਆਂ ਮਰਨ ਵਾਲਿਆਂ ਨਮਿਤ ਨਾਮ ਸਿਮਰਨ ਤੇ ਭਗੌਤੀਆਂ ਦੀਆਂ ਉਚੇਚੀਆਂ ਮਾਲਾ ਫੇਰਨ ਦਾ ਹੁਕਮ ਕੀਤਾ।

ਅਗਲੀ ਸਵੇਰ ੮ ਅਗਸਤ ਨੂੰ ਆਸਾ ਦੀ ਵਾਰ ਦੇ ਕੀਰਤਨ ਬਾਅਦ ਕਲ੍ਹ ਵਾਲੇ ਬੰਬ ਧਮਾਕੇ ਵਿਚ ਮਰਨ ਵਾਲਿਆਂ ਦੀ ਜੀਵ ਆਤਮਾਵਾਂ ਦੀ ਸ਼ਾਂਤੀ ਲਈ, ਜ਼ਖਮੀਆਂ ਦੇ ਕਸ਼ਟ ਦੀ ਨਵਿਰਤੀ ਵਾਸਤੇ ਅਤੇ ਕੀਨੀਆ ਦੇਸ਼ ਦੀ ਆਰਥਕ ਤਰੱਕੀ ਵਾਸਤੇ ਅਰਦਾਸ ਕੀਤੀ ਗਈ।

ਅੱਜ ਦੀਆਂ ਅਖਬਾਰਾਂ ਭਰੀਆਂ ਪਈਆਂ ਸਨ ਤਸਵੀਰਾਂ ਅਤੇ ਵੇਰਵੇ ਨਾਲ : ਸੌ ਤੋਂ ਉਪਰ ਮਰ ਗਏ, ਮੋਈ (ਪ੍ਰਧਾਨ) ਵਲੋਂ ਐਮਰਜੈਂਸੀ ਲਾਗੂ, ਕੈਬੀਨਟ ਦੀ ਮੀਟਿੰਗ—ਸੌ ਤੋਂ ਉਪਰ ਮੌਤਾਂ ਦਾ ਡਰ—ਹਜ਼ਾਰਾਂ ਲੋਕ ਹਸਪਤਾਲਾਂ ਵਿਚ। ਇਕ ਤਸਵੀਰ ਕੀਨੀਆ ਦੇ ਵਪਾਰ ਮੰਤਰੀ ਜੋਸਿਫ ਕਾਮੋਥੋ ਦੀ ਸੀ ਜਿਹੜਾ ਲਹੂ ਲੁਹਾਨ ਹੋਇਆ ਪਿਆ ਸੀ। ਮੰਤਰੀ ਤਬਾਹ ਹੋਈ ਇਮਾਰਤ ਵਿਚ ਗਿਆ ਸੀ ਜਦ ਬੰਬ ਚਲਿਆ। ਬੰਬ ਧਮਾਕੇ ਕੀਨੀਆ ਦੀ ਰਾਜਧਾਨੀ ਨੈਰੋਬੀ ਅਤੇ ਤਨਜ਼ਾਨੀਆ ਦੀ ਰਾਜਧਾਨੀ ਦਾਰਾਸਲਾਮ ਦੀਆਂ ਅਮਰੀਕਨ ਅੰਬੈਸੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ ਸਨ (ਕਲ੍ਹ ਦੀ ਸੂਚਨਾ ਪੰਜ ਮੁਲਕਾਂ ਵਿਚ ਧਮਾਕਿਆਂ ਦੀ ਪੁਸ਼ਟੀ ਨਹੀਂ ਹੋਈ ਪਰ ਪੰਜ ਮੁਲਕਾਂ ਵਿਚ ਧਮਾਕਿਆਂ ਦੀ ਅਫਵਾਹ ਪਿਛੇ ਕੋਈ ਗੱਲ ਜ਼ਰੂਰ ਸੀ। ਇਹਨਾਂ ਵਿਚੋਂ ਇਕ ਮੁਲਕ ਸੂਡਾਨ ਸੀ ਜਿਦ੍ਹੇ ਵਿਚ ਓਦੋਂ ਤਾਂ ਕੋਈ ਬੰਬ ਨਹੀਂ ਚਲਿਆ ਬਾਦ ਵਿਚ ਅਮਰੀਕਾ ਵਲੋਂ ਇਥੇ ਬੰਬ ਸੁਟਿਆ ਗਿਆ ਸੀ।)

ਅੱਜ ਅਖਬਾਰਾਂ ਵਿਚ ਆ ਗਿਆ ਸੀ ਕਿ ਦੇਸ਼ ਦੇ ਪ੍ਰਧਾਨ ਸ੍ਰੀ ਡੇਨੀਅਲ ਅਰਪ ਮੋਈ ਦੇ ਹੁਕਮ ਨਾਲ ਸਭ ਸਰਗਰਮੀਆਂ, ਕਾਨਫਰੰਸਾਂ, ਸਮਾਗਮ ਮਨਸੂਖ ਕੀਤੇ ਗਏ ਹਨ ਇਸ ਵਾਸਤੇ ਸਾਡੇ ਵਲੋਂ ਤਾਂ ਹਿੰਦੂ ਕਾਨਫਰੰਸ ਵਿਚ ਜਾਣ ਦਾ ਸਵਾਲ ਹੀ ਨਹੀਂ ਸੀ। ਕਾਨਫਰੰਸ ਵਾਲਿਆਂ ਵੀ ਥਾਂ ਬਦਲ ਕੇ ਤਾਬੜਤੋੜ ਮਤੇ ਪਾਸ ਕਰ ਕਰਵਾ ਕੇ ਪ੍ਰਧਾਨ ਦੇ ਸਹਾਇਤਾ ਫੰਡ ਵਾਸਤੇ ਇਕ ਲੱਖ ਸ਼ਲਿੰਗਾਂ ਦਾ ਯੋਗਦਾਨ ਪਾ ਕੇ ਅੱਜ ਹੀ ਸਮਾਪਤੀ ਕਰ ਦਿਤੀ।

ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਸੂਬਾ ਸਤਨਾਮ ਸਿੰਘ ਭਰਾਵਾਂ ਦੀ ਫਰਮ ਜਿਸਦਾ ਨਾਮ ਸ਼ਾਇਦ ਮੋਟਰਵੇਜ਼ ਕੰਸਟਰਕਸ਼ਨ ਹੈ ਦੀਆਂ ਸਭ ਵਡੀਆਂ ਛੋਟੀਆਂ ਕਰੇਨਾਂ ਇਮਦਾਦੀ ਕਾਰਜਾਂ ਵਾਸਤੇ ਅਰਪਿਤ ਕੀਤੀਆਂ ਗਈਆਂ। ਜ਼ਖਮੀਆਂ ਦੀ ਸਹਾਇਤਾ ਵਾਸਤੇ ਦਵਾਈਆਂ ਦੇ ਬੰਡਲ ਵੀ ਨੈਰੋਬੀ ਦੀ ਸੰਗਤ ਵਲੋਂ ਦਿਤੇ ਗਏ ਜੋ ਅਸੀਂ ਵੀ ਨਾਲ ਜਾ ਕੇ ਸਰਕਾਰੀ ਹਸਪਤਾਲ ਵਿਚ ਦਿਤੇ। ਇਸ ਤੋਂ ਪਹਿਲਾਂ ਇਕ ਗੱਡੀ ਲੈ ਕੇ ਹੰਸਪਾਲ ਜੀ ਅਤੇ ਅਸੀਂ ਲੋਕ ਬੰਬ ਧਮਾਕੇ ਦੀ ਥਾਂ ਵੇਖਣ ਗਏ। ਬਹੁਤ ਭੀੜ ਸੀ ਅਤੇ ਅਗੇ ਜਾਣ ਤੇ ਰੋਕ ਵੀ ਲਗੀ ਹੋਈ ਸੀ। ਰੀਲੀਫ ਕਾਰਜ ਚਲ ਰਹੇ ਸਨ ਮਿਲਟਰੀ ਅਤੇ ਪੋਲੀਸ ਦਾ ਸਖਤ ਪਹਿਰਾ ਸੀ। ਪਰ ਸਾਡੀ ਗੱਡੀ ਦਾ ਚਾਲਕ ਸੁਰਿੰਦਰ ਸਿੰਘ ਰੂਪਰਾ ਦਾ ਵੱਡਾ ਸਪੁੱਤਰ ਪ੍ਰਿਤਪਾਲ ਸਿੰਘ (ਪਿਤੀ) "ਜਰਨਲਿਸਟ ਫ਼ਰਾਮ ਇੰਡੀਆ", "ਐਮ.ਪੀ. ਫਰਾਮ ਇੰਡੀਆ" ਕਹਿੰਦਾ ਹੋਇਆ ਅੰਦਰ ਤਕ ਲੈ ਹੀ ਗਿਆ। (ਜਰਨਲਿਸਟ ਫਰਾਮ ਇੰਡੀਆ ਸਨ, ਜਗਦੀਸ਼ ਸਿੰਘ ਤੇ ਸਰਬ ਸ਼ਕਤੀਮਾਨ ਸਿੰਘ) ਪ੍ਰਿਤਪਾਲ ਸਪੋਰਟਸਮੈਨ ਹੈ। ਉਸਦਾ ਪਿਤਾ ਸੁਰਿੰਦਰ



Sri Satguru Jagjit Singh Ji eLibrary NamdhariElibrary@gmail.com

ਸਿੰਘ ਸੂਬਾ ਸਤਨਾਮ ਸਿੰਘ ਹੋਰਾਂ 'ਚੋਂ ਸਭ ਤੋਂ ਵੱਡਾ ਭਰਾ ਹੈ। ਕੀਨੀਆ ਦੇਸ਼ ਦਾ ਉਹ ਸ਼ੂਟਿੰਗ ਵਿਚ ਚੈਂਪੀਅਨ ਰਿਹਾ ਹੈ। ਪ੍ਰਿਤਪਾਲ ਵੀ ਸ਼ੂਟਿੰਗ ਦਾ ਮਾਹਰ ਹੈ। ਇਹਨਾਂ ਦਾ ਘਰ ਟਰਾਫੀਆਂ ਨਾਲ ਭਰਿਆ ਪਿਆ ਹੈ। ਪ੍ਰਿਤਪਾਲ ਨੇ ਗੱਡੀ ਭਾਰਤੀ ਅੰਬੇਸੀ ਅਗੇ ਖੜੀ ਕੀਤੀ। ਅਸੀਂ ਇਲਾਕੇ ਵਿਚ ਪੈਦਲ ਘੁੰਮਦੇ, ਬੰਬ ਵਾਲੀ ਥਾਂ ਪੁਜ ਹੀ ਗਏ। ਅਮਰੀਕਨ ਅੰਬੈਸੀ ਆਪਣ ਜਗਾਹ ਤੇ ਖੜੀ ਸੀ, ਪਰ ਸ਼ੀਸ਼ੇ ਟੁੱਟੇ ਹੋਏ ਸਨ। ਉਝ ਸ਼ੀਸ਼ੇ ਤਾਂ ਇਸ ਸਾਰੇ ਇਲਾਕੇ ਦੀਆਂ ਇਮਾਰਤਾਂ ਦੇ ਹੀ ਟੁੱਟੇ ਪਏ ਸਨ। ਵਡੇ ਵਡੇ ਢਾਂਚੇ ਹੀ ਖੜੇ ਸਨ। ਇਹ ਸ਼ੀਸ਼ੇ ਮਾਮੂਲੀ ਨਹੀਂ ਸਨ ਅੱਧੀ ਅੱਧੀ ਇੰਚ ਮੋਟੇ ਵੀ ਸਨ। ਸਭ ਸੜਕਾਂ ਤੇ ਸੀਸ਼ਾ ਖਿਲਰਿਆ ਪਿਆ ਸੀ। ਜਿਸ ਥਾਂ ਤੇ ਬੰਬ ਨਾਲ ਮੌਤਾਂ ਹੋਈਆਂ ਉਹ ਉਥੋਂ ਦਾ ਸਹਿਕਾਰੀ ਭਵਨ ਸੀ—ਔਫ਼ੁਤੀ ਕੋਆਪਰੇਟਿਵ ਹਾਊਸ। ਕੋਆਪਰੇਟਿਵ ਨਾਲ ਸੰਬੰਧਤ ਸਭ ਅਦਾਰੇ, ਸੰਸਥਾਵਾਂ ਦਫਤਰ ਬੈਂਕ ਆਦਿਕ ਇਥੇ ਹੀ ਸਨ। ਕਈ ਮੰਜ਼ਲ ਉਚੀ ਇਹ ਇਮਾਰਤ ਖੰਡਰ ਬਣ ਗਈ ਸੀ ਅਤੇ ਇਸ ਕਨਕਰੀਟ ਦੇ ਪਹਾੜ ਹੇਠ ਸੈਂਕੜੇ ਮਨੁੱਖੀ ਸਰੀਰ ਦਬੇ ਪਏ ਸਨ। ਕਰੇਨਾਂ ਨਾਲ ਇਹ ਪਹਾੜ ਦੇ ਟੋਟੇ ਚੁੱਕ ਚੁੱਕ ਕੇ ਵਿਚੋਂ ਮਨੁੱਖ ਜਿਊਂਦੇ ਜਾਂ ਮਰੇ ਬਾਹਰ ਕਢੇ ਜਾ ਸਕਣੇ ਸਨ। ਐਸੇ ਕੇਸ ਵੀ ਹੋਏ ਕਿ ਮਲਬੇ ਅੰਦਰ ਬਚੇ ਹੋਏ ਜਿਊਂਦੇ ਆਦਮੀ ਮਸ਼ੀਨਾਂ ਦੇ ਜਬਾੜਿਆਂ ਵਿਚ ਹੀ ਕੱਟੇ ਗਏ। ਸਾਨੂੰ ਤਾਂ ਇੰਜ ਲਗਿਆ ਕਿ ਰੀਲੀਫ ਦਾ ਕੰਮ ਹੌਲੀ ਹੋ ਰਿਹਾ ਹੈ। ਆਖਰ ਇਸ ਮੁਲਕ ਵਿਚ ਅਜੇਹੀ ਘਟਨਾ ਹੋਈ ਵੀ ਅਚਨਚੇਤ ਸੀ ਅਤੇ ਇਥੋਂ ਦੀ ਸਰਕਾਰੀ ਮਸ਼ੀਨਰੀ ਇਸ ਦਰਦਨਾਕ ਘਟਨਾ ਲਈ ਤਿਆਰ ਵੀ ਨਹੀਂ ਸੀ। ਪਤਾ ਨਹੀਂ ਸੀ ਲਗ ਰਿਹਾ ਕਿ ਇਹ ਕਾਰਾ ਕਿਸ ਦਾ ਹੈ। ਮੈਂ ਤਨਜ਼ਾਨੀਆ ਦੇ ਸ. ਸਤਵੰਤ ਸਿੰਘ ਪਾਲਰੇ ਨੂੰ ਪੁਛਿਆ ਇਹ ਕਿਸ ਦਾ ਕੰਮ ਹੋ ਸਕਦਾ ਹੈ ਉਹ ਕਹਿਣ ਲਗੇ ਮੁਸਲਮਾਨਾਂ ਦਾ। ਦੇਖ ਲੈਣਾ ਉਹ ਹੀ ਨਿਕਲਣਗੇ। ਇਹ ਗੱਲ ਹਜ਼ਮ ਹੋਣ ਵਾਲੀ ਨਹੀਂ ਸੀ। ਪਰ ਸਿਤਮ ਜ਼ਰੀਫੀ ਇਹ ਸੀ ਕਿ ਮਰਨ ਵਾਲੇ ਅਮਰੀਕਨ ਨਹੀਂ ਸਨ ਸਗੋਂ ਗਰੀਬ ਕੀਨੀਆ ਵਾਸੀ ਕਾਲੇ ਲੋਗ ਸਨ ਜਿਨ੍ਹਾਂ ਵਿਚ ਇਸਲਾਮ ਧਰਮ ਨੂੰ ਮੰਨਣ ਵਾਲੇ ਵੀ ਬਥੇਰੇ ਹਨ। ਅਮਰੀਕੀ ਅਤੇ ਇਜ਼ਰਾਈਲੀ ਮੁਲਕਾਂ ਤੋਂ ਵੀ ਰੀਲੀਫ ਕਾਰਜਾਂ ਲਈ ਵਾਲੰਟੀਅਰ ਪੁਜ ਗਏ ਸਨ। ਸ਼ਹਿਰ ਦੀਆਂ ਬਹੁਤੀਆਂ ਸੜਕਾਂ ਬੰਦ ਕਰ ਦਿਤੀਆਂ ਗਈਆਂ ਸਨ। ਅਸੀਂ ਟੀ.ਵੀ. ਅਤੇ ਅਖਬਾਰਾਂ 'ਚੋਂ ਖਬਰਾਂ ਦਾ ਵਿਸਥਾਰ ਭਾਲ ਰਹੇ ਸਾਂ। ਇਹ ਵਿਸਥਾਰ ਤਾਂ ਸਾਰੀ ਦੁਨੀਆ ਤੇ ਚਲਾ ਵੀ ਗਿਆ ਸੀ। ਕੁਲ ਮਿਲਾ ਕੇ ਸਾਰੇ ਘਟਨਾ ਚੱਕਰ ਨੇ ਬੁਰੀ ਤਰ੍ਹਾਂ ਝੰਜੋੜ ਕੇ ਰੱਖ ਦਿਤਾ ਸੀ। ਬੜੀ ਮੁਸ਼ਕਲ ਨਾਲ ਟੈਲੀਫੋਨ ਸੰਪਰਕ ਹੋਏ ਤੇ ਅਸੀਂ ਬਹੁਤਿਆਂ ਨੇ ਭਾਰਤ ਵਿਚ ਆਪਣੇ ਘਰਦਿਆਂ ਨੂੰ ਅਪਣੇ ਜੀਊਂਦੇ ਹੋਣ ਦੀ ਖਬਰ ਦਿਤੀ। (ਚਲਦਾ)

---

## ਪ੍ਰਤੀਕਰਮ

ਮੈਨੂੰ ਬਾਪੂ ਸੰਤੋਖ ਸਿੰਘ ਸਫਰੀ ਹੋਣਾ ਨੇ ਆਪ ਜੀ ਦੇ ਸੁਭਾਅ ਬਾਰੇ ਬਹੁਤ ਚੰਗੀ ਤਰ੍ਹਾਂ ਦੱਸ ਦਿੱਤਾ ਸੀ, ਪਰ ਜਦੋਂ ਮੈਂ ਸਾਵਣ ਕਵੀ ਦਰਬਾਰ ਤੇ ਆਪ ਜੀ ਦੇ ਦਰਸ਼ਨ ਕੀਤੇ, ਤਾਂ ਮੇਰਾ ਮਨ ਪ੍ਰਸੰਨ ਹੋਇਆ। ਮੈਨੂੰ ਇਸ ਗੱਲ ਦੀ ਬੇਹੱਦ ਖੁਸ਼ੀ ਹੋਈ ਹੈ ਕਿ ਆਪ ਜੀ ਨੇ ਇਕ ਅਣਡਿਠੀ ਭੈਣ ਦੇ ਬੋਲਾਂ ਨੂੰ ਆਪਣੇ 'ਵਰਿਆਮ' ਵਿਚ ਥਾਂ ਦੇ ਕੇ ਮੇਰਾ ਬਹੁਤ ਆਦਰ ਕੀਤਾ ਹੈ। ਮੈਨੂੰ ਇਸ ਗੱਲ ਦੀ ਵੀ ਖੁਸ਼ੀ ਹੈ ਕਿ ਵਰਿਆਮ ਰਸਾਲੇ ਵਿਚ ਉੱਚ-ਕੋਟੀ ਦੇ ਲੇਖ ਹੁੰਦੇ ਹਨ। ਕਵਿਤਾ ਵਜੋਂ ਵੀ ਭੈਣ ਜਸਵਿੰਦਰ ਕੌਰ ਦੀ ਕਵਿਤਾ 'ਔਰਤ' ਪੜ੍ਹੀ ਹੈ, ਇਸ ਦੀ ਮੈਂ ਭਰਪੂਰ ਸ਼ਲਾਘਾ ਕਰਦੀ ਹਾਂ। ਮੈਂ ਅਰਦਾਸ ਕਰਦੀ ਹਾਂ ਕਿ ਆਪ ਜੀ ਦੀ ਕਲਮ ਨੂੰ ਸਤਿਗੁਰੂ ਸੱਚੇ ਪਾਤਸ਼ਾਹ ਇੰਨੀ ਬਰਕਤ ਪਾਵਣ ਕਿ ਆਪ ਤਾ-ਹਸ਼ਰ ਲਿਖਦੇ ਰਹੋ।

—ਨੀਲਮ ਸੰਜੀਵ
ਫਗਵਾੜਾ

ਆਪ ਜੀ ਵਲੋਂ ਭੇਜਿਆ ਗਿਆ ਦਸੰਬਰ ੯੮ ਦਾ ਅੰਕ ਪ੍ਰਾਪਤ ਹੋ ਗਿਆ ਹੈ। ਆਪ ਜੀ ਵਲੋਂ ਏਨੀ ਫੁਰਤੀ ਨਾਲ ਜੋ 'ਵਰਿਆਮ' ਛਾਪਿਆ ਜਾ ਰਿਹਾ ਹੈ, ਮੈਨੂੰ ਲਗਦਾ ਹੈ ਆਪ ਜੀ ਪਿਛਲੇ ਸਮੇਂ ਦੀ ਲੇਟ ਕੱਢ ਰਹੇ ਹੋ; ਕਿਉਂਕਿ ਕਈ ਅੰਕ ਇਕ ਮਹੀਨੇ ਦੀ ਬਜਾਏ ਦੋ ਮਹੀਨੇ ਲਈ ਹੀ ਕੱਢੇ ਗਏ ਸਨ। ਫੁਰਤੀ ਜ਼ਰੂਰ ਕਰਨੀ ਚਾਹੀਦੀ ਹੈ, ਪਰ ਵੇਖਿਓ ਜ਼ਿਆਦਾ ਅਡਵਾਂਸ ਨਾ ਹੋ ਜਾਇਓ—ਕਿਤੇ ਦਸੰਬਰ ਵਿਚ ਹੀ ਜਨਵਰੀ ੧੯੯੯ ਦਾ ਅੰਕ ਨਾ ਛਾਪ ਦਈਓ। ਦਸੰਬਰ ਅੰਕ ਪੜ੍ਹਕੇ ਵੇਖਿਆ ਇਕ ਯਾਦਗਾਰੀ ਅੰਕ ਹੋ ਨਿਬੜਿਆ ਹੈ। ਖਾਸ ਕਰਕੇ ਖਬਰਨਾਮਾ, ਪਾਠਕ ਪ੍ਰਤੀਕਰਮ, ਮੇਰੇ ਪਾਤਰ—ਕਿਸ ਕਿਸ ਲੇਖ ਦੀ ਗੱਲ ਕਰਾਂ ਸਾਰੇ ਹੀ ਵਧੀਆ ਹਨ।

—ਗਿ: ਹਰਜਿੰਦਰ ਸਿਘ ਫੱਕਰ
ਸੁਲਤਾਨਪੁਰ ਲੋਧੀ



Sri Satguru Jagjit Singh Ji eLibrary NamdhariElibrary@gmail.com

# ਅਨਮੋਲ ਕਥਨ

★ਅੱਗ ਨਾਲ ਸੜਦੇ ਇਕੋ ਹੀ ਰੁੱਖ ਨਾਲ ਜਿਵੇਂ ਸਾਰਾ ਜੰਗਲ ਸੜ ਜਾਂਦਾ ਹੈ, ਇਸੇ ਤਰ੍ਹਾਂ ਹੀ ਨਲਾਇਕ ਪੁੱਤਰ ਨਾਲ ਸਾਰੀ ਕੁਲ ਬਦਨਾਮ ਹੋ ਜਾਂਦੀ ਹੈ।

—ਚਾਣਕਯ

★ਇਕ ਚੰਗਾ ਅਖ਼ਬਾਰ ਇਸ ਤਰ੍ਹਾਂ ਹੁੰਦਾ ਹੈ, ਜਿਵੇਂ ਇਕ ਕੌਮ ਆਪਣੇ ਨਾਲ ਗੱਲਾਂ ਕਰ ਰਹੀ ਹੋਵੇ।

—ਆਰਥਰ ਮਿਲਰ

★ਇਕ ਹਜ਼ਾਰ ਸੰਗੀਨਾ ਤੋਂ ਉਤਨਾ ਨਹੀਂ ਡਰਨਾ ਚਾਹੀਦਾ, ਜਿੰਨਾ ਚਾਰ ਵਿਰੋਧੀ ਅਖਬਾਰਾਂ ਤੋਂ।

—ਨੈਪੋਲੀਅਨ

★ਇਕ ਰਾਜਦੂਤ ਇਕ ਅਜਿਹਾ ਨੇਕ ਵਿਅਕਤੀ ਹੁੰਦਾ ਹੈ, ਜਿਸਨੂੰ ਆਪਣੇ ਦੇਸ਼ ਲਈ ਵਿਦੇਸ਼ਾਂ ਵਿਚ ਝੂਠ ਬੋਲਣ ਲਈ ਭੇਜਿਆ ਜਾਂਦਾ ਹੈ। ਇਕ ਪੱਤਰਕਾਰ ਅਜਿਹਾ ਬਦ-ਵਿਅਕਤੀ ਹੁੰਦਾ ਹੈ, ਜਿਹੜਾ ਆਪਣੇ ਹੀ ਘਰ ਵਿਚ ਆਪਣੇ ਲਈ ਝੂਠ ਬੋਲਦਾ ਹੈ।

—ਸਰ ਹੈਨਰੀ ਬੋਟਮ

★ਤੁਸੀਂ ਆਪਣੀ ਬਿਪਤਾ ਤੇ ਲੋੜ ਦੀ ਘੜੀ ਅਰਦਾਸ ਕਰਦੇ ਹੋ। ਇਵੇਂ ਹੋਵੇ ਕਿ ਤੁਸੀਂ ਆਪਣੀ ਖੁਸ਼ੀ ਦੀ ਬਸੰਤ ਰੁਤ ਨੂੰ ਤੇ ਆਪਣੇ ਭਰੇ ਭਰੇ ਦਿਨਾਂ ਵੇਲੇ ਵੀ ਅਰਦਾਸ ਕਰਿਆ ਕਰੋ।

—ਖ਼ਲੀਲ ਜਿਬਰਾਨ

★ਪ੍ਰਾਰਥਨਾ ਦੁਆਰਾ ਇਤਨੀਆਂ ਚੀਜ਼ਾਂ ਪ੍ਰਾਪਤ ਹੁੰਦੀਆਂ ਹਨ ਜਿਨ੍ਹਾਂ ਦਾ ਦੁਨੀਆਂ ਸੁਪਨਾ ਵੀ ਨਹੀਂ ਲੈ ਸਕਦੀ।

—ਟੈਨੀਸਨ

★ਜੇਕਰ ਤੁਸੀਂ ਇਕ ਭੁੱਖੇ ਮਰ ਰਹੇ ਕੁੱਤੇ ਨੂੰ ਚੁੱਕ ਕੇ ਉਸਨੂੰ ਰਜਾ ਦਿੰਦੇ ਹੋ ਤਾਂ ਉਹ ਤੁਹਾਨੂੰ ਵੱਢਗਾ ਨਹੀਂ ਇਥ ਕੁਤੇ ਅਤੇ ਮਨੁੱਖ ਵਿਚ ਇਹੀ ਮੁੱਖ ਅੰਤਰ ਹੈ।

—ਮਾਰਕਟਵੇਨ

★ਸੁਣਾਈ ਦੇਣ ਵਾਲਾ ਸੰਗੀਤ ਮਿੱਠਾ ਹੁੰਦਾ ਹੈ ਪਰ ਜਿਹ ਾ ਸੁਣਾਈ ਨਹੀਂ ਦਿੰਦਾ ਉਹ ਵਧੇਰੇ ਮਿੱਠਾ ਹੁੰਦਾ ਹੈ।

—ਜਾਹਨ ਕੀਟਸ

★ਅਪਵਿੱਤਰ ਕਲਪਨਾ ਉਤਨੀ ਹੀ ਬੁਰੀ ਹੈ ਜਿਤਨਾ ਬੁਰਾ ਅਪਵਿੱਤਰ ਕੰਮ।

—ਵਿਵੇਕਾਨੰਦ

★ਇਤਨਾ ਜ਼ਿਆਦਾ ਭੋਜਨ ਨਾ ਖਾਓ ਕਿ ਤੁਹਾਡੇ ਮੂੰਹ ਦੁਆਰਾਂ ਵਾਪਸ ਆ ਜਾਵੇ। ਇਤਨਾ ਵੀ ਘੱਟ ਨਾ ਖਾਓ ਕਿ ਤੁਹਾਡੀ ਆਤਮਾ ਤੁਹਾਡੇ ਸਰੀਰ ਵਿਚੋਂ ਬਾਹਰ ਆ ਜਾਵੇ।

—ਸ਼ੇਖ ਸਾਅਦੀ

ਸਮੁੰਦਰ ਦੀਆਂ ਲਹਿਰਾਂ ਵਿਚ ਵੀ ਇਕ ਬੜਾ ਭਾਰੀ ਲੈ ਤਾਲ ਹੈ। ਇਹ ਪ੍ਰਿਥਵੀ ਇਕ ਮਹਾਂ ਛੰਦ ਦੇ ਅਨੁਸਾਰ ਸੂਰਜ ਦੀ ਪ੍ਰਦੱਖਣਾ ਕਰਦੀ ਹੈ।

—ਟੈਗੋਰ

ਸੰਸੇ ਵਿਚ ਡੁੱਬੇ ਆਦਮੀ ਦਾ ਵਿਨਾਸ਼ ਅਵੱਸ਼ ਹੁੰਦਾ ਹੈ।

— ਸ੍ਰੀ ਕਿਸ਼ਨ ਗੀਤਾ

ਵੱਡਾ ਦੁਖੀਆ ਉਹ ਹੈ ਜੋ ਸਲਾਹੀਂ ਪੈ ਜਾਏ।

—ਕਾਰਲਾਈਲ

ਇਸ ਦੁਨੀਆ ਵਿਚ ਜੋ ਅਸੀਂ ਲੈਂਦੇ ਹਾਂ, ਉਹ ਨਹੀਂ ਬਲਕਿ ਜੋ ਦਿੰਦੇ ਹਾਂ, ਉਹ ਸਾਨੂੰ ਧਨਵਾਨ ਬਣਾਉਂਦਾ ਹੈ।

—ਬੀਚਰ

ਦੇਣ ਨਾਲ ਦਿਲ ਦੀ ਸੰਕੀਰਨਤਾ ਦੂਰ ਹੁੰਦੀ ਹੈ। ਇਸ ਲਈ ਹਰ ਵਿਅਕਤੀ ਨੂੰ ਸਿਖਿਆ ਮਿਲਣੀ ਚਾਹੀਦੀ ਹੈ ਕਿ ਦੇਣ ਨਾਲ ਨਿਰਵੈਰਤਾ ਆਏਗੀ।

— ਵਿਨੋਬਾ ਭਾਵੇ

ਗਲੀ ਬਜ਼ਾਰ ਵਿਚ ਇਕ ਵਿਦਵਾਨ ਇਕ ਸਾਧਾਰਨ ਆਦਮੀ ਨਾਲੋਂ ਕੋਈ ਵਿਸ਼ੇਸ਼ ਆਦਮੀ ਨਹੀਂ ਹੁੰਦਾ ਜਿਵੇਂ ਕਿ ਬੰਸਰੀ ਦੀ ਤਾਨ ਆਰੇ ਦੇ ਰੌਲੇ ਨਾਲੋਂ ਉਚੇਰੀ ਨਹੀਂ ਹੁੰਦੀ। ਪਰ ਕਿਉਂਕਿ ਰੌਲੇ ਦੇ ਮੁਕਾਬਲੇ ਵਿਚ ਬੰਸਰੀ ਦੀ ਤਾਨ ਦੂਰ ਦੂਰ ਸੁਣੀ ਜਾਂਦੀ ਹੈ, ਇਸੇ ਤਰ੍ਹਾਂ ਕਿਸੇ ਬੈਂਕਰ ਦੀ ਜਮ੍ਹਾਂ ਰਕਮ ਨਾਲੋਂ ਵਿਦਵਾਨ ਦੀ ਸ਼ੁਹਰਤ ਦੂਰ ਦੁਰੇਡੇ ਪਹੁੰਚ ਜਾਂਦੀ ਹੈ।

—ਐਮਰਸਨ



Sri Satguru Jagjit Singh Ji eLibrary NamdhariElibrary@gmail.com

# ਟੂਟਨਖਾਮੁਨ ਦਾ ਸਰਾਪ

—ਹਰਜਿੰਦਰ ਸਿੰਘ ਕੰਵਲ,
ਕਵੇਂਟਰੀ ਯੂ. ਕੇ.

ਈਸਵੀ ੧੯੨੨ ਵਿਚ ਇਕ ਬਹੁਤ ਵਚਿਤ੍ਰ ਘਟਨਾ ਵਾਪਰੀ। ਮਿਸਰ ਦੀ "ਬਾਦਸ਼ਾਹਾਂ ਦੀ ਘਾਟੀ" (Vally of the Kings) ਵਿਚ ਇਕ ਐਸੀ ਕਬਰ ਦਾ ਸੰਕੇਤ ਮਿਲਿਆ ਜਿਸਦੀ ਮਿਸਾਲ ਉਹ ਆਪ ਹੀ ਹੈ। ਇਸ ਦਾ ਸੰਖੇਪ ਹਾਲ ਪੁਰਾਤਤੱਵ-ਵਿਗਿਆਨੀ (Archaeologist) ਹੋਵਰਡ ਕਾਰਟਰ (Howard Carter) ਦੇ ਰੋਜ਼ਨਾਮਚਿਆਂ ਵਿਚ ਇੰਝ ਦਰਜ ਹੈ।

ਇਸ ਕਬਰ ਵਿਚ ਇਕ ਮੰਮੀ (Mummy) ਬਾਦਸ਼ਾਹ ਟੁਟਨਖਾਮੁਨ ਦੀ ਲੱਭੀ ਜੋ B.C. ੧੩੫੨ ਵਿਚ ੨੧ ਵਰਸ ਦੀ ਆਯੂ ਦਾ ਹੋ ਕੇ ਗੁਜ਼ਰਿਆ ਸੀ ਅਤੇ ਇਸਦੇ ਮੁਰਦਾ ਸਰੀਰ ਦੇ ਨਾਲ ਬੇਅੰਤ ਹੀਰੇ ਜਵਾਹਰਾਤਾਂ ਦਾ ਖਜ਼ਾਨਾ ਦਬਿਆ ਗਿਆ ਸੀ। ਇਕ ਸਰਾਪ ਕਿ "ਜੋ ਇਸ ਕਬਰ ਨੂੰ ਖੋਲ੍ਹੇਗਾ ਉਹ ਮਰ ਜਾਵੇਗਾ" । ਇਨ੍ਹਾਂ ਕਬਰਾਂ ਅਤੇ ਖਜ਼ਾਨਿਆਂ ਨੂੰ ਸੁਰਖਿਅਤ ਰੱਖਣ ਲਈ ਹਮੇਸ਼ਾ ਮਿਸਰ ਦੀਆਂ ਕਬਰਾਂ ਦੇ ਨਾਲ ਨਾਲ ਚਲਦਾ ਆ ਰਿਹਾ ਹੈ।

ਇਹ ਸਰਾਪ ਸਾਕਾਰ ਰੂਪ ਵਿਚ ਉਦੋਂ ਪ੍ਰਗਟ ਹੋਇਆ ਜਦੋਂ ੧੯੨੨ ਈਸਵੀ ਵਿਚ ਇਸ ਕਬਰ ਨੂੰ ਲਾਰਡ ਕਰਨਾਰਵੋਨ ਨੇ ਖੋਜ ਕਢਿਆ ਪਰ ਜਲਦੀ ਹੀ ਪੰਜ ਮਹੀਨਿਆਂ ਬਾਦ ਲਾਰਡ ਕਰਨਾਰਵੋਨ ੧੯੨ ਵਿਚ ਇਕ ਮੱਛਰ ਦੇ ਲੜਨ ਨਾਲ ਸੁਰਗਵਾਸ ਹੋ ਗਏ। ਇਨ੍ਹਾਂ ਦਾ ਲੜਕਾ ਲੋਰਡ ਪੋਰਚੇਸਟਰ ਇੰਡੀਆ ਤੋਂ ਪਿਤਾ ਦੀ ਮੌਤ ਤੋਂ ਕੁਝ ਸਮਾਂ ਪਹਿਲਾਂ ਉਸਦੇ ਸਿਰ੍ਹਾਣੇ ਪਹੁੰਚ ਚੁਕਾ ਸੀ। ਕਰਨਾਰਵੋਨ ਦੀ ਮੌਤ ਦੋ ਵਜਣ 'ਚ ਪੰਜ ਮਿੰਟਾਂ ਤੇ ਸਵੇਰ ੫ ਅਪਰੈਲ ਨੂੰ ਹੋਈ। ਮੌਤ ਹੁੰਦਿਆਂ ਹੀ ਉਸ ਕਮਰੇ ਦੀਆਂ ਬੱਤੀਆਂ ਬੰਦ ਹੋ ਗਈਆਂ ਅਤੇ ਮੋਮਬਤੀਆਂ ਜਗਾ ਕੇ ਰੋਸ਼ਨੀ ਕਰਨੀ ਪਈ। ਬਾਦ ਵਿਚ ਲੋਰਡ ਪੋਰਚੇਸਟਰ ਨੂੰ ਪਤਾ ਲੱਗਾ ਕੇ ਠੀਕ ਇਸੇ ਸਮੇਂ ਹੀ ਸਾਰੇ ਸ਼ਹਿਰ ਕਾਹਿਰਾ (Cairo) ਦੀਆਂ ਬੱਤੀਆਂ ਵੀ ਬੁਝ ਗਈਆਂ ਸਨ ਜਿਸਦਾ ਯਥਾ ਸਤ ਵਿਗਿਆਨਕ ਨਿਰਣਾ ਕਾਹਿਰਾ ਦੇ ਬਿਜਲੀ ਬੋਰਡ ਕੋਲ ਵੀ ਨਹੀਂ ਸੀ। ਲੋਰਡ ਪੋਰਚੇਸਟਰ ਵਲੈਤ ਆਪਣੇ ਜੱਦੀ ਘਰ ਚਲੇ ਗਏ ਜਿਥੇ ਜਾ ਕੇ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੇ ਬਾਪ ਦਾ ਕੁੱਤਾ ਵੀ ਉਸੇ ਵੇਲੇ ਹੀ ਦਮ ਤੋੜ ਗਿਆ ਸੀ ਜਿਸ ਵਕਤ ਉਸਦੇ ਮਾਲਕ ਲੋਰਡ ਕਰਨਾਰਵੋਨ ਦੀ ਮੌਤ ਹੋਈ ਸੀ।

ਇਸ ਤੋਂ ਪਹਿਲਾਂ ਮਾਰਚ ੧੯੨੩ ਈਸਵੀ, ਅਖਬਾਰ 'ਨਿਊਯਾਰਕ ਟਾਈਮ' ਵਿਚ ਇਕ ਖਬਰ ਛਪੀ ਸੀ ਜਿਸ ਵਿਚ ਇਕ ਅਮਰੀਕੀ ਲਿਖਾਰੀ ਮਰੀ ਕੋਰੇਲੀ (Marie Correlli) ਨੇ ਦਾਅਵਾ ਕੀਤਾ ਸੀ ਕਿ ਉਸ ਕੋਲ ਇਕ ਪੁਰਾਣੀ ਅਰਬੀ ਦੀ ਕਿਤਾਬ ਹੈ ਜਿਸ ਵਿਚ ਇਹ ਦਰਜ ਹੈ ਕਿ ਜੋ ਮਿਸਰ ਦੀਆਂ ਕਬਰਾਂ ਨੂੰ ਖੋਦੇਗਾ ਉਸ ਦੀ ਮੌਤ ਜੀਵਨ ਕਾਲ ਤੋਂ ਪਹਿਲਾਂ ਹੀ ਹੋ ਜਾਵੇਗੀ।

ਲੋਰਡ ਕਰਨਾਰਵੋਨ ਪਹਿਲੇ ਸ਼ਕਸ ਸਨ ਜੋ ਇਸ ਸਰਾਪ ਦੇ ਸ਼ਿਕਾਰ ਹੋਏ। ਇਨਾਂ ਦੇ ਜਲਦੀ ਹੀ ਬਾਦ ਪ੍ਰੋਫੇਸਰ ਲਾ-ਫਲੀਊਰ (Prof L.-Fleur) ਜੋ ਉਸੇ ਹੀ ਕਬਰ ਅੰਦਰ ਪ੍ਰਵੇਸ਼ ਕਰਕੇ ਆਏ ਸਨ ਉਸੇ ਹੀ ਰਾਤ ਆਪਣੇ ਹੋਟਲ ਦੇ ਕਮਰੇ ਵਿਚ ਮੁਰਦਾ ਪਾਏ ਗਏ। ਇਕ ਕਰੋੜਪਤੀ ਅਮਰੀਕਨ ਜੋਰਜ ਜੇ-ਗੋਲਡ (George Jay-Gold) ਜੋ ਕਬਰ ਦੇ ਅੰਦਰ ਜਾਣ ਦੇ ਬਾਦ ਹੀ ਇਕ ਦਮ ਬੁਖਾਰ ਨਾਲ ਚਲ ਬਸੇ।

ਹੋਵਰਡ ਕਾਰਟਰ, ਇਨ੍ਹਾਂ ਕਬਰਾਂ ਦਾ ਖੋਜੀ ਆਪਣੇ ਇਕ ਮਦਦਗਾਰ ਏ. ਸੀ. ਮੇਸ (A. C. Mace) ਨੂੰ ਆਪਣਾ ਖੋਜ ਕੰਮ ਬੰਦ ਕਰਨਾ ਪਿਆ, ਜਦਕਿ ਉਸ ਨੂੰ ਕਈ ਦੌਰੇ ਬੁਖਾਰ ਦੇ ਪੈਂਦੇ ਰਹੇ, ਜੋ ਅੰਤ ਨੂੰ ਚਾਰ ਸਾਲ ਬਾਅਦ ਉਸ ਦੀ ਜਾਨ-ਲੇਵਾ ਸਾਬਤ ਹੋਏ। ਇਕ ਹੋਰ ਇਸੇ ਹੀ ਕਾਰਟਰ ਦਾ ਮਦਦਗਾਰ ਰਿਚਰਡ ਬੇਥਲ (Richard Bethell) ਵੀ ਇਕਦਮ ੪੫ ਸਾਲ ਦੀ ਉਮਰ ਵਿਚ ਬਗੈਰ ਕਾਰਨ ਅਚਾਨਕ ਮੌਤ ਨੂੰ ਪਿਆਰਾ ਹੋ ਗਿਆ।

ਡਾ. ਗਮਾਲ ਉਦੀਨ ਮਹਿਰੇਜ਼ (Dr. Gamal-ud-Din Mehrez) ਜੋ ਡਾਇਰੈਕਟਰ ਸਨ (Egyptian Dept. of Antiquities) ਨੇ ਪੱਤਰਕਾਰਾਂ ਨੂੰ ਇਹ ਬਿਆਨ ਦਿਤੇ ਸਨ ਕਿ ਕੋਈ ਵੀ "ਸਰਾਪ" ਵਰਗੀ ਚੀਜ਼ ਨਹੀਂ ਹੈ, ਕਿਉਂਕਿ ਉਸਨੇਂ ਅਨੇਕਾਂ ਹੀ ਕਬਰਾਂ ਵਿਚ ਪ੍ਰਵੇਸ਼ ਕੀਤਾ ਹੈ ਔਰ ਹੁਣ ਤਕ ਉਨ੍ਹਾਂ ਤੇ ਕੋਈ ਵੀ ਅਸਰ ਨਹੀਂ ਹੋਇਆ, ਪਰ ਇਸ "ਟੂਟਨਖਾਮੁਨ" ਦੇ ਅਵਸ਼ੇਸ਼ (Relic)



Sri Satguru Jagjit Singh Ji eLibrary NamdhariElibrary@gmail.com

ਜਦ ਕੱਢੇ ਜਾ ਰਹੇ ਸਨ ਤਾਂ ਇਸ ਦੀ ਵੀ ਅਚਾਨਕ ਮੌਤ ਹੋ ਗਈ ਜਦੋਂ ਕਿ ਆਪ ੫੨ ਸਾਲਾਂ ਦੇ ਰਿਸ਼ਟ-ਪੁਸ਼ਟ ਸੱਜਣ ਸਨ।

੧੯੭੯ ਵਿਚ ਗਰਨਾਡਾ ਟੈਲੀਵੀਜ਼ਨ ਕੰਪਨੀ ਇਕ ਫ਼ਿਲਮ ਤਿਆਰ ਕਰ ਰਹੀ ਸੀ "The Curse of King Tut" ਜਿਸ ਵਿਚ ਇਕ ਅਦਾਕਾਰ ਈਅਨ ਮਕਸ਼ੇਨ (Ian Mecshang) ਆਪਣੀ ਜ਼ਿੰਦਗੀ ਤੋਂ ਹੱਥ ਧੋਂਦਾ ਬੜੀ ਮੁਸ਼ਕਿਲ ਨਾਲ ਬਚਿਆ। ਇਕ ਕਾਰ ਵਿਚ ਜਿਸ ਵਿਚ ਉਹ ਸਵਾਰ ਸੀ। ਉਸ ਦੇ ਕਹਿਣ ਮੁਤਾਬਿਕ—ਕਿਸੇ ਸ਼ੈਅ ਨੇ ਕਾਰ ਦੇ ਸਟੇਅਰਿੰਗ ਤੇ ਕਬਜ਼ਾ ਕਰ ਲਿਆ ਅਤੇ ਇਕ ਖੱਡ ਵਲ ਨੂੰ ਮੋੜਨ ਦੀ ਕੋਸ਼ਿਸ਼ ਕੀਤੀ। ਈਅਨ ਜਲਦੀ ਹੀ ਉਸ ਚਲਦੀ ਕਾਰ ਵਿਚੋਂ ਛਲਾਂਗ ਮਾਰਕੇ ਬਚ ਤਾਂ ਗਿਆ, ਪਰ ਉਸ ਦੀ ਲੱਤ ਦਸ ਜਗ੍ਹਾ ਤੋਂ ਟੁੱਟ ਗਈ ਅਤੇ ਕਾਰ ਇਕਦਮ ਖੱਡ ਵਿਚ ਗਿਰ ਕੇ ਤਬਾਹ ਹੋ ਗਈ।

ਇਸ ਹਾਦਸੇ ਨਾਲ ਇਸ ਫ਼ਿਲਮ ਦੀ ਸ਼ੂਟਿੰਗ ਬੰਦ ਹੋ ਗਈ ਅਤੇ ੧੯੮੦ ਵਿਚ ਗਰਨਾਡਾ ਨੇ ਆਪਣੀ ਬੀਮਾ ਕੰਪਨੀ ਤੋਂ ਇਵਜ਼ਾਨਾ ਮੰਗਿਆ ਜੋ ਕੰਪਨੀ ਨੇ ਇਸ ਕਰਕੇ ਨਾਂਹ ਕਰ ਦਿਤੀ ਕਿ ਕਾਰ ਦੀਆਂ ਬਰੇਕਾਂ ਖਰਾਬ ਸਨ। ਪਰ ਅਦਾਲਤ ਵਿਚ ਕੇਸ ਜਦੋਂ ਗਿਆ ਤਾਂ ਜੱਜ ਨੇ ਗਰਨਾਡਾ ਅਤੇ ਈਅਨ ਦੀ ਗੱਲ ਨੂੰ ਮੰਨ ਕੇ ਕੇਸ ਦਾ ਫੈਸਲਾ ਉਹਨਾਂ ਦੇ ਹੱਕ ਵਿਚ ਕਰ ਦਿਤਾ ਅਤੇ ਬੀਮਾ ਕੰਪਨੀ ਕੇਸ ਹਾਰਕੇ ਕਾਫੀ ਖਰਚਾ ਦੇ ਕੇ ਛੁਟੀ।

ਹੁਣ ਤਕ ੨੧ ਮੌਤਾਂ ਦਾ ਤੁਅੱਲਕ ਇਸ 'ਸਰਾਪ' ਨਾਲ ਜੁੜਦਾ ਨਜ਼ਰ ਆਇਆ ਹੈ—ਪਰ ਕੀ ਇਹ ਮਹਿਜ਼-ਇਤਿਫ਼ਾਕ ਹੈ ਜਾਂ ਕੁਝ ਹੋਰ ? ਇਸ ਬਾਰੇ ਅਨੁਮਾਨ ਲਗਾਇਆ ਜਾਂਦਾ ਹੈ ਕਿ ਕਬਰਾਂ ਖੋਲ੍ਹਣ ਵੇਲੇ ਇਕ ਐਸੇ ਘਾਤਕ ਬੈਕਟੀਰੀਆ ਜਾਗ ਪਿਆ ਜੋ ਕਬਰ ਵਿਚ ਕਬਰ ਬੰਦ ਕਰਨ ਵੇਲੇ ਤੋਂ ਪਲਦਾ ਰਿਹਾ। ਪਰ ਫਿਰ ਵੀ ਇਹ ਵਾਰ ਉਨ੍ਹਾਂ ਤੇ ਨਹੀਂ ਕਰ ਸਕਿਆ ਜਿਹੜੇ ਹੋਰ ਕਈ ਕਬਰ ਖੁਲ੍ਹਣ ਵੇਲੇ ਮੌਜੂਦ ਸਨ, ਜਿਨ੍ਹਾਂ ਵਿਚੋਂ ਹੋਵਰਡ ਕਾਰਟਰ ਵੀ ਹੈ, ਜੋ ਹਾਲੇ ਤਕ ਜੀਵਤ ਹੈ।

ਜਿੰਨੇ ਵੀ ਇਨ੍ਹਾਂ ਕਬਰਾਂ ਦੇ ਸੰਪਰਕ ਵਿਚ ਆਏ, ਉਨ੍ਹਾਂ ਵਿਚੋਂ ਕਿੰਨੇ ਹੀ ਮਰੇ ਹਨ ਅਤੇ ਕਿੰਨੇ ਹੀ ਜੀਵਤ ਹਨ—ਸਾਰੇ ਇਸ 'ਸਰਾਪ' ਦੀ ਛਾਂ ਹੇਠਾਂ !!

ਸੱਚਾਈ ਕੀ ਹੈ ? ਖ਼ੁਦਾ ਹੀ ਜਾਣੇ।

)⌶(

ਖ਼ਬਰਨਾਮਾ

## ਭਾਰਤ ਏਸ਼ੀਆਈ ਹਾਕੀ ਚੈਂਪੀਅਨ ਮੁੜ ਬਣਿਆ

ਭਾਰਤ ਨੇ ਬੈਂਕਾਕ ਵਿਚ ਹੋਈਆਂ ਤੇਰਵੀਆਂ ਏਸ਼ੀਆਈ ਖੇਡਾਂ ਵਿਚ ਕੁਲ ੩੫ ਤਮਗੇ ਪ੍ਰਾਪਤ ਕੀਤੇ ਹਨ। ਇਹਨਾਂ ਵਿਚ ੭ ਸੋਨੇ ਦੇ ੧੧, ਚਾਂਦੀ ਦੇ ਅਤੇ ੧੭ ਕਾਂਸੇ ਦੇ ਤਮਗੇ ਲਏ ਹਨ। ਇਸ ਤਰ੍ਹਾਂ ਭਾਰਤ ਏਸ਼ੀਆਈ ਖੇਡਾਂ ਵਿਚੋਂ ਨੌਵੇਂ ਸਥਾਨ 'ਤੇ ਰਿਹਾ ਹੈ। ਇਸ ਵਾਰ ਦੀਆਂ ਖੇਡਾਂ ਵਿਚ ਇਕੋ ਭਾਰਤੀ ਐਥਲੀਟ ਕੁੜੀ ਜਿਉਤੀ ਮੋਇ ਸਿਕਦਰ ਨੇ ਦੋ ਸੋਨੇ ਦੇ ਅਤੇ ਇਕ ਚਾਂਦੀ ਦਾ ਤਮਗਾ ਜਿੱਤ ਕੇ ਇਹ ਸਾਬਤ ਕਰ ਦਿਤਾ ਹੈ ਕਿ ਭਾਰਤੀ ਐਥਲੀਟਾਂ ਵਿਚ ਇਹ ਯੋਗਤਾ ਹੈ ਕਿ ਉਹ ਇਹਨਾਂ ਮੁਕਾਬਲਿਆਂ ਵਿਚ ਨਾਂ ਕਮਾ ਸਕਦੇ ਹਨ। ਪੂਰੇ ੩੨ ਸਾਲਾਂ ਦੇ ਲੰਮੇ ਸਮੇਂ ਬਾਦ ਏਸ਼ੀਆਈ ਹਾਕੀ ਵਿਚ ਭਾਰਤ ਨੇ ਸੋਨੇ ਦਾ ਤਮਗਾ ਜਿੱਤਿਆ ਹੈ। ਸੰਨ ੧੯੬੬ ਵਿਚ ਬੈਂਕਾਕ ਵਿਚ ਹੀ ਹੋਈਆਂ ਏਸ਼ੀਆਈ ਖੇਡਾਂ ਵਿਚ ਪਹਿਲਾ ਸਥਾਨ ਭਾਰਤ ਨੂੰ ਮਿਲਿਆ ਸੀ। ਇਸ ਬਾਅਦ ਪਾਕਿਸਤਾਨ ਲੰਮੇ ਸਮੇਂ ਤਕ ਏਸ਼ੀਆਈ ਸੋਨੇ ਤੇ ਕਾਬਜ਼ ਰਿਹਾ। ਫੇਰ ਦੱਖਣੀ ਕੋਰੀਆ ਹਾਕੀ ਦੇ ਨਕਸ਼ੇ 'ਤੇ ਉਭਰਿਆ ਅਤੇ ਪਿਛਲੀ ਵਾਰ ਦੱਖਣੀ ਕੋਰੀਆ ਨੇ ਸੋਨੇ ਦਾ ਤਮਗਾ ਪ੍ਰਾਪਤ ਕਰਕੇ ਹਾਕੀ ਦੇ ਰਵਾਇਤੀ ਸ਼ਰੀਕਾਂ ਭਾਰਤ ਅਤੇ ਪਾਕਿਸਤਾਨ ਦੋਨਾਂ ਨੂੰ ਪਛਾੜ ਘੱਤਿਆ। ਕਿਸਮਤ ਮੁੜ ਮਿਹਰਬਾਨ ਹੋਈ ਹੈ ਅਤੇ ਜਾਨ-ਹੂਲਵੇਂ ਫਾਈਨਲ ਮੈਚ ਵਿਚ ਅੰਤਲੇ ਦਮਾਂ ਤਕ ਲੜਣ ਬਾਦ ਟਾਈਬਰੇਕਰ ਦੁਆਰਾ ਪੈਨਲਟੀ ਸਟਰੋਕਾਂ ਦੇ ਮੁਕਾਬਲੇ ਵਿਚ ਭਾਰਤ ਜਿੱਤਿਆ। ਭਾਵੇਂ ਸਾਰੀ ਟੀਮ ਨੂੰ ਤੇ ਇਸਦੇ ਪਰਬੰਧਕਾਂ ਨੂੰ ਜਿੱਤ ਦਾ ਸਿਹਰਾ ਜਾਂਦਾ ਹੈ, ਪਰ ਜੇ ਇਕ ਵਿਅਕਤੀ ਦੇ ਸਿਰ ਸਿਹਰਾ ਬੰਨਣਾ ਹੋਵੇ ਤਾਂ ਉਹ ਹੈ ਗੋਲਕੀਪਰ ਆਸ਼ਿਸ਼ ਬਲਾਲ, ਜਿਸ ਨੇ ੨ ਪੈਨਲਟੀ ਸਟਰੋਕਾਂ ਨੂੰ ਬਚਾ ਕੇ ਪਾਸਾ ਹੀ ਪਲਟ ਦਿਤਾ।

ਭਾਰਤ ਦੀਆਂ ਕੁੜੀਆਂ ਵੀ ਇਸ ਵਾਰ ਫਾਈਨਲ ਵਿਚ ਦੱਖਣੀ ਕੋਰੀਆ ਨਾਲ ਹੀ ਭਿੜੀਆਂ। ਖੇਡੀਆਂ ਉਹ ਵੀ ਜੀ-ਜਾਨ ਨਾਲ ਅਤੇ ਤਗੜਾ ਮੁਕਾਬਲਾ ਕੀਤਾ। ਭਾਵੇਂ ਉਹਨਾਂ ਨੂੰ ਚਾਂਦੀ ਦੇ ਤਮਗੇ ਨਾਲ ਸੰਤੁਸ਼ਟ ਹੋਣਾ ਪਿਆ ਪਰ ਉਹਨਾਂ ਦੀ ਸ਼ਾਨਦਾਰ ਖੇਡ ਨੇ ਸਾਬਤ ਕਰ ਦਿਤਾ ਕਿ ਉਹ ਸੋਨੇ ਦਾ ਮੈਡਲ ਵੀ ਲੈ ਸਕਦੀਆਂ ਸਨ।



Sri Satguru Jagjit Singh Ji eLibrary NamdhariElibrary@gmail.com

# ਖਾਲਸਾ ਵਿਰਾਸਤ ਯਾਦਗਾਰ ਕਪਲੈਕਸ ਦਾ ਨੀਂਹ ਪੱਥਰ

ਖਾਲਸਾ ਪੰਥ ਦੀ ਸਾਜਨਾ ਦਾ ਤਿੰਨ ਸੌਵਾਂ ਦਿਨ ਜਾਂ ਖਾਲਸੇ ਦਾ ਤਿੰਨ ਸੌਵਾਂ ਜਨਮ ਦਿਨ ਅਗਲੀ ਵਿਸਾਖੀ ਨੂੰ ਆ ਰਿਹਾ ਹੈ। ਇਸ ਸੰਬੰਧ ਵਿਚ ਵੱਡੇ ਪੱਧਰ ਦੇ ਪ੍ਰੋਗਰਾਮ ਬਣਾਏ ਗਏ ਹਨ। ਪੰਜਾਬ ਸਰਕਾਰ ਵਲੋਂ ਇਕ ਉੱਚ ਪੱਧਰੀ ਖ਼ੁਦ-ਮੁਖਤਾਰ ਸੰਸਥਾ 'ਅਨੰਦਪੁਰ ਸਾਹਿਬ ਫ਼ਾਊਂਡੇਸ਼ਨ' ਵੀ ਬਣਾਈ ਗਈ ਹੈ ਜਿਸ ਦੇ ਪ੍ਰਧਾਨ 'ਅਜੀਤ' ਅਖਬਾਰ ਦੇ ਸੰਪਾਦਕ ਸ. ਬਰਜਿੰਦਰ ਸਿੰਘ ਬਣਾਏ ਗਏ। ਇਸ ਉੱਚ ਪੱਧਰੀ ਫਾਊਂਡੇਸ਼ਨ ਵਲੋਂ ਸ੍ਰੀ ਅਨੰਦਪੁਰ ਸਾਹਿਬ ਵਿਚ ਇਕ ਵਿਸ਼ਾਲ ਇਲਾਕੇ ਵਿਚ ਫੈਲੀ ਨਵੀਨ ਯਾਦਗਾਰ ਉਸਾਰਨ ਦਾ ਫੈਸਲਾ ਕੀਤਾ ਗਿਆ ਹੈ। ਇਸ ਬਹੁ-ਦਿਸ਼ਾਵੀ ਯਾਦਗਾਰ ਕੰਪਲੈਕਸ ਦੀ ਵਿਉਂਤ ਐਸੀ ਹੈ ਕਿ ਇਸ ਨੂੰ ਦੁਨੀਆ ਦਾ ਅੱਠਵਾਂ ਅਜੂਬਾ ਵੀ ਕਿਹਾ ਜਾ ਰਿਹਾ ਹੈ। ਅਤੇ ਇਸ ਅਜੂਬੇ ਦਾ ਨੀਂਹ ਪੱਥਰ ਰੱਖਣ ਵਾਸਤੇ ੨ ਨਵੰਬਰ ੧੯੯੮ ਐਤਵਾਰ ਨੂੰ ਸ੍ਰੀ ਅਨੰਦਪੁਰ ਸਾਹਿਬ ਵਿਖੇ ਭਾਰੀ ਸਮਾਗਮ ਹੋਇਆ।

ਇਸ ਦਿਨ ਖਾਲਸੇ ਦੇ ਜਨਮ ਅਸਥਾਨ ਤਖਤ ਸ੍ਰੀ ਕੇਸ਼ਗੜ੍ਹ ਸਾਹਿਬ ਵਿਖੇ ਪਹਿਲਾਂ ਦੀਵਾਨ ਸਜੇ ਅਤੇ ਉਸ ਤੋਂ ਬਾਦ ਇਕ ਸ਼ਾਨਦਾਰ ਸ਼ਾਹਾਨਾ ਜਲੂਸ ਰਾਹੀਂ ਕਿਲ੍ਹਾ ਅਨੰਦਗੜ੍ਹ ਦੇ ਕੋਲ ਇਕ ਪਹਾੜੀ ਉਪਰ ਪਹੁੰਚਕੇ, ਨੀਂਹ ਪੱਥਰ ਤੋਂ ਪਰਦਾ ਉਠਾਇਆ ਗਿਆ। ਪਰਦਾ ਪੰਜ ਪਿਆਰਿਆਂ ਨੇ ਬਟਨ ਦਬਾ ਕੇ ਕੀਤਾ।

ਇਸ ਦਿਨ ਸ੍ਰੀ ਅਨੰਦਪੁਰ ਸਾਹਿਬ ਵਿਚ ਭਾਰੀ ਰੌਣਕਾਂ ਸਨ। ਪਹਿਲਾਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਵਿਚ ਸ੍ਰੀ ਅਖੰਡ ਪਾਠ ਦਾ ਭੋਗ ਪਿਆ। ਜਥੇਦਾਰ ਪ੍ਰੋ. ਮਨਜੀਤ ਸਿੰਘ ਵਲੋਂ ਸ਼ਸਤਰਾਂ ਦੇ ਦਰਸ਼ਨ ਕਰਵਾਏ ਗਏ ਅਤੇ ਅੱਜ ਦੇ ਦਿਨ ਦੀ ਮਹੱਤਤਾ ਦਰਸਾਈ ਗਈ। ਹਜ਼ੂਰੀ ਰਾਗੀਆਂ ਵਲੋਂ ਕੀਰਤਨ ਕੀਤਾ ਗਿਆ। ਫੇਰ ਜਲੂਸ ਸ਼ੁਰੂ ਹੋਇਆ। ਸਿੱਖ ਰਜਮੈਂਟਲ ਸੈਂਟਰ ਅਤੇ ਸਿੱਖ ਲਾਈਟ ਇਨਫੈਂਟਰੀ ਦੇ ਮਿਲਟਰੀ ਬੈਂਡ ਨੇ ਉਤਸ਼ਾਹੀ ਧੁਨਾਂ ਵਜਾਈਆਂ। ਸਤਿਗੁਰੂ ਗੋਬਿੰਦ ਸਿੰਘ ਜੀ ਦੇ ਵਿਸ਼ੇਸ਼ ਸ਼ਸਤਰਾਂ ਵਾਲੀ ਗੱਡੀ, ਨੰਦੇੜ ਤੋਂ ਲਿਆਂਦੇ ਗਏ ਘੋੜੇ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਘੋੜਿਆਂ ਦੀ ਨਸਲ ਦਸਿਆ ਗਿਆ ਜਲੂਸ ਵਿਚ ਸ਼ਾਮਲ ਸਨ। ਅਗੇ ਅਗੇ ਸਜਾਈਆਂ ਹੋਈਆਂ ਖੁਲ੍ਹੀਆਂ ਜੀਪਾਂ ਸਨ। ਸਭ ਤੋਂ ਅਗੇ ਪੰਜ ਪਿਆਰੇ ਫੇਰ ਪੰਜਾਬ ਦੇ ਮੁਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ, ਗਵਰਨਰ ਸ੍ਰੀ ਬੀ.ਕੇ. ਛਿੱਬਰ, ਸ਼੍ਰੋਮਣੀ ਗੁਰਦੁਆਰਾ ਪਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਸ. ਗੁਰਚਰਨ ਸਿੰਘ ਟੌਹੜਾ, ਕੈਪਟਨ ਕੰਵਲਜੀਤ ਸਿੰਘ, ਸ. ਸੁਰਜੀਤ ਸਿੰਘ ਬਰਨਾਲਾ, ਸਿੱਖ ਧਾਰਮਿਕ ਸ਼ਖਸੀਅਤਾਂ, ਸੰਤ ਮਹਾਂਪੁਰਖ, ਸੰਪਰਦਾਵਾਂ ਦੇ ਮੁਖੀ, ਅਤੇ ਹੋਰ ਉਘੇ ਲੀਡਰ ਜੀਪਾਂ ਤੇ ਖੜੇ ਸਨ। ਨਾਮਧਾਰੀ ਦਰਬਾਰ ਦੀ ਜੀਪ ਵਿਚ ਸ. ਸੁਰਿੰਦਰ ਸਿੰਘ ਮੀਤ ਪ੍ਰਧਾਨ, ਸ. ਜਗਦੀਸ਼ ਸਿੰਘ ਵਰਿਆਮ ਜਨਰਲ ਸਕੱਤਰ, ਸ. ਅਜੀਤ ਸਿੰਘ ਸਕੱਤਰ, ਸੂਬਾ ਹਰਭਜਨ ਸਿੰਘ, ਸੰਤ ਦਲੀਪ ਸਿੰਘ, ਸੰਤ ਦਿਆਲ ਸਿੰਘ, ਸ. ਜਗਮੋਹਨ ਸਿੰਘ ਸ਼ਾਮਲ ਸਨ। ਇਹਨਾਂ ਤੋਂ ਪਿਛੇ ਸਕੂਲਾਂ ਦੇ ਬੈਂਡ, ਵਿਦਿਆਰਥੀ, ਗਤਕਾ ਪਾਰਟੀਆਂ ਅਤੇ ਕੀਰਤਨ ਕਰਦੀਆਂ ਸੰਗਤਾਂ ਦਾ ਇਕ ਅਮੁੱਕ ਸਿਲਸਲਾ ਸੀ। ਨੀਂਹ ਪੱਥਰ ਸਮਾਗਮ ਤੋਂ ਬਾਦ ਪਹਾੜੀ ਤੇ ਬਣੇ ਹੋਏ ਸਟੇਜ ਤੋਂ ਭਾਸ਼ਣ ਹੋਏ। ਕੈਪਟਨ ਕੰਵਲਜੀਤ ਸਿੰਘ ਦੇ ਸਟੇਜ ਪਰਬੰਧ ਵਿਚ, ਜਥੇਦਾਰ ਮਨਜੀਤ ਸਿੰਘ, ਜਥੇਦਾਰ ਗੁਰਚਰਨ ਸਿੰਘ ਟੌਹੜਾ, ਗਵਰਨਰ ਛਿੱਬਰ ਸਾਹਿਬ, ਕੇਂਦਰੀ ਮੰਤਰੀ ਸ. ਸੁਰਜੀਤ ਸਿੰਘ ਬਰਨਾਲਾ, ਸ. ਗੁਰਦੇਵ ਸਿੰਘ ਬਾਦਲ ਮੰਤਰੀ ਪੰਜਾਬ ਅਤੇ ਪੰਜਾਬ ਦੇ ਮੁਖ ਮੰਤਰੀ ਸ. ਪਰਕਾਸ਼ ਸਿੰਘ ਬਾਦਲ ਦੇ ਭਾਸ਼ਣ ਹੋਏ।

ਇਸ ਅਵਸਰ ਸਮੇਂ ਸ਼ਮੂਲੀਅਤ ਵਾਸਤੇ ਪੰਜਾਬ ਦੇ ਖਜ਼ਾਨਾ ਮੰਤਰੀ ਅਤੇ ਮੁਖ ਮੰਤਰੀ ਸ. ਬਾਦਲ ਦੁਆਰਾ ਥਾਪੇ ਸਮਾਗਮ ਦੇ ਇੰਚਾਰਜ ਕੈਪਟਨ ਕੰਵਲਜੀਤ ਸਿੰਘ ਵਲੋਂ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੂੰ ਪੱਤਰ ਰਾਹੀਂ ਬੇਨਤੀ ਕੀਤੀ ਗਈ ਸੀ। ਸਤਿਗੁਰੂ ਜੀ ਕਿਉਂਕਿ ਕੈਨੇਡਾ ਵਿਚ ਸਨ। ਆਪ ਨੇ ਫੋਨ ਕਰਕੇ ਸੰਗਤਾਂ ਨੂੰ ਭਾਰੀ ਗਿਣਤੀ ਵਿਚ ਸ਼ਾਮਲ ਹੋਣ ਲਈ ਤਾਕੀਦ ਕੀਤੀ। ਸ. ਸੁਰਿੰਦਰ ਸਿੰਘ ਲੁਧਿਆਣਾ ਹੋਰਾਂ ਮੀਟਿੰਗਾਂ ਕਰਕੇ, ਪ੍ਰੋਗਰਾਮ ਨਿਰਧਾਰਤ ਕਰਕੇ, ਸੰਗਤਾਂ ਨੂੰ ਸੁਨੇਹੇ ਭੇਜ ਕੇ ਅਤੇ ਸੰਤ ਦਿਆਲ ਸਿੰਘ ਜੀ ਵਲੋਂ ਸੁਨੇਹੇ ਭੇਜ ਕੇ ਸੰਗਤਾਂ ਨੂੰ ਸੂਚਿਤ ਕੀਤਾ ਗਿਆ। ਸਾਰਿਆਂ ਇਲਾਕਿਆਂ ਤੋਂ ਨਾਮਧਾਰੀ ਸੰਗਤਾਂ



Sri Satguru Jagjit Singh Ji eLibrary NamdhariElibrary@gmail.com

ਹੁਮਹੁਮਾਕੇ ਪੁਜੀਆਂ ਹੋਈਆਂ ਸਨ । ਖਾਲਸਾ ਕਾਲਜ ਅਨੰਦਪੁਰ ਸਾਹਿਬ ਵਿਚ ਰੋਪੜ ਦੀ ਸੰਗਤ ਵਲੋਂ ਸੂਬਾ ਮਨੀ ਸਿੰਘ ਹੋਰਾਂ ਦੀ ਅਗਵਾਈ ਵਿਚ ਗੁਰੂ ਕਾ ਅਤੁਟ ਲੰਗਰ ਚਾਲੂ ਸੀ ਜਿਥੇ ਨਾਮਧਾਰੀ ਸੰਗਤਾਂ ਅਤੇ ਹੋਰ ਆਈਆਂ ਸੰਗਤਾਂ ਨੇ ਲੰਗਰ ਛਕਿਆ । ਇਥੇ ਹੀ ਨਾਮਧਾਰੀ ਸੰਗਤਾਂ ਦਾ ਟਿਕਾਣਾ ਸੀ । ਨਾਮਧਾਰੀ ਸੰਗਤਾਂ ਢੋਲਕ ਛੈਣਿਆਂ ਨਾਲ ਕੀਰਤਨ ਕਰਦੇ ਅਨੇਕਾਂ ਜਥਿਆਂ ਅਤੇ ਗਤਕਾ ਜਥਿਆਂ ਨਾਲ ਚਿੱਟ ਝੰਡੇ ਲੈ ਕੇ ਜਲੂਸ ਵਿਚ ਸ਼ਾਮਲ ਹੋਈਆਂ । ਸਮਾਗਮ ਵਾਲੀ ਥਾਂ ਤੇ ਇਕ ਵੱਖਰਾ ਬਲਾਕ ਨਾਮਧਾਰੀ ਸੰਗਤਾਂ ਨਾਲ ਚਿਟ-ਚਟੈਨ ਹੋਇਆ ਿਆ ਸੀ । ਸਤਿਗੁਰੂ ਜੀ ਵਲੋਂ ਇਕ ਸੋਨੇ ਦਾ ਖੰਡਾ ਇਸ ਅਵਸਰ ਦੀ ਯਾਦਗਾਰੀ ਵਾਸਤੇ ਸ. ਸੁਰਿੰਦਰ ਸਿੰਘ ਨੇ ਮੁਖ ਮੰਤਰੀ ਸ. ਬਾਦਲ ਨੂੰ ਭੇਟ ਕੀਤਾ । ਇਸ ਦਿਨ ਦੀ ਕਾਰਵਾਈ ਦੂਰਦਰਸ਼ਨ ਤੇ ਨਾਲੋ ਨਾਲ ਪਰਸਾਰਤ ਹੋ ਰਹੀ ਸੀ । ਅਖਬਾਰਾਂ ਵਿਚ ਵੀ ਵਿਆਪਕ ਪਰਚਾਰ ਪਰਸਾਰ ਹੋਇਆ ਅਤੇ ਨਾਮਧਾਰੀ ਸੰਗਤਾਂ ਦੀ ਸ਼ਮੂਲੀਅਤ ਦੀ ਭਾਰੀ ਪਰਸੰਸਾ ਕੀਤੀ ਗਈ ।

## ੮੪ ਦੇ ਦੰਗਿਆਂ ਦੇ ਦੋਸ਼ੀ ਦੀ ਮੌਤ ਦੀ ਸਜ਼ਾ ਉਮਰ ਕੈਦ 'ਚ ਤਬਦੀਲ

ਸੁਪਰੀਮ ਕੋਰਟ ਨੇ ੧੯੮੪ ਦੇ ਸਿਖ ਵਿਰੋਧੀ ਦੰਗਿਆਂ ਦੇ ਦੋਸ਼ੀ ਕਿਸ਼ੋਰੀ ਨੂੰ ਦੋ ਮਾਮਲਿਆਂ ਵਿਚ ਸੁਣਾਈ ਗਈ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿਤਾ ਹੈ । ਦਿੱਲੀ ਹਾਈ ਕੋਰਟ ਵਲੋਂ ਪਹਿਲਾਂ ਉਸ ਵਿਰੁਧ ਚਲ ਰਹੇ ਸੱਤ ਮਾਮਲਿਆਂ ਵਿਚੋਂ ਤਿੰਨ ਵਿਚ ਮੌਤ ਦੀ ਸਜ਼ਾ ਦੀ ਪੁਸ਼ਟੀ ਕੀਤੀ ਹੋਈ ਸੀ । ਜਸਟਿਸ ਜੀ. ਟੀ. ਨਾਨਾਵਤੀ ਅਤੇ ਜਸਟਿਸ ਐਸ. ਰਾਜੇਂਦਰ ਬਾਬੂ ਤੇ ਅਧਾਰਤ ਦੋ ਜੱਜਾਂ ਦੇ ਬੈਂਚ ਨੇ ਉਸ ਵਲੋਂ ਆਪਣੀ ਸਜ਼ਾ ਵਿਰੁਧ ਦਾਇਰ ਦੋ ਅਪੀਲਾਂ ਨੂੰ ਰੱਦ ਕਰਦਿਆਂ ਕਿਹਾ ਕਿ ਸਮੁਚੇ ਹਾਲਾਤ ਨੂੰ ਵੇਖਦਿਆਂ ਸਾਡੀ ਇਹ ਰਾਏ ਹੈ ਕਿ ਇਹ ਇਕ ਅਜਿਹਾ ਮਾਮਲਾ ਨਹੀਂ ਹੈ, ਜਿਸ ਵਿਚ ਹੇਠਲੀਆਂ ਅਦਾਲਤਾਂ ਨੂੰ ਮੌਤ ਦੀ ਸਜ਼ਾ ਨਹੀਂ ਸੁਣਾਉਣੀ ਚਾਹੀਦੀ ਸੀ । ਅਪੀਲ-ਕਰਤਾ ਵਿਰੁਧ ਦਾਇਰ ਕੀਤੇ ਦੋਸ਼ਾਂ ਦੇ ਆਧਾਰ ਤੇ ਉਸਦੀ ਸਜ਼ਾ ਦੀ ਪੁਸ਼ਟੀ ਕਰਦਿਆਂ ਅਸੀਂ ਉਸ ਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਤਬਦੀਲ ਕਰ ਦਿਤਾ ਹੈ । ਅਦਾਲਤ ਨੇ ਕਿਹਾ ਕਿ ਕਿਸੇ ਵੀ ਗਵਾਹ ਨੇ ਇਹ ਬਿਆਨ ਨਹੀਂ ਦਿਤਾ ਕਿ ਕਿਸ਼ੋਰੀ ਉਸ ਭੀੜ ਦਾ ਆਗੂ ਸੀ ਜੋ ਪੂਰਬੀ ਦਿੱਲੀ ਵਿਚ ਤ੍ਰਿਲੋਕਪੁਰੀ ਵਿਚ ਵੱਡੇ ਪੱਧਰ ਤੇ ਦੰਗੇ ਕਰ ਰਹੀ ਸੀ, ਜਾਂ ਉਸ ਨੇ ਭੀੜ ਨੂੰ ਕੋਈ ਖਾਸ ਕਾਰਵਾਈ ਕਰਨ ਲਈ ਉਕਸਾਇਆ ।

## ਏਡਜ਼ ਦੇ ਖਾਤਮੇ ਲਈ ਵੱਖਰਾ ਏਡਜ਼ ਮੰਤਰਾਲਾ ਬਣਾਉਣ ਦੀ ਮੰਗ

ਮੁੰਬਈ—ਪਿਛਲੇ ੧੭ ਸਾਲਾਂ ਤੋਂ ਸਮੁਚੇ ਵਿਸ਼ਵ ਵਿਚ ਮਨੁਖਤਾ ਲਈ ਖ਼ਤਰਾ ਬਣ ਕੇ ਉੱਭਰੀ ਏਡਜ਼ ਬਿਮਾਰੀ ਦੇ ਮੁਕੰਮਲ ਖਾਤਮੇ ਲਈ ਵੱਡਾ ਹੰਭਲਾ ਮਾਰਨ ਖਾਤਰ ਭਾਰਤੀ ਸਿਹਤ ਸੰਸਥਾ (ਆਈ.ਐਚ.ਓ.) ਨੇ ਆਜ਼ਾਦਾਨਾ ਏਡਜ਼ ਮੰਤਰਾਲਾ ਕਾਇਮ ਕਰਨ ਲਈ ਕਿਹਾ ਹੈ । 'ਵਿਸ਼ਵ ਏਡਜ਼ ਸਪਤਾਹ' ਮੌਕੇ ਇਥੇ ਕਰਵਾਏ ਇਕ ਸਮਾਗਮ ਵਿਚ ਭਾਰਤੀ ਸਿਹਤ ਸੰਸਥਾ ਦੇ ਜਨਰਲ ਸਕੱਤਰ ਸ੍ਰੀ ਆਈ. ਐਸ. ਗਿਲਾਡਾ ਨੇ ਕਿਹਾ ਕਿ ਇਸ ਬਿਮਾਰੀ ਦਾ ਭਾਰਤ ਉਪਰ ਵੱਡਾ ਹਮਲਾ ਹੋ ਰਿਹਾ ਹੈ, ਜਿਸ ਨਾਲ ਦੇਸ਼ ਦੇ ਭਵਿਖ ਦੀ ਚਿੰਤਾ ਇਕ ਵਿਸ਼ਾ ਬਣਦੀ ਜਾ ਰਹੀ ਹੈ । ਇਸ ਨਾਲ ਦੇਸ਼ ਦੇ ਵਿਕਾਸ ਤੇ ਸਥਿਰਤਾ ਨੂੰ ਖ਼ਤਰਾ ਖੜ੍ਹਾ ਹੋ ਸਕਦਾ ਹੈ ।

ਆਈ. ਐਚ. ਓ. ਵਲੋਂ ਜਾਰੀ ਅੰਕੜਿਆਂ ਮੁਤਾਬਿਕ ਸੰਨ ੨੦੦੧ ਤਕ ਭਾਰਤ ਵਿਚ ਕਰੀਬ ੨ ਕਰੋੜ ਵਿਅਕਤੀ ਐਚ. ਆਈ. ਵੀ. ਤੋਂ ਪ੍ਰਭਾਵਿਤ ਹੋ ਜਾਣਗੇ ਅਤੇ ਲਗਪਗ ੬੦੦੦ ਵਿਅਕਤੀ ਮੌਤ ਦੇ ਮੂੰਹ 'ਚ ਜਾ ਪੈਣਗੇ ਜਿਸ ਕਰਕੇ ੩੦੦੦ ਔਰਤਾਂ ਵਿਧਵਾਵਾਂ ਹੋ ਜਾਣਗੀਆਂ ਅਤੇ ੧੦,੦੦੦ ਦੇ ਲਗਪਗ ਬੱਚੇ ਯਤੀਮ ਹੋ ਜਾਣਗੇ । ਇਸੇ ਕਾਰਨ ਹੀ ਭਾਰਤ ਨੂੰ ਸਮਾਜਿਕ ਤੇ ਆਰਥਿਕ ਹਾਨੀ ਹੋਵੇਗੀ ਅਤੇ ਭਵਿੱਖ ਵਿਚ ਵਪਾਰਕ ਰੋਕਾਂ ਵੀ ਲਗ ਸਕਦੀਆਂ ਹਨ । 'ਵਿਸ਼ਵ ਏਡਜ਼ ਦਿਵਸ ੯੮' ਮੌਕੇ ਜਾਰੀ ਸਾਲਾਨਾ ਰਿਪੋਰਟ ਤੋਂ ਪਤਾ ਲਗਦਾ ਹੈ ਕਿ ਪਿਛਲੇ ਸਾਲ ਨਾਲੋਂ ਐਚ. ਆਈ. ਵੀ. ਪੀੜਤਾਂ ਦੀ ਗਿਣਤੀ ੧੦ ਫ਼ੀਸਦੀ ਵਧੀ ਹੈ । ਇਸ ਮੌਕੇ ਸਮੁਚੇ ਵਿਸ਼ਵ ਵਿਚ ੩ ਕਰੋੜ ੩੪ ਲਖ ਵਿਅਕਤੀ ਐਚ. ਆਈ. ਵੀ. ਤੋਂ ਪੀੜਤ ਹਨ । ਹਰ ਮਿੰਟ ਪਿਛੋਂ ਗਿਆਰਾਂ ਨਵੇਂ ਵਿਅਕਤੀ ਇਸ ਵਾਇਰਸ ਤੋਂ ਪੀੜਤ ਹੋ ਜਾਂਦੇ ਹਨ ਅਤੇ ਇਕ ਦਿਨ ਵਿਚ ਸਮੁਚੇ ਵਿਸ਼ਵ ਅੰਦਰ ੧੫੮੪੦ ਵਿਅਕਤੀਆਂ ਨੂੰ ਐਚ. ਆਈ. ਵੀ. ਵਾਇਰਸ



Sri Satguru Jagjit Singh Ji eLibrary NamdhariElibrary@gmail.com

ਦਾ ਰੋਗ ਲੱਗ ਜਾਂਦਾ ਹੈ। ਇਸੇ ਤਰ੍ਹਾਂ ਵਧ ਰਹੇ ਵਾਇਰਸ ਨਾਲ ਸਾਲ ਵਿਚ ੫੭੯੧੬੦੦ ਵਿਅਕਤੀ ਇਸ ਤੋਂ ਪੀੜਤ ਹੋ ਜਾਂਦੇ ਹਨ।

ਐਚ. ਆਈ. ਵੀ. ਨਾਲ ਭਾਰਤ ਵਿਚ ਹਰ ਮਿੰਟ ਵਿਚ ਤਿੰਨ ਅਤੇ ਰੋਜ਼ਾਨਾ ੭੦੦੦ ਵਿਅਕਤੀ ਪੀੜਤ ਹੋ ਜਾਂਦੇ ਹਨ ਜੋ ਪੂਰੀ ਉਮਰ ਭੋਗਣ ਤੋਂ ਪਹਿਲਾਂ ਹੀ ਦਮ ਤੋੜ ਜਾਣਗੇ ਅਤੇ ਆਪਣੇ ਪਿੱਛੇ ਵਿਲਕਦੇ ਨਿਆਣੇ, ਬਜ਼ੁਰਗ ਮਾਂ-ਪਿਓ ਤੇ ਪਤਨੀ ਸਮੇਤ ਜ਼ਿੰਦਗੀ 'ਚ ਸਿਰਜੇ ਸੁਪਨੇ ਅਧੂਰੇ ਛੱਡ ਜਾਣਗੇ। ਆਈ. ਐਚ. ਓ. ਇਕ ਗੈਰ-ਸਰਕਾਰੀ ਸੰਸਥਾ ਹੈ ਜਿਸ ਦੇ ਅੰਦਾਜ਼ੇ ਮੁਤਾਬਕ ਭਾਰਤ ਵਿਚ ਏਡਜ਼ ਦੇ ਕਰੀਬ ੮ ਲਖ ਕੇਸ ਹਨ ਅਤੇ ੯੦ ਲਖ ਤੋਂ ਇਕ ਕਰੋੜ ਦੇ ਦਰਮਿਆਨ ਐਚ. ਆਈ. ਵੀ. ਪੀੜਤ ਵਿਅਕਤੀ ਹਨ।

ਡਾ. ਗਿਲਾਡਾ ਨੇ ਕਿਹਾ ਕਿ ਆਈ. ਐਚ. ਓ. ਨੇ ਇਕ ਨੀਤੀ ਤਿਆਰ ਕੀਤੀ ਹੈ ਜਿਸ ਤਹਿਤ ਏਡਜ਼ ਵਿਰੁਧ ਜਾਗਰੂਕਤਾ ਪੈਦਾ ਕਰਨ ਲਈ ਨੌਜਵਾਨਾਂ ਨੂੰ ਅੱਗੇ ਲਿਆਉਣਾ ਅਤੇ ਇਸ ਮਹਾਂਮਾਰੀ ਦੀ ਰੋਕਥਾਮ ਤੇ ਹੋਰ ਢੰਗ ਤਰੀਕਿਆਂ ਨੂੰ ਸੁਚਾਰੂ ਰੂਪ 'ਚ ਚਲਾਉਣ ਲਈ ਵੱਖਰਾ ਏਡਜ਼ ਮੰਤਰਾਲਾ ਕਾਇਮ ਕਰਨ ਦਾ ਸੁਝਾਅ ਦਿਤਾ ਗਿਆ ਹੈ।

## ਇਕ ਪੁਸਤਕ ਇਕੱਤੀ ਕ੍ਰੋੜ ਤੋਂ ਵੱਧ ਦੀ

ਇਸ ਗੱਲ 'ਤੇ ਯਕੀਨ ਕਰਨਾ ਔਖਾ ਹੈ ਕਿ ਇਕ ਪੁਸਤਕ ਅਤੇ ਉਹ ਵੀ ਪੁਰਾਣੀ ਪੁਸਤਕ ਦੀ ਕੋਈ ਕਾਪੀ ੩੧ ਕਰੋੜ ੬੩ ਲੱਖ ਰੁਪਏ ਦੀ ਵਿਕੇ। ਪਰ ਇਹ ਸੱਚੀ ਗੱਲ ਹੈ।

ਲੰਡਨ ਦੀ ਪੁਰਾਣੀਆਂ ਵਸਤਾਂ ਵੇਚਣ ਵਾਲੀ ਇਕ ਫਰਮ 'ਕ੍ਰਿਸਟੀਜ਼' ਨੇ ਅੰਗਰੇਜ਼ ਵਿਦਵਾਨ ਚੌਸਰ ਦੀ ਵਿਕਣ ਵਾਸਤੇ ਆਈ ਪੁਸਤਕ "ਕੈਂਟਰਬਰੀ ਟੇਲਜ਼" ਦੀ ਪਹਿਲੀ ਛਾਪ ਦੀ ਪੁਸਤਕ ੭੫ ਲੱਖ ੩੦ ਹਜ਼ਾਰ ਡਾਲਰ ਵਿਚ ਵੇਚੀ ਹੈ। ਇਹ ਪੁਸਤਕ ਸੰਨ ੧੪੭੬-੭੭ ਵਿਚ ਪ੍ਰਕਾਸ਼ਤ ਹੋਈ ਸੀ। ਇਸ ਪੁਸਤਕ ਦੀ ਬੋਲੀ ਹੋਈ ਅਤੇ ਹੁਣ ਤਕ ਦੇ ਸੰਸਾਰ ਰਿਕਾਰਡ ਅਨੁਸਾਰ ਇਹ ਬੋਲੀ ਸਭ ਤੋਂ ਉਪਰ ਗਈ ਗਈ ਹੈ। ਇਸ ਤੋਂ ਪਹਿਲਾਂ ਇਕ ਬਾਈਬਲ ਜੋ ਸੰਨ ੧੪੫੫ ਦੀ ਛੱਪੀ ਹੋਈ ਸੀ ੧੯੮੭ ਵਿਚ ਨਿਊਯਾਰਕ ਵਿਚ ਇਕ ਬੋਲੀ ਸਮੇਂ ੨੨ ਕਰੋੜ ੬ ਲੱਖ ਰੁਪਏ (੫੩ ਲੱਖ ਡਾਲਰ ਦੀ ਹੀ ਵਿਕੀ ਸੀ।

## ਪਾਕਿਸਤਾਨ ਵਿਚ ਵਿਆਹਾਂ ਮੌਕੇ ਸਿਰਫ ਚਾਹ ਅਤੇ ਠੰਢਾ ਪੀਣ ਦੀ ਖੁਲ੍ਹ !

ਇਸਲਾਮਾਬਾਦ——ਪਾਕਿਸਤਾਨ ਅੰਦਰ ਵਿਆਹ ਦੀਆਂ ਪਾਰਟੀਆਂ ਮੌਕੇ ਖਾਣ-ਪੀਣ ਉਪਰ ਖੁਲ੍ਹਾ-ਡੁਲ੍ਹਾ ਖਰਚਾ ਕਰਨਾ ਇਕ ਬੀਤੇ ਦੀ ਗੱਲ ਬਣ ਕੇ ਰਹਿ ਗਈ, ਕਿਉਂਕਿ ਸਰਕਾਰ ਨੇ ਵਿਆਹ ਮੌਕੇ ਅਜਿਹੀਆਂ ਪਾਰਟੀਆਂ ਵਿਚ ਵਰਤਦੇ ਖਾਣੇ ਦੀ ਸੂਚੀ ਉਪਰ ਅਗਲੇ ਤਿੰਨ ਮਹੀਨਿਆਂ ਲਈ ਪਾਬੰਦੀ ਹੋਰ ਵਧਾ ਦਿਤੀ। ਇਸ ਤਰ੍ਹਾਂ ਹੁਣ ਵਿਆਹ ਵਿਚ ਆਏ ਮੇਲੀਆਂ ਨੂੰ ਸਿਰਫ ਚਾਹ ਦੇ ਕੱਪ ਜਾਂ ਠੰਢੇ (ਕੋਲਡ ਡਰਿੰਕ) ਪੀ ਕੇ ਹੀ ਵਿਆਹ ਦੇਖਣਾ ਪਵੇਗਾ। ਪ੍ਰਧਾਨ ਮੰਤਰੀ ਮੀਆਂ ਨਵਾਜ਼ ਸ਼ਰੀਫ ਨੇ ਦੇਸ਼ ਅੰਦਰ ਮਾਲੀ ਸਥਿਰਤਾ ਲਈ ਦੋ ਸਾਲ ਪਹਿਲਾਂ ਅਜਿਹੇ ਖਰਚਿਆਂ ਨੂੰ ਫਜ਼ੂਲ-ਖਰਚੀ ਕਰਾਰ ਦੇ ਕੇ ਰੋਕ ਦਿਤਾ ਸੀ।

ਸਰਕਾਰੀ ਸੂਤਰਾਂ ਅਨੁਸਾਰ ਸਰਕਾਰ ਨੇ ਅਜਿਹੀਆਂ ਪਾਰਟੀਆਂ ਦੇ ਆਯੋਜਿਨ ਸਮੇਂ ਉਪਰ ਵੀ ਪਾਬੰਦੀਆਂ ਲਾ ਦਿਤੀਆਂ ਹਨ। ਇਸ ਤਰ੍ਹਾਂ ਹੁਣ ਸਿਰਫ 'ਅਸਾਰ' ਅਤੇ 'ਮਗਰਬ' ਦੀ ਨਮਾਜ਼ ਦੇ ਵਿਚਕਾਰ (ਭਾਵ ਦੁਪਹਿਰ ਪਿਛੋਂ ਪਰ ਸੂਰਜ ਡੁੱਬਣ ਤੋਂ ਪਹਿਲਾਂ) ਹੀ ਅਜਿਹੀ ਪਾਰਟੀ ਕੀਤੀ ਜਾ ਸਕੇਗੀ। ਇਹਨਾਂ ਸਰਕਾਰੀ ਹੁਕਮਾਂ ਦੀ ਉਲੰਘਣਾ ਕਰਨ ਵਾਲਿਆਂ ਨੂੰ ਸਜ਼ਾ ਸਮੇਤ ਜੁਰਮਾਨਾ ਕਰਨ ਦੀ ਸਖਤ ਤਾੜਨਾ ਕੀਤੀ ਗਈ ਹੈ।

## ਜਲੰਧਰ ਵਿਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਪੁਰਬ

ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਪ੍ਰਕਾਸ਼ ਉਤਸਵ ਸ਼ਰਧਾ ਅਤੇ ਉਤਸ਼ਾਹ ਨਾਲ ਭਰਪੂਰ ਹਾਜ਼ਰੀ ਵਿਚ ਮਿਤੀ ੨੯-੧੧-੯੮ ਨੂੰ ਨਾਮਧਾਰੀ ਵਿਦਿਅਕ ਜੱਥਾ (ਲੜਕੇ ਅਤੇ ਬੀਬੀਆਂ) ਜਲੰਧਰ ਸ਼ਹਿਰ ਵਲੋਂ ਨਾਮਧਾਰੀ ਗੁਰਦੁਆਰਾ ਬਸਤੀ ਭੂਰੇ ਖਾਂ ਪ੍ਰੀਤ ਨਗਰ ਸੋਡਲ ਰੋਡ, ਜਲੰਧਰ ਸ਼ਹਿਰ ਵਿਖੇ ਮਨਾਇਆ ਗਿਆ।

ਅਮ੍ਰਿਤ ਵੇਲੇ ਆਸਾ ਜੀ ਦੀ ਵਾਰ ਦਾ ਕੀਰਤਨ ਸੰਤ ਬਲਬੀਰ ਸਿੰਘ, ਸੰਤ ਜਗਦੀਸ਼ ਸਿੰਘ, ਸੰਤ ਸੁਖਦੇਵ ਸਿੰਘ ਜੀ ਅਤੇ ਸਹਿਯੋਗੀ ਜੱਥੇ ਨੇ ਲਗਾਈ। ਉਪਰੰਤ ਪਾਠ ਦਾ ਭੋਗ ਪਾਇਆ ਗਿਆ। ਇਸ ਸ਼ੁਭ ਦਿਨ ਉਚਕੋਟੀ ਦੇ ਵਿਦਵਾਨ, ਪ੍ਰਚਾਰਕ, ਜੱਥੇਦਾਰ, ਕੀਰਤਨੀਏ, ਕਵੀਆਂ ਨੇ ਆਪਣੇ ਪ੍ਰੀਤਮ ਪਿਆਰੇ ਦੀ ਸਿਫਤ ਵਿਚ ਆਪਣੀ ਵਿਦਿਆ



Sri Satguru Jagjit Singh Ji eLibrary NamdhariElibrary@gmail.com

ਰਾਹੀਂ, ਗੁਰਬਾਣੀ ਰਾਹੀਂ, ਸੰਗੀਤ ਵਿਦਿਆ ਰਾਹੀਂ ਖੁਸ਼ੀ ਇਜ਼ਹਾਰ ਕਰਦਿਆਂ ਸਾਧ ਸੰਗਤ ਨੂੰ ਨਿਹਾਲ ਕੀਤਾ। ਪ੍ਰੋਫੈਸਰ ਕਿਰਪਾਲ ਸਿੰਘ ਜੀ, ਸੰਤ ਬਲਬੀਰ ਸਿੰਘ, ਸੰਤ ਪ੍ਰਿਤਪਾਲ ਸਿੰਘ ਜੀ ਦੇ ਸਹਿਯੋਗੀ ਜਥੇ ਨੇ ਆਪਣੀ ਸ਼ਾਸਤਰੀ ਰਾਗ ਵਿਦਿਆ ਰਾਹੀਂ ਸਤਿਗੁਰੂ ਜੀ ਦੀ ਉਪਮਾ ਕੀਤੀ ਅਤੇ ਸਾਧ ਸੰਗਤ ਦਾ ਮਨ ਪ੍ਰਸੰਨ ਕੀਤਾ। ਜਥੇਦਾਰ ਅਵਤਾਰ ਸਿੰਘ ਜੀ ਨੇ ਹੱਲੇ ਦਾ ਦੀਵਾਨ ਸਜਾ ਕੇ ਸਤਿਗੁਰੂ ਜੀ ਦੇ ਜੀਵਨ ਉਪਦੇਸ਼ਾਂ ਤੇ ਰੌਸ਼ਨੀ ਪਾਉਂਦਿਆਂ ਹੋਇਆਂ ਸਤਿਗੁਰੂ ਜੀ ਦੀ ਦੱਸੀ ਹੋਈ ਮਰਿਯਾਦਾ ਤੇ ਚੱਲਣ ਲਈ ਪ੍ਰੇਰਨਾ ਦਿਤੀ। ਨਾਮਧਾਰੀ ਵਿਦਿਅਕ ਜਥਾ (ਲੜਕੇ ਅਤੇ ਬੀਬੀਆਂ) ਜਲੰਧਰ ਸ਼ਹਿਰ ਦੇ ਤਕਰੀਬਨ ੪੦ ਬੱਚਿਆਂ ਨੇ ਵਾਰੋ ਵਾਰੀ ਦਿਲਚਸਪ ਗੁਲਦਸਤੇ ਰੂਪੀ ਪ੍ਰੋਗਰਾਮ ਨਾਲ ਆਪਣੀ ਆਪਣੀ ਮੱਤ ਬੁੱਧੀ ਅਨੁਸਾਰ ਕਵਿਤਾਵਾਂ, ਭਾਸ਼ਨ ਦੀਵਾਨ ਕੀਰਤਨ ਕਰਕੇ ਸਾਧ ਸੰਗਤ ਦੀ ਭਰਪੂਰ ਹਾਜ਼ਰੀ ਵਿਚ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਉਪਮਾ ਆਪਣੇ-ਆਪਣੇ ਅੰਦਾਜ਼ ਵਿਚ ਕਰਕੇ ਸਾਧ ਸੰਗਤ ਦਾ ਮਨ ਮੋਹ ਲਿਆ। ਸੰਤ ਲਛਮਣ ਦਾਸ ਜੀ ਭਵਾਨੀਪੁਰ ਨੇ ਸਾਧ ਸੰਗਤ ਜੀ ਦੀ ਹਾਜ਼ਰੀ ਵਿਚ ਆਪਣੇ ਵਿਚਾਰਾਂ ਰਾਹੀਂ ਸਦਾ ਹੀ ਨਾਮਧਾਰੀ ਮਰਿਯਾਦਾ ਵਿਚ ਰਹਿਣ ਲਈ ਵਚਨਬੱਧ ਕੀਤਾ ਅਤੇ ਕਵੀ ਸ. ਸੁਜਾਨ ਸਿੰਘ ਸੁਜਾਨ ਨੇ ਇਹ ਸ਼ੁਭ ਦਿਨ ਮਨਾਉਂਦਿਆਂ ਹੋਇਆਂ ਆਪਣੀ ਮਨ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਮਾਨਯੋਗ ਜਥੇਦਾਰ ਇਕਬਾਲ ਸਿੰਘ ਜੀ ਨੇ ਹੱਲੇ ਦਾ ਦੀਵਾਨ ਸਜਾਉਂਦਿਆਂ ਹੋਇਆਂ ਸਤਿਗੁਰੂ ਜੀ ਦੇ ਜੀਵਨ ਉਪਦੇਸ਼ਾਂ ਤੇ ਅਨੇਕਾਂ ਹੀ ਪ੍ਰਮਾਣ ਦੇ ਕੇ ਸਤਿਗੁਰਾਂ ਦੇ ਦੱਸੇ ਹੋਏ ਮਾਰਗ ਤੇ ਚੱਲਣ ਲਈ ਸਾਧ ਸੰਗਤ ਨੂੰ ਪ੍ਰੇਰਿਆ। ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸੰਤ ਜਗਦੀਸ਼ ਸਿੰਘ ਜੀ (ਸੰਪਾਦਕ ਵਰਿਆਮ) ਨੇ ਆਪਣੇ ਵਿਚਾਰਾਂ ਰਾਹੀਂ ਨਾਮਧਾਰੀ ਵਿਦਿਅਕ ਜਥਾ ਜਲੰਧਰ ਸ਼ਹਿਰ ਨੂੰ ਪ੍ਰੋਗਰਾਮ ਆਯੋਜਨ ਕਰਨ ਵਾਸਤੇ ਮਰਿਯਾਦਾ ਵਿਚ ਰਹਿੰਦੇ ਹੋਇਆਂ ਇਸੇ ਤਰ੍ਹਾਂ ਹੀ ਦਿਨ-ਤਿਉਹਾਰ ਭਰਪੂਰ ਹਾਜ਼ਰੀ ਨਾਲ ਮਨਾਉਂਦਿਆਂ ਵਿਦਿਅਕ ਜਥੇ ਨੂੰ ਦਿਨ ਦੁਗਣੀ ਰਾਤ ਚੌਗਣੀ ਤਰੱਕੀ ਕਰਨ ਲਈ ਪ੍ਰੇਰਨਾ ਦਿਤੀ ਅਤੇ ਵਿਦਿਅਕ ਜਥੇ ਦਾ ਹੌਸਲਾ ਵਧਾਇਆ। ਨਾਮਧਾਰੀ ਵਿਦਿਅਕ ਜਥਾ ਜਲੰਧਰ ਸ਼ਹਿਰ ਵਲੋਂ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਲਾਇਬਰੇਰੀ ਦਾ ਸ਼ੁਭ ਆਰੰਭ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਓਟ ਆਸਰਾ ਲੈਕੇ ਕੀਤਾ, ਜਿਸ ਦਾ ਉਦਘਾਟਨ ਸੰਤ ਜਗਦੀਸ਼ ਸਿੰਘ ਸੰਪਾਦਕ ਵਰਿਆਮ ਨੇ ਕੀਤਾ।

ਵਿਦਿਅਕ ਜਥਾ ਜਲੰਧਰ ਸ਼ਹਿਰ ਵਲੋਂ ਹੀ ਦਸ਼ਮੇਸ਼ ਅਜਾਇਬ ਘਰ ਦਾ ਉਦਘਾਟਨ ਸਤਿਕਾਰਯੋਗ ਪ੍ਰਧਾਨ ਸੰਤ ਸੁਰਜੀਤ ਸਿੰਘ ਜੀ ਨੇ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੇ ਚਾਹਟੇ ਦਾ ਲੰਗਰ ਅਤੁਟ ਵਰਤਾਇਆ ਗਿਆ। ਇਸ ਸਾਰੇ ਪ੍ਰੋਗਰਾਮ ਦਾ ਵਾਤਾਵਰਣ ਸ਼ਾਂਤਮਈ ਅਤੇ ਸੁਹਾਵਣਾ ਸੀ ਅਤੇ ਦੀਪਮਾਲਾ ਵੀ ਕੀਤੀ ਗਈ।

ਸ਼ਾਮ ਵੇਲੇ ਨਿਤਨੇਮ ਤੋਂ ਬਾਅਦ ਸੰਤ ਚੰਨਣ ਸਿੰਘ ਗਦਾਈਪੁਰ ਨੇ ਹੱਲੇ ਦਾ ਦੀਵਾਨ ਲਗਾਇਆ। ਉਹਨਾਂ ਨੇ ਆਪਣੇ ਪ੍ਰਮਾਣਾਂ ਰਾਹੀਂ ਆਖਿਆ ਹਾਜ਼ਰ ਸਤਿਗੁਰੂ ਤੋਂ ਨਾਮ ਦੀ ਪ੍ਰਾਪਤੀ ਕਰਕੇ ਉਸਦੀ ਦੱਸੀ ਹੋਈ ਮਰਿਯਾਦਾ ਅਨੁਸਾਰ ਸੁੱਚ ਸੋਧ ਰਖੇ ਅਤੇ ਰਸਨਾ ਹਿਲਾ ਕੇ ਮਾਲਾ ਨਾਲ ਭਜਨ ਕਰੇ ਗੁਰੂ ਦੇ ਬਚਨਾਂ ਦਾ ਪਾਲਣ ਕਰੇ ਉਹੀ ਜੀਵ ਹੀ ਮੁਕਤੀ ਪ੍ਰਾਪਤ ਕਰ ਸਕਦਾ ਹੈ। ਸਤਿਕਾਰਯੋਗ ਸੂਬਾ ਸੁਰਜੀਤ ਸਿੰਘ (ਕੁਤਬੇਵਾਲ), ਸੂਬਾ ਜਸਬੀਰ ਸਿੰਘ (ਫਗਵਾੜਾ) ਜੀ ਨੇ ਆਪਣੇ ਵਿਚਾਰਾਂ ਰਾਹੀਂ ਨਾਮਧਾਰੀ ਵਿਦਿਅਕ ਸਭਾ ਜਲੰਧਰ ਸ਼ਹਿਰ ਨੂੰ ਇਸੇ ਤਰ੍ਹਾਂ ਸੇਵਾ ਭਾਵਨਾ ਅਤੇ ਨਿਮਰਤਾ ਸਹਿਤ ਰਹਿਣ ਦੀ ਪ੍ਰਰਨਾ ਦਿਤੀ।

ਰਾਤ ਦੇ ਦੀਵਾਨ ਦੀ ਸਮਾਪਤੀ ਜਥੇਦਾਰ ਇਕਬਾਲ ਸਿੰਘ ਜੀ ਨੇ ਦੀਵਾਨ ਲਗਾ ਕੇ ਕੀਤੀ ਅਤੇ ਉਸ ਬਾਦ ਇਨਾਮ ਵੰਡ ਸਮਾਰੋਹ ਹੋਇਆ। ਅੰਮ੍ਰਿਤਸਰ ਵਿਚ ਹੋਏ ਮਿੰਨੀ ਸੰਮੇਲਨ ਵਿਚ ਪੰਜ ਜ਼ਿਲਿਆਂ ਨੇ ਭਾਗ ਲਿਆ, ਅਤੇ ਕੁਲ ੨੦੦ ਡੈਲੀਗੇਟਸ ਆਏ ਸਨ। ਜਲੰਧਰ ਸ਼ਹਿਰ ਦੇ ਤਕਰੀਬਨ ੧੦੦ ਡੈਲੀਗੇਟਸ ਪਹੁੰਚੇ। ਵਿਦਿਅਕ ਜਥਾ (ਲੜਕੇ ਅਤੇ ਬੀਬੀਆਂ) ਜਲੰਧਰ ਸ਼ਹਿਰ ਨੇ ਪੂਰੀ ਮਰਿਯਾਦਾ ਪੂਰੀ ਇਕੱਤਰਤਾ ਵਿਚ ਰਹਿਕੇ ਹਰ ਪ੍ਰੋਗਰਾਮ ਵਿਚ ਸਮੇਂ ਸਿਰ ਬੈਠ ਕੇ ਹਿੱਸਾ ਲਿਆ ਅਤੇ ਸਭ ਤੋਂ ਵਧ ਇਨਾਮ ਪ੍ਰਾਪਤ ਕੀਤੇ। ਇਸ ਗੱਲ ਨੂੰ ਮੱਦੇ-ਨਜ਼ਰ ਰੱਖਦੇ ਹੋਏ ਅਤੇ ਇਸ ਸ਼ੁਭ ਦਿਨ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਨਾਮਧਾਰੀ ਦਰਬਾਰ ਦੇ ਜਨਰਲ ਸਕੱਤਰ ਸੰਤ ਜਗਦੀਸ਼ ਸਿੰਘ (ਸੰਪਾਦਕ ਵਰਿਆਮ) ਨੇ ਬੱਚਿਆਂ ਨੂੰ ਇਨਾਮ ਦੇ ਕੇ ਮਾਣ ਬਖਸ਼ਿਆ ਅਤੇ ਨਾਮਧਾਰੀ 'ਵਿਦਿਅਕ ਜਥਾ ਜਲੰਧਰ ਸ਼ਹਿਰ ਦੀ ਚੜ੍ਹਦੀ ਕਲਾ ਵਾਸਤੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਚਰਨਾਂ ਵਿਚ ਅਰਦਾਸ ਕੀਤੀ।

— **ਸੁਰਿੰਦਰ ਸਿੰਘ**
ਪ੍ਰਧਾਨ, ਨਾਮਧਾਰੀ ਵਿਦਿਅਕ ਜਥਾ
ਜਲੰਧਰ ਸ਼ਹਿਰ



Sri Satguru Jagjit Singh Ji eLibrary NamdhariElibrary@gmail.com

ਹਰ ਤਰ੍ਹਾਂ ਦੇ ਸੰਗੀਤ ਦੇ ਸਾਜ਼ਾਂ ਵਾਸਤੇ
ਸਿਤਾਰ ਅਤੇ ਤਾਨਪੁਰਾ ਦੇ ਮਾਹਰ



## ਗੁਰਦਿਆਲ ਸਿੰਘ ਐਂਡ ਸਨਜ਼

ਫਗਵਾੜਾ ਗੇਟ, ਜਲੰਧਰ ਫੋਨ 59869

ਬਾਜ਼ਾਰ ਨਾਲੋਂ ਸਸਤੀ ਅਤੇ ਵਧੀਆ ਕਿਸਮ ਦੀ
ਹਰ ਕਿਸਮ ਦੀ ਲੱਕੜ
ਆਸਾਮ ਸਾਗਵਾਨ, ਚਾਂਪ, ਦਿਓਦਾਰ, ਕੈਲ,
ਪੜਤਲ, ਚੀਲ੍ਹ ਆਦਿ ਵੇਚਣ ਵਾਲੇ

## ਦਲੀਪ ਸਿੰਘ ਪੂਰਨ ਸਿੰਘ ਸੱਗੂ

(ਟਿੰਬਰ ਮਰਚੈਂਟਸ)

**Dalip Singh Puran Singh Saggu**
[TIMBER MERCHANTS]

ਪੁਰਾਣੀ ਰੇਲਵੇ ਰੋਡ, ਜਲੰਧਰ ਸ਼ਹਿਰ

Phone : 58795, 59056
Mobile Phone 9814028099

ਫੈਂਸੀ ਬਿਲਡਿੰਗ ਮੈਟੀਰੀਅਲ, ਤਾਲੇ ਅਤੇ ਹੋਰ
ਹਾਰਡਵੇਅਰ ਦੇ ਸਮਾਨ ਵਾਸਤੇ ਯਾਦ ਰਖੋ
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਅਤੇ ਲਕੜੀ ਦਾ
ਵਧੀਆ ਇਮਾਰਤੀ ਸਮਾਨ ਤਿਆਰ ਕਰਨ ਵਾਲੇ

## ਹਰਭਜਨ ਵੁੱਡ ਵਰਕਸ

ਅਕਹਿਰੀ ਪੁਲੀ, ਜਲੰਧਰ-੧੪੪੦੦੪.
ਫੋਨ 238784

ਹਰ ਪ੍ਰਕਾਰ ਦੀਆਂ ਚੁਗਾਠਾਂ, ਜੋੜੀ ਪੱਲੇ ਅਤੇ ਹੋਰ
ਲੱਕੜੀ ਦੇ ਤਸੱਲੀਬਖਸ਼ ਕੰਮ ਵਾਸਤੇ
ਦਰਸ਼ਨ ਦਿਓ

## ਬਚਨ ਸਿੰਘ ਐਂਡ ਸਨਜ਼

*ਨਿਊ ਟਿੰਬਰ ਮਾਰਕੀਟ,*
*ਅਕਹਿਰੀ ਪੁਲੀ, ਜਲੰਧਰ ਸ਼ਹਿਰ*
ਫੋਨ ਨੰ: 232990

JANTA
HYDRAULIC PRESSES



JANTA ENGG. WORKS
P.O. MOHAN NAGAR
RAJENDRA NAGAR
INDUSTRIAL AREA,
GHAZIABAD-210 007 (U.P.)
PHONE: OFF: 8-63455
RESI: 5412951
8-64574

MFRS. OF:
HYDRAULIC PRESSES FOR THE USE OF
- RUBBER MOULDING
- CONVEYOR & TRANSMISSION BELTING
- PLYWOOD HOT PRESSES
- DEEP DRAWING
- CLUTCH FACING & BRAKE LINING

ਹਰ ਕਿਸਮ ਦੀ ਲੱਕੜ ਖਰੀਦਣ ਵਾਸਤੇ ਅਤੇ ਚੌਗਾਠਾਂ,
ਦਰਵਾਜ਼ੇ, ਖਿੜਕੀਆਂ, ਰੌਸ਼ਨਦਾਨ ਬਣਵਾਉਣ ਲਈ ਅਤੇ
ਵਧੀਆ ਕਿਸਮ ਦਾ ਇਮਾਰਤੀ ਸਾਮਾਨ ਖਰੀਦਣ ਲਈ

## ਹਜ਼ੂਰ ਸਿੰਘ ਐਂਡ ਸਨਜ਼

(ਪਾਰਟਨਰ ਹਜ਼ੂਰ ਸਿੰਘ ਜਸਬੀਰ ਸਿੰਘ)
ਅਕਹਿਰੀ ਪੁਲੀ, ਜਲੰਧਰ ਸ਼ਹਿਰ
ਵਾਡਿਆਂ ਦੀ ਦੁਕਾਨ ਤੇ ਦਰਸ਼ਨ ਦਿਓ ਤੇ ਲਾਭ ਉਠਾਓ



Sri Satguru Jagjit Singh Ji eLibrary NamdhariElibrary@gmail.com

Gram : 'SNIPER'

Hello : 431367

*Reputed Manufacturers of :*

**Superior Quality**

**SINGLE BARREL**

**&**

**DOUBLE BARREL**

**B. L. — 12 BORE**

**GUNS**

# MODERN GUN WORKS

OPP. INDUSTRIAL ESTATE,
JAMMU CANTT.

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਨਵੇਂ ਨਵੇਂ ਵੰਨ-ਸੁਵੰਨੇ ਡਿਜ਼ਾਈਨਾਂ ਵਿਚ ਤਿਆਰ ਕੀਤੇ ਹੋਏ
ਚਮਕਦਾਰ ਅਤੇ ਪੱਕੇ ਰੰਗਾਂ ਵਾਲੇ

**ਫ਼ਰਸ਼ੀ ਦਰੀਆਂ ਅਤੇ ਗ਼ਲੀਚੇ**

ਨਿਰਮਾਤਾ :

# ਨਾਮਧਾਰੀ ਸੇਲਜ਼

੧੦੨੪੦/੫੪ ਲਾਇਬ੍ਰੇਰੀ ਰੋਡ, ਆਜ਼ਾਦ ਮਾਰਕੀਟ, ਦਿੱਲੀ—੧੧੦੦੦੬

**Furshi Durries & Carpets**

*in Bright & Fast Colours*

*Manufactuers :*

# Namdhari Sales

10240/54, Library Road, Azad Market, Delhi-11006




Sri Satguru Jagjit Singh Ji eLibrary NamdhariElibrary@gmail.com

Registered No. PB/JL-253/99 **MONTHLY WARIAM**, Ladowali Road, Jalandhar-144 001
Registered with the Reigstrar of News Papers for India No. 26453/75 **JAN. 1999**

ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

## ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਡੀਜ਼ਾਇਨਾਂ ਤੇ ਗਰੰਟੀ ਸ਼ੁਦਾ ਪੱਕੇ ਰੰਗਾਂ ਵਿਚ
ਬਣੇ ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ ਫਰਨੀਚਰ
ਲਈ ਪਧਾਰੋ ਜਾਂ ਲਿਖੋ

# ਨਾਮਧਾਰੀ ਏਜੰਸੀਜ਼

੨/੨੦੬੮, ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ, ਚਾਂਦਨੀ ਚੌਕ, ਦਿੱਲੀ-੧੧੦੦੦੬

Manufacturers & Suppliers of :

**TUKRIDAR PRINTED SHAMIANAS & KANATS IN ATTRACTIVE AND GUARNTEED FAST COLOURS, WOODEN & STEEL FURNITURE & PADESTAL FANS ETC.**

*Please Contact :*

**Office : 2968411, 2961345 Resi : 6845441**

# NAMDHARI AGENCIES

2/2068,CHAH ANDARA, (BEHIND JUBILEE CINEMA)
CHANDNI CHOWK, DELHI–110006

Sri Satguru Jagjit Singh Ji eLibrary NamdhariElibrary@gmail.com